Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.
# ਪੰਜਾਬ ਮੇਲ
Punjab Mail USA
Chief Editor: Gurjatinder Singh Randhawa


REALTY ONE GROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 18, Issue- 800, 02 to 08 May, 2024, Ph: 916-320-9444, E-mail: punjabmailusa@yahoo.com, Web: punjabmailusa.com

## ਵੱਡੇ ਆਗੂਆਂ ਨੂੰ ਹਲਕੇ ਬਦਲ ਕੇ ਅਜ਼ਮਾਇਆ ਜਾ ਰਿਹੈ ਚੋਣਾਂ 'ਚ

**ਚੰਡੀਗੜ੍ਹ, (ਪੰਜਾਬ ਮੇਲ)-** ਲੋਕ ਸਭਾ ਚੋਣਾਂ 'ਚ ਇਸ ਵਾਰ ਵੱਡੇ ਚਿਹਰੇ 'ਪੈਰਾਸ਼ੂਟਰ' ਬਣੇ ਹਨ। ਕੋਈ ਸਿਆਸੀ ਧਿਰ ਇਸ ਮਾਮਲੇ 'ਚ ਪਿੱਛੇ ਨਹੀਂ ਹੈ। ਚੋਣ ਜਿੱਤਣਾ ਵੱਡਾ ਮਨੋਰਥ ਹੈ। ਤਾਹੀਂ ਕਿਸੇ ਸਿਆਸੀ ਧਿਰ ਵਾਸਤੇ ਸਥਾਨਕ ਉਮੀਦਵਾਰ ਤਰਜੀਹ ਨਹੀਂ ਰਿਹਾ। ਹਰ ਚੋਣ ਹਲਕੇ ਵਿਚ ਵੱਖੋ ਵੱਖਰਾ ਦ੍ਰਿਸ਼ ਹੈ। ਜਿੱਥੇ ਕਿਸੇ ਧਿਰ ਨੂੰ ਠੀਕ ਪੈਂਤੜਾ ਬੈਠਦਾ ਹੈ, ਉੱਥੇ ਵਿਰੋਧੀ 'ਪੈਰਾਸ਼ੂਟਰ' ਉਮੀਦਵਾਰਾਂ ਨੂੰ ਮੁੱਦੇ ਦੇ ਤੌਰ 'ਤੇ ਉਭਾਰ ਰਹੇ ਹਨ।

### ■ ਸਿਆਸੀ ਧਿਰਾਂ ਨੂੰ ਕੋਈ ਉਮੀਦਵਾਰ ਨਾ ਲੱਭਣ ਦੀ ਸੂਰਤ 'ਚ ਬਾਹਰਲੇ ਉਮੀਦਵਾਰ ਦਾ ਲੈਣਾ ਪੈਂਦੇ ਸਹਾਰਾ


ਅਮਰਿੰਦਰ ਸਿੰਘ ਰਾਜਾ ਵੜਿੰਗ, ਚਰਨਜੀਤ ਸਿੰਘ ਚੰਨੀ, ਰਵਨੀਤ ਬਿੱਟੂ, ਗੁਰਮੀਤ ਸਿੰਘ ਮੀਤ ਹੇਅਰ, ਸੁਖਪਾਲ ਖਹਿਰਾ ਅਤੇ ਪ੍ਰੇਮ ਸਿੰਘ ਚੰਦੂਮਾਜਰਾ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਮੁਕਤਸਰ ਦੇ ਬਾਸ਼ਿੰਦੇ ਹਨ। ਉਨ੍ਹਾਂ ਨੂੰ ਲੁਧਿਆਣਾ ਤੋਂ ਚੋਣ ਪਿੜ 'ਚ ਉਤਾਰ ਦਿੱਤਾ ਗਿਆ ਹੈ। ਰਾਜਾ ਵੜਿੰਗ ਦੀ ਰਿਹਾਇਸ਼ ਗਿੱਦੜਬਾਹਾ ਹਲਕੇ 'ਚ ਨਹੀਂ, ਜਦੋਂ ਕਿ ਵਿਧਾਇਕ ਉਹ ਗਿੱਦੜਬਾਹਾ ਤੋਂ ਹਨ। ਇਵੇਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਰਿਹਾਇਸ਼ ਤਾਂ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਵਿਚ ਹੈ ਪ੍ਰੰਤੂ ਉਹ ਚੋਣ ਜਲੰਧਰ ਲੋਕ ਸਭਾ ਹਲਕੇ ਤੋਂ ਲੜ ਰਹੇ ਹਨ।

ਸਥਾਨਕ ਆਗੂਆਂ ਦੀ ਹਮੇਸ਼ਾ ਇਹੋ ਨਾਰਾਜ਼ਗੀ ਰਹਿੰਦੀ ਹੈ ਕਿ ਉਨ੍ਹਾਂ ਨੂੰ ਪਾਰਟੀ ਨੇ ਨਜ਼ਰਅੰਦਾਜ਼ ਕਰ ਦਿੱਤਾ ਹੈ। ਰਾਜਾ ਵੜਿੰਗ 'ਤੇ ਬਾਹਰਲਾ ਹੋਣ ਦਾ ਟੈਗ ਭਾਜਪਾ ਉਮੀਦਵਾਰ ਰਵਨੀਤ ਬਿੱਟੂ ਲਗਾ ਰਿਹਾ ਹੈ। ਹਲਕਾ ਸੰਗਰੂਰ ਵਿਚ ਤਿੰਨ ਉਮੀਦਵਾਰ ਬਾਹਰਲੇ ਹਨ, ਜਦੋਂ ਕਿ 'ਆਪ' ਦਾ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਹਲਕੇ ਦਾ ਬਾਸ਼ਿੰਦਾ ਹੈ। ਕਾਂਗਰਸ ਨੇ ਸੰਗਰੂਰ ਹਲਕੇ ਤੋਂ ਸੁਖਪਾਲ ਸਿੰਘ ਖਹਿਰਾ ਨੂੰ ਉਮੀਦਵਾਰ ਬਣਾਇਆ

■ ਬਾਕੀ ਖਬਰ ਸਫਾ 18 'ਤੇ

## ਦੇਸ਼ ਦੇ ਕਈ ਹਵਾਈ ਅੱਡਿਆਂ ਨੂੰ ਮਿਲੀ ਬੰਬ ਨਾਲ ਉਡਾਉਣ ਦੀ ਧਮਕੀ, ਪੁਲਿਸ ਹਾਈ ਅਲਰਟ 'ਤੇ

**ਨਵੀਂ ਦਿੱਲੀ, (ਪੰਜਾਬ ਮੇਲ)-** ਦੇਸ਼ ਦੇ ਕਈ ਸੂਬਿਆਂ ਦੇ ਸਕੂਲਾਂ ਤੇ ਹਵਾਈ ਅੱਡਿਆਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਇਸ ਦੌਰਾਨ ਵੱਖ-ਵੱਖ ਥਾਵਾਂ 'ਤੇ ਪੁਲਿਸ ਤਾਇਨਾਤ ਹੈ ਤੇ ਸੂਬਿਆਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਸਕੂਲਾਂ ਨੂੰ ਮਿਲ ਰਹੀਆਂ ਧਮਕੀਆਂ ਕਾਰਨ ਬੱਚਿਆਂ ਦੇ ਮਾਪੇ ਵੀ ਡਰੇ ਹੋਏ ਹਨ। ਸਕੂਲ ਪ੍ਰਸ਼ਾਸਨ ਵੀ ਚੌਕਸ ਹੈ।

ਦੇਸ਼ ਦੇ ਚਾਰ ਹਵਾਈ ਅੱਡਿਆਂ ਨੂੰ ਬੀਤੇ ਦਿਨੀਂ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਈ-ਮੇਲ ਜ਼ਰੀਏ ਇਹ ਦਾਅਵਾ ਕੀਤਾ ਗਿਆ ਸੀ ਕਿ ਕੋਲਕਾਤਾ ਹਵਾਈ ਅੱਡੇ ਸਮੇਤ ਦੇਸ਼ ਦੇ ਚਾਰ ਵੱਖ-ਵੱਖ ਹਵਾਈ ਅੱਡਿਆਂ 'ਤੇ ਬੰਬ ਰੱਖੇ ਗਏ ਹਨ। ਇਹ ਖ਼ਬਰ ਮਿਲਦਿਆਂ ਹੀ ਪ੍ਰਸ਼ਾਸਨ ਵਿਚ ਹੜਕੰਪ ਮਚ ਗਿਆ। ਸੀ.ਆਈ.ਐੱਸ.ਐੱਫ. ਦੇ ਇਕ ਸੀਨੀਅਰ ਅਧਿਕਾਰੀ ਨੇ

### ■ ਸਕੂਲਾਂ ਨੂੰ ਮਿਲ ਰਹੀਆਂ ਧਮਕੀਆਂ ਕਾਰਨ ਮਾਪੇ ਡਰੇ

ਦੱਸਿਆ ਕਿ ਇਹ ਈ-ਮੇਲ 26 ਅਪ੍ਰੈਲ ਨੂੰ ਮਿਲੀ ਸੀ, ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਦੇਸ਼ ਦੇ ਚਾਰ ਵੱਖ-ਵੱਖ ਹਵਾਈ ਅੱਡਿਆਂ 'ਤੇ ਬੰਬ ਰੱਖੇ ਗਏ ਸਨ। ਸੂਚਨਾ ਮਿਲਦਿਆਂ ਹੀ ਹਵਾਈ ਅੱਡਿਆਂ 'ਤੇ ਡੂੰਘਾਈ ਨਾਲ ਜਾਂਚ ਕੀਤੀ ਗਈ ਤੇ ਬਾਅਦ 'ਚ ਇਹ ਧਮਕੀ ਅਫਵਾਹ ਸਾਬਿਤ ਹੋਈ।

ਜੈਪੁਰ ਹਵਾਈ ਅੱਡੇ 'ਤੇ ਬੰਬ ਹੋਣ ਦੀ ਧਮਕੀ ਮਿਲਣ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੇ ਸੋਮਵਾਰ (29 ਅਪ੍ਰੈਲ) ਨੂੰ ਸਾਂਝੇ ਤੌਰ 'ਤੇ ਪੂਰੀ ਜਾਂਚ ਕੀਤੀ। ਏਅਰਪੋਰਟ ਥਾਣੇ ਦੇ ਐੱਸ.ਐੱਚ.ਓ. ਮੋਤੀ ਲਾਲ ਨੇ ਦੱਸਿਆ ਕਿ ਅਣਪਛਾਤੇ ਵਿਅਕਤੀ ਵੱਲੋਂ ਹਵਾਈ ਅੱਡੇ ਦੇ ਅਧਿਕਾਰੀਆਂ ਨੂੰ ਬੰਬ ਦੀ ਧਮਕੀ ਵਾਲੀ ਈਮੇਲ ਭੇਜੀ ਗਈ ਸੀ।

ਐੱਸ.ਐੱਚ.ਓ. ਨੇ ਦੱਸਿਆ ਕਿ ਹਵਾਈ ਅੱਡੇ ਦੀ ਬਾਰੀਕੀ ਨਾਲ ਤਲਾਸ਼ੀ ਲਈ ਗਈ ਪਰ ਕੁਝ ਵੀ ਸ਼ੱਕੀ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਦੀ ਧਮਕੀ 26 ਅਪ੍ਰੈਲ ਨੂੰ ਵੀ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਭੇਜਣ ਵਾਲੇ ਦੀ ਪਛਾਣ ਕਰਨ ਤੇ ਉਸ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ।

ਈ-ਮੇਲ ਰਾਹੀਂ ਰਾਜ ਭਵਨ ਨੂੰ ਉਡਾਉਣ ਦੀ ਧਮਕੀ ਮਿਲਣ 'ਤੇ ਪਟਨਾ ਪੁਲਿਸ ਦੇ ਹੋਸ਼ ਉੱਡ ਗਏ। ਸੂਚਨਾ ਮਿਲਦਿਆਂ ਹੀ ਥਾਣਾ ਸਿਟੀ ਦੇ ਐੱਸ.ਪੀ. (ਸੈਂਟਰਲ) ਚੰਦਰ ਪ੍ਰਕਾਸ਼ ਦੀ ਅਗਵਾਈ ਹੇਠ ਐਂਟੀ-ਸਬੋਟੇਜ ਜਾਂਚ ਸ਼ੁਰੂ ਕਰ ਦਿੱਤੀ ਗਈ। ਬੰਬ ਨਿਰੋਧਕ ਦਸਤੇ ਨੇ ਰਾਜ ਭਵਨ ਦੇ ਕੋਨੇ-ਕੋਨੇ ਦੀ ਜਾਂਚ ਕੀਤੀ ਪਰ ਕੋਈ ਵੀ ਵਿਸਫੋਟਕ ਜਾਂ ਸ਼ੱਕੀ ਪਦਾਰਥ ਨਹੀਂ ਮਿਲਿਆ।

## ਪੰਜਾਬੀ ਸਾਹਿਤ ਸਭਾ ਦੀ ਮਹੀਨਾਵਾਰ ਮੀਟਿੰਗ ਸੰਪੰਨ

**ਸੈਕਰਾਮੈਂਟੋ, (ਪੰਜਾਬ ਮੇਲ)-** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਸਾਹਿਬ ਸੰਤ ਸਾਗਰ, ਸੈਕਰਾਮੈਂਟੋ ਵਿਖੇ ਹੋਈ। ਇਸ ਵਿਚ ਭਾਰੀ ਗਿਣਤੀ ਵਿਚ ਮੈਂਬਰਾਂ ਨੇ ਹਿੱਸਾ ਲਿਆ। ਮੀਟਿੰਗ ਦੌਰਾਨ 19 ਮਈ ਨੂੰ ਹੋਣ ਵਾਲੀ ਕਾਨਫਰੰਸ ਬਾਰੇ ਵਿਚਾਰ-ਵਟਾਂਦਰੇ ਕੀਤੇ ਗਏ। ਸਟੇਜ ਦੀ ਸੇਵਾ ਸੰਭਾਲਦਿਆਂ ਗੁਰਜਤਿੰਦਰ ਸਿੰਘ ਰੰਧਾਵਾ ਨੇ 19 ਮਈ ਦੀ ਕਾਨਫਰੰਸ ਸੰਬੰਧੀ ਹੋ ਰਹੀਆਂ ਤਿਆਰੀਆਂ ਬਾਰੇ ਆਏ ਮੈਂਬਰਾਂ ਨੂੰ ਜਾਣਕਾਰੀ ਦਿੱਤੀ। ਪ੍ਰਧਾਨ ਦਿਲ ਨਿੱਜਰ ਨੇ ਦੱਸਿਆ ਕਿ ਇਸ ਵਾਰ ਕਾਨਫਰੰਸ ਵਿਚ ਦੇਸ਼ਾਂ-ਵਿਦੇਸ਼ਾਂ ਤੋਂ ਸਾਹਿਤਕਾਰ ਪਹੁੰਚ ਰਹੇ ਹਨ।


ਮੀਟਿੰਗ ਦੌਰਾਨ ਹਾਜ਼ਰ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਕਮੇਟੀ ਮੈਂਬਰ।

ਇਸ ਕਾਨਫਰੰਸ ਵਿਚ ਪੰਜਾਬੀ ਸਾਹਿਤ ਬਾਰੇ ਪਰਚੇ ਪੜ੍ਹੇ ਜਾਣਗੇ। ਕਵੀ ਸੰਮੇਲਨ ਹੋਵੇਗਾ ਅਤੇ ਗੀਤ-ਸੰਗੀਤ ਨਾਲ ਆਏ ਮਹਿਮਾਨਾਂ ਦਾ ਮਨੋਰੰਜਨ ਕੀਤਾ ਜਾਵੇਗਾ।

ਮਹੀਨਾਵਾਰ ਮੀਟਿੰਗ ਵਿਚ ਕਵੀ ਸੰਮੇਲਨ ਕਰਵਾਇਆ ਗਿਆ, ਜਿਸ ਵਿਚ ਦਿਲ ਨਿੱਜਰ, ਗੁਰਜਤਿੰਦਰ ਸਿੰਘ ਰੰਧਾਵਾ, ਜੀਵਨ ਰੱਤੂ, ਮੇਜਰ ਭੁਪਿੰਦਰ ਦਲੇਰ, ਰਾਠੇਸ਼ਵਰ ਸਿੰਘ ਸੂਰਾਪੁਰੀ, ਮਨਜੀਤ ਕੌਰ ਸੇਖੋਂ, ਹਰਭਜਨ ਸਿੰਘ ਢੇਰੀ, ਸੁਰਿੰਦਰ ਸ਼ੀਮਾਰ, ਭਾਗ ਸਿੰਘ ਸਿੱਧੂ, ਪ੍ਰਭਸ਼ਰਨਦੀਪ ਸਿੰਘ, ਜਵਾਹਰ ਧਵਨ, ਹਰਪ੍ਰੀਤ ਕੌਰ ਤੂਰ, ਫਕੀਰ ਸਿੰਘ ਮੱਲ੍ਹੀ, ਮਕਸੂਦ ਅਲੀ ਕੰਬੋਅ, ਅਮਨਪ੍ਰੀਤ ਸਿੰਘ ਸਿੱਧੂ, ਗੁਰਦੀਪ ਕੌਰ, ਡਾ. ਕਾਹਲੋਂ, ਅਤੇ ਮਲਿਕ ਇਮਤਿਆਜ਼ ਨੇ ਆਪੋ-ਆਪਣੀਆਂ ਕਵਿਤਾਵਾਂ ਤੇ ਕਲਾਮ ਪੇਸ਼ ਕੀਤੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਜਗਰੂਪ ਸਿੰਘ ਮਾਂਗਟ, ਰਜਿੰਦਰ ਕੌਰ ਮਾਂਗਟ, ਪ੍ਰੀਤਮ ਕੌਰ, ਮਨਪ੍ਰੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## APCA ਵੱਲੋਂ 10ਵਾਂ ਸਾਲਾਨਾ ਟਰੇਡ ਸ਼ੋਅ 8 ਮਈ, 2024 ਨੂੰ; ਤਿਆਰੀਆਂ ਮੁਕੰਮਲ

**ਫਰਿਜ਼ਨੋ, (ਪੰਜਾਬ ਮੇਲ)-** ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨੀਅੰਸ ਸਟੋਰ ਐਸੋਸੀਏਸ਼ਨ ਵੱਲੋਂ ਆਪਣਾ 10ਵਾਂ ਸਾਲਾਨਾ ਟਰੇਡ ਸ਼ੋਅ 8 ਮਈ, 2024, ਦਿਨ ਬੁੱਧਵਾਰ ਨੂੰ ਦੁਪਹਿਰੇ 12.30 ਵਜੇ ਤੋਂ 5.30 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਸਾਰੀ ਤਿਆਰੀਆਂ ਮੁਕੰਮਲ ਕਰ ਲਈਆਂ ਗਈ ਹਨ। ਇਸ ਟਰੇਡ ਸ਼ੋਅ ਵਿਚ 100 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਾਂ ਲੈ ਕੇ ਪਹੁੰਚਣਗੇ। ਸ਼ਾਮ ਨੂੰ 6.30 ਵਜੇ ਤੋਂ ਲੈ ਕੇ 9.00 ਵਜੇ ਤੱਕ ਪੰਜਾਬੀ ਲਾਈਵ ਕੰਸਰਟ ਹੋਵੇਗਾ, ਜਿਸ ਵਿਚ ਪੰਜਾਬੀ ਦੇ ਉੱਘੇ ਗਾਇਕ ਹਰਭਜਨ ਮਾਨ ਆਪਣੇ ਗੀਤਾਂ ਰਾਹੀਂ APCA ਦੇ ਮੈਂਬਰਾਂ ਦਾ ਮਨੋਰੰਜਨ ਕਰਨਗੇ।

ਇਸ ਸ਼ੋਅ ਵਿਚ ਸ਼ਾਮਲ ਹੋਣ ਲਈ APCA ਦੇ ਮੈਂਬਰ ਬਣੋ। ਆਪਣੇ ਹਰ ਸਟੋਰ ਦੀ ਮੈਂਬਰਸ਼ਿਪ ਫੀਸ ਭਰੋ। APCA ਦੇ ਹਰ ਪੇਡ ਸਟੋਰ ਮੈਂਬਰ ਨੂੰ 100 ਡਾਲਰ ਦੀਆਂ 2 ਵੈਲਿਊ ਟਿਕਟ ਫਰੀ ਦਿੱਤੀਆਂ ਜਾਣਗੀਆਂ। Fresno Area Retailers visit SM Bros. at 186 S. West Ave, Fresno to become APCA member and get 2 Free Tickets 50 ਡਾਲਰ ਦੀ ਛੋਟੀ ਜਿਹੀ ਕੀਮਤ 'ਤੇ ਐਡੀਸ਼ਨਲ ਟਿਕਟ ETIX.com 'ਤੇ ਆਨਲਾਈਨ ਜਾਂ ਤੁਸੀਂ ਟਰੇਡ ਸ਼ੋਅ ਤੋਂ ਵੀ ਖਰੀਦ ਸਕਦੇ ਹੋ।

ਇਸ ਲਾਈਵ ਸ਼ੋਅ ਵਿਚ ਸ਼ਾਮਲ ਹੋਣ ਲਈ ਮੈਂਬਰਾਂ ਦਾ ਟਰੇਡ ਸ਼ੋਅ 'ਚ ਹਿੱਸਾ ਲੈਣਾ ਜ਼ਰੂਰੀ ਹੈ। ਵਧੇਰੇ ਜਾਣਕਾਰੀ ਲਈ ਜਸਬੀਰ ਸਰਾਏ : 209-675-0866 ਜਾਂ APCA ਦਫਤਰ : 916-627-1170 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਵਟਸਐਪ ਚੈਨਲ ਜਾਰੀ

**ਚੰਡੀਗੜ੍ਹ, (ਪੰਜਾਬ ਮੇਲ)-** ਇੱਕ ਨਿਵੇਕਲੇ ਉਪਰਾਲੇ ਤਹਿਤ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦਫ਼ਤਰ ਨੇ ਇੱਕ ਸਮਰਪਿਤ ਵਟਸਐਪ ਚੈਨਲ, 'ਮੁੱਖ ਚੋਣ ਅਧਿਕਾਰੀ, ਪੰਜਾਬ' ਦੀ ਸ਼ੁਰੂਆਤ ਕੀਤੀ ਹੈ।

ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਟਸਐਪ ਚੈਨਲ ਦਾ ਉਦੇਸ਼ ਚੋਣਾਂ ਸੰਬੰਧੀ ਆਮ ਜਨਤਾ ਅਤੇ ਚੋਣ ਅਮਲ ਦੇ ਭਾਗੀਦਾਰਾਂ ਲਈ ਮਹੱਤਵਪੂਰਨ ਜਾਣਕਾਰੀ ਨੂੰ ਪ੍ਰਸਾਰਿਤ ਕਰਨਾ ਹੈ, ਜਿਸ ਵਿਚ ਚੋਣ ਪ੍ਰਕਿਰਿਆਵਾਂ, ਸਵੀਪ

### ■ ਚੈਨਲ ਰਾਹੀਂ ਵੋਟਰ ਨਿਯਮਤ ਚੋਣ ਅਪਡੇਟ ਹਾਸਲ ਕਰ ਸਕਣਗੇ: ਸਿਬਿਨ ਸੀ




(ਸਿਸਟੇਮੈਟਿਕ ਵੋਟਰਜ਼ ਐਜੂਕੇਸ਼ਨ ਅਤੇ ਇਲੈਕਟੋਰਲ ਪਾਰਟੀਸੀਪੇਸ਼ਨ) ਗਤੀਵਿਧੀਆਂ, ਮਹੱਤਵਪੂਰਨ


■ ਬਾਕੀ ਖਬਰ ਸਫਾ 18 'ਤੇ

## ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਅੰਮ੍ਰਿਤਸਰ ਸਾਲਾਨਾ 30 ਲੱਖ ਯਾਤਰੀਆਂ ਦੀ ਸੂਚੀ 'ਚ ਸ਼ਾਮਲ

**ਅੰਮ੍ਰਿਤਸਰ, (ਪੰਜਾਬ ਮੇਲ)-** ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮ ਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਨੇ 31 ਮਾਰਚ ਨੂੰ ਖਤਮ ਹੋਏ 2023-24 ਵਿੱਤੀ ਵਰ੍ਹੇ ਦੌਰਾਨ 3 ਮਿਲੀਅਨ (30 ਲੱਖ) ਯਾਤਰੀਆਂ ਦੀ ਗਿਣਤੀ ਨੂੰ ਪਾਰ ਕਰਕੇ ਇੱਕ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ। ਇਸ ਸੰਬੰਧੀ ਜਾਣਕਾਰੀ, ਅੰਮ੍ਰਿਤਸਰ ਹਵਾਈ ਅੱਡੇ ਦੇ ਹਵਾਈ ਸੰਪਰਕ ਨੂੰ ਵਧਾਉਣ ਅਤੇ ਉਤਸ਼ਾਹਿਤ ਕਰਨ ਲਈ ਯਤਨਸ਼ੀਲ ਗਲੋਬਲ ਐਡਵੋਕੇਸੀ ਗਰੁੱਪ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਸਾਂਝੀ ਕੀਤੀ ਹੈ।



### ■ ਰੋਜ਼ਾਨਾ 10 ਹਜ਼ਾਰ ਯਾਤਰੀਆਂ ਦੀ ਗਿਣਤੀ ਕੀਤੀ ਪਾਰ, ਫਿਰ ਵੀ ਪੰਜਾਬ ਸਰਕਾਰ ਨਹੀਂ ਸ਼ੁਰੂ ਕਰ ਰਹੀ ਬੱਸ ਸੇਵਾ



ਗੁਮਟਾਲਾ ਅਨੁਸਾਰ, ਮਾਰਚ 2024 ਲਈ ਏਅਰਪੋਰਟ ਅਥਾਰਟੀ ਆਫ ਇੰਡੀਆ ਦੁਆਰਾ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਇਹ ਤੱਥ ਸਾਹਮਣੇ ਆਏ ਹਨ ਕਿ ਅੰਮ੍ਰਿਤਸਰ ਹਵਾਈ ਅੱਡੇ ਤੋਂ ਵਿੱਤੀ ਸਾਲ 2023-24 (1 ਅਪ੍ਰੈਲ ਤੋਂ 31 ਮਾਰਚ ਤੱਕ) ਦੌਰਾਨ 30,85,598 ਯਾਤਰੀਆਂ ਨੇ ਹਵਾਈ ਸਫਰ ਕੀਤਾ। ਇਹ ਨੰਬਰ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ 22.6 ਫੀਸਦੀ ਵੱਧ ਹਨ, ਜਦਕਿ ਇੱਥੋਂ ਕੁੱਲ 25,16,518 ਯਾਤਰੀਆਂ ਨੇ ਉਡਾਣ ਭਰੀ ਸੀ। ਇਸ ਵਿਚ 9,81,405 ਅੰਤਰਰਾਸ਼ਟਰੀ ਅਤੇ 21,04,193 ਘਰੇਲੂ ਯਾਤਰੀ ਸ਼ਾਮਲ ਹਨ। ਇਹ ਅੰਕੜੇ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ ਵਿਚ 30 ਫੀਸਦੀ ਅਤੇ ਘਰੇਲੂ ਯਾਤਰੀਆਂ ਵਿਚ 19.5 ਫੀਸਦੀ ਦਾ ਵਾਧਾ ਦਰਸਾਉਂਦਾ ਹੈ।

ਇਨੀਸ਼ੀਏਟਿਵ ਦੁਆਰਾ ਕੀਤੇ ਗਏ ਅੰਕੜਿਆਂ ਦੇ ਵਿਸਤ੍ਰਿਤ ਵਿਸ਼ਲੇਸ਼ਣ ਤੋਂ ਇਹ ਵੀ ਪਤਾ ਲੱਗਾ ਹੈ ਕਿ ਕੁੱਲ ਯਾਤਰੀਆਂ ਦੀ ਗਿਣਤੀ ਦੇ ਮਾਮਲੇ 'ਚ ਅੰਮ੍ਰਿਤਸਰ ਹੁਣ ਹਵਾਈ ਯਾਤਰੀਆਂ ਦੀ ਕੁੱਲ ਗਿਣਤੀ 'ਚ 25ਵੇਂ ਸਥਾਨ ਤੋਂ 23ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਏਅਰਪੋਰਟ ਅਥਾਰਟੀ ਦੁਆਰਾ ਹਰ ਮਹੀਨੇ ਜਾਰੀ ਕੀਤੇ ਗਏ ਅੰਕੜਿਆਂ

■ ਬਾਕੀ ਖਬਰ ਸਫਾ 18 'ਤੇ

APCA is excited to announce its

# 10TH ANNUAL BUYER'S TRADE SHOW IN FRESNO

on
Wednesday, May 8th, 2024
at Industrial Commerce Building
The Big Fresno Fair,
Fresno, CA 93702

**FREE ADMISSION**

*Special Vendor Deals + New Items*

- 100+Vendor Booths and 600+ Retailers From All Over California.
- Cash Prizes A GRAND PRIZE and free Raffle Prizes are being given Away

10 YEARS ANNIVERSARY

# APCA
AMERICAN PETROLEUM AND CONVENIENCE STORE ASSOCIATION

*APCA has always been committed in offering both our exhibitors and attendees the best possible avenue to ensure a successful experience at our Trade Show events.*

## May 8th, 2024 From 12:30pm to 5:30pm at Industrial Commerce Building, The Big Fresno Fair, Fresno, CA 93702

## ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ

## 10ਵਾਂ ਸਾਲਾਨਾ ਖਰੀਦਦਾਰਾਂ ਦਾ ਟਰੇਡ ਸ਼ੋਅ

## 8 ਮਈ 2024, 12.30 ਤੋਂ 5.30 ਵਜੇ ਤੱਕ

ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।



ਜੱਗ ਜਿਉਂਦਿਆ ਦੇ ਮੇਲੇ
ਹਰਭਜਨ ਮਾਨ

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ ਗੈਸ ਸਟੇਸ਼ਨ, ਸੀ ਸਟੋਰ, ਤੰਬਾਕੂ ਅਤੇ ਲੀਕਰ ਸਟੋਰ ਦੇ ਮਾਲਕਾਂ ਲਈ 10ਵਾਂ ਸਾਲਾਨਾ ਟਰੇਡ ਸ਼ੋਅ ਕਰਵਾਇਆ ਜਾ ਰਿਹਾ ਹੈ। ਇਸ ਸ਼ੋਅ ਵਿਚ 100 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਸ ਲਿਆ ਰਹੇ ਹਨ। ਆਪ ਸਭ ਨੂੰ ਬੇਨਤੀ ਹੈ ਕਿ ਸ਼ੋਅ ਦੀਆਂ ਡੀਲਸ ਦਾ ਫਾਇਦਾ ਚੁੱਕੋ।

Copyright @ Punjab Mail USA

*Live Performance*

## *Harbhajan Mann*

*Venue: PAUL PAUL THEATER*
*1121, S Chance Ave, Fresno, CA 93702*
*Wednesday, May 8th*
*From 6:30pm to 9:00pm*

*Platinum Sponsor*

*Media Partners*

*FOR FREE TICKET POLICY & PRICING INFORMATION*

- C-STORE OWNERS: BECOME AN APCA MEMBER AND ATTEND SHOW FOR FREE
- EXISTING MEMBERS: ENSURE YOUR 2024 MEMBERSHIP DUES ARE CURRENT
- MULTIPLE STORE OWNERS: ENROLL ALL STORES WITH APCA TO GET TWO ADDITIONAL FREE TICKETS PER STORE
- TO RECEIVE YOUR TWO FREE TICKETS, MUST ATTEND APCA TRADE SHOW ON MAY 8TH AT "THE BIG FRESNO FAIR, FRESNO"
- ADDITIONAL TICKETS: OF DISCOUNTED PRICE OF $50 CAN BE PURCHASED AT ETIX.COM OR AT TRADE SHOW

*For More Information*

ANDY CHHIKARA: 559-259-4006 | BALWINDER SINGH: 559-718-9339 | PUNEET BAINS: 559-347-7728 | ROCKY MALHI: 916-792-8023
JASBIR SARAI: 209-675-0866 | AMRIT DHALIWAL: 209-598-6980 | PAUL HAYER: 707-290-8530 | KEWAL KRISHAN: 510-290-7144

# ਗੈਰਕਾਨੂੰਨੀ ਢੰਗ ਨਾਲ ਅਮਰੀਕਾ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ 24 ਪ੍ਰਵਾਸੀ ਗ੍ਰਿਫਤਾਰ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਯੂ.ਐੱਸ. ਬਾਰਡਰ ਪੈਟਰੋਲ ਦੇ ਏਜੰਟਾਂ ਨੇ ਕਈ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਲਿਆ ਹੈ, ਜੋ ਜੋ ਡੇਮਿੰਗ, ਨਿਊ ਮੈਕਸੀਕੋ ਵੱਲ ਨੂੰ ਜਾ ਰਹੀ ਕਾਰ ਵਿਚ ਸਵਾਰ ਹੋ ਕੇ ਅਮਰੀਕਾ 'ਚ ਦਾਖਲ ਹੋਣਾ ਚਾਹੁੰਦੇ ਸਨ। ਏਜੰਟਾਂ ਨੇ ਕਾਰ ਦਾ ਪਿੱਛਾ ਕੀਤਾ ਅਤੇ ਜਾਂਚ ਕਰਨ 'ਤੇ ਕਾਰ ਦੇ ਪਿੱਛਲੇ ਪਾਸੇ ਲੁਕੇ ਹੋਏ 24 ਪ੍ਰਵਾਸੀ ਹਿਰਾਸਤ 'ਚ ਲਏ, ਜੋ ਬਾਰਡਰ ਟੱਪ ਕੇ ਅਮਰੀਕਾ ਵਿਚ ਦਾਖਲ ਹੋਣਾ ਚਾਹੁੰਦੇ ਸਨ।

ਟੈਕਸਾਸ (ਬਾਰਡਰ) ਦੀ ਰਿਪੋਰਟ ਅਨੁਸਾਰ ਬਾਰਡਰ ਏਜੰਟਾਂ ਨੇ ਕਾਰ ਵਿਚ ਪਿੱਛੇ ਲੁਕੇ ਹੋਏ ਇਸ ਕਾਫ਼ਲੇ ਅਤੇ ਇੱਕ ਪਿਕਅੱਪ ਟਰੱਕ ਦਾ ਸਰਹੱਦ ਨੇੜੇ ਕੋਲੰਬਸ, ਨਿਊ ਮੈਕਸੀਕੋ ਕੋਲ ਇੱਕ ਖਾਲੀ ਆਰਵੀ ਪਾਰਕ ਤੱਕ ਪਿੱਛਾ ਕੀਤਾ। ਪਿੱਛਾ ਕਰਨ ਤੋਂ ਬਾਅਦ ਤਿੰਨ ਡਰਾਈਵਰਾਂ ਅਤੇ 24 ਪ੍ਰਵਾਸੀਆਂ ਨੂੰ



ਕਾਬੂ ਕੀਤਾ, ਜੋ ਹਿਰਾਸਤ ਵਿਚ ਹਨ। ਜਾਣਕਾਰੀ ਅਨੁਸਾਰ ਨਿਊ ਮੈਕਸੀਕੋ ਸਟੇਟ ਦੇ ਰੋਡ 9 'ਤੇ ਬੀਤੀ 24 ਅਪ੍ਰੈਲ ਤੜਕੇ ਤੇਜ਼ ਰਫ਼ਤਾਰ ਗੁਜ਼ਰ ਰਹੇ ਤਿੰਨ ਵਾਹਨਾਂ ਨੇ ਬਾਰਡਰ ਏਜੰਟਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਜਦੋਂ ਸਫ਼ੈਦ ਫੋਰਡ ਐੱਫ 150 ਵਾਹਨ ਦਾ ਪਿੱਛਾ ਕੀਤਾ ਗਿਆ, ਤਾਂ ਇਕ ਹੋਰ ਲੀਡ ਟਰੱਕ ਅੱਗੇ ਚੱਲਦਾ ਰਿਹਾ ਪਰ ਦੋ ਫੋਰਡ ਐਕਸਪੀਡੀਸ਼ਨ ਅਤੇ ਇੱਕ ਡੌਜ ਰਾਮ ਪਿਕਅੱਪ- ਸਾਰੇ ਚਿਹੁਆਹੁਆ, ਮੈਕਸੀਕੋ, ਦੀਆਂ ਲਾਇਸੈਂਸ ਪਲੇਟਾਂ ਦੇ ਨਾਲ ਮੈਕਸੀਕੋ ਦੀ ਸਰਹੱਦ ਤੋਂ ਲਗਭਗ 2 ਮੀਲ ਉੱਤਰ ਵਿਚ ਸਟੇਟ ਰੂਟ 9 ਦੇ ਨਾਲ ਜਾ ਰਹੇ ਸਨ, ਜਿਨ੍ਹਾਂ ਨੂੰ ਆਰਵੀ ਨਾਂ ਦੇ ਪਾਰਕ ਵਿਚ ਗ੍ਰਿਫ਼ਤਾਰ ਕੀਤਾ ਗਿਆ।

ਅਦਾਲਤੀ ਰਿਕਾਰਡ ਦਿਖਾਉਂਦੇ ਹਨ ਕਿ ਕਈ ਯੂ.ਐੱਸ. ਬਾਰਡਰ ਪੈਟਰੋਲ ਏਜੰਟ ਆਰਵੀ ਪਾਰਕ ਵਿਚ ਇਕੱਠੇ ਹੋਏ ਅਤੇ ਉਨ੍ਹਾਂ ਵੱਲੋਂ ਡਰਾਈਵਰਾਂ ਤੋਂ ਪੁੱਛਗਿੱਛ ਕਰਨੀ ਸ਼ੁਰੂ ਕਰ ਦਿੱਤੀ। ਏਜੰਟਾਂ ਨੇ ਕਈ ਵਿਅਕਤੀਆਂ ਨੂੰ ਦੇਖਿਆ ਅਤੇ ਹਰੇਕ ਗੈਰਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਣ ਵਾਲਾ ਪ੍ਰਵਾਸੀ ਵਾਹਨ ਦੇ ਪਿੱਛੇ ਲੁੱਕਣ ਦੀ ਕੋਸ਼ਿਸ਼ ਕਰ ਰਿਹਾ ਸੀ। ਨਿਊ ਮੈਕਸੀਕੋ ਦੇ ਡਿਸਟ੍ਰਿਕਟ ਲਈ ਯੂ.ਐੱਸ. ਡਿਸਟ੍ਰਿਕਟ ਕੋਰਟ ਵਿਚ ਸ਼ੁੱਕਰਵਾਰ ਨੂੰ ਦਾਇਰ ਕੀਤੀ ਸ਼ਿਕਾਇਤ ਦੇ ਹਲਫ਼ਨਾਮੇ ਅਨੁਸਾਰ, ਡਰਾਈਵਰ ਐਡੁਆਰਡੋ ਮਾਰਿਨ ਗੋਮੇਜ਼, ਆਸਕਰ ਪੇਰੇਜ਼ ਮੋਨਕਾਯੋ ਅਤੇ ਕੇਵਿਨ ਕੋਰਲ ਓਚੋਆ ਨੇ ਏਜੰਟਾਂ ਨੂੰ ਵੱਖਰੇ ਤੌਰ 'ਤੇ ਦੱਸਿਆ ਕਿ ਉਨ੍ਹਾਂ ਨੂੰ ਜੁਆਰੇਜ਼, ਮੈਕਸੀਕੋ ਦੇ ਇੱਕ ਵਿਅਕਤੀ ਦੁਆਰਾ ਇੱਕ ਅਣਪਛਾਤੀ ਸੰਖਿਆ ਵਿਚ ਗੱਡੀ ਚਲਾਉਣ ਲਈ ਕਿਰਾਏ 'ਤੇ ਲਿਆ ਗਿਆ ਸੀ ਅਤੇ ਪੈਸੇ ਦੇ ਲਈ ਹਾਈਵੇਅ 9 ਦੇ ਪਾਸੇ ਤੋਂ ਫੀਨਿਕਸ, ਐਰੀਜ਼ੋਨਾ, ਅਮਰੀਕਾ ਤੱਕ ਸੌਦਾ ਤੈਅ ਹੋਇਆ ਸੀ। ਵਿਅਕਤੀ ਨੇ ਪ੍ਰਵਾਸੀਆਂ ਲਈ ਨਸ਼ੀਲੇ ਪਦਾਰਥਾਂ ਦੀ ਜਾਂਚ ਵਿਚ ਵੀ ਆਪਣੇ ਆਪ ਨੂੰ ਦੋਸ਼ੀ ਮੰਨਿਆ ਹੈ।

ਜੁਆਰੇਜ਼ ਵਿਚ ਰਹਿਣ ਵਾਲੇ ਇੱਕ ਅਮਰੀਕੀ ਨਾਗਰਿਕ ਕੋਰਲ ਨੇ ਕਥਿਤ ਤੌਰ 'ਤੇ ਜਾਂਚਕਰਤਾਵਾਂ ਨੂੰ ਦੱਸਿਆ ਕਿ ਉਸਨੂੰ ਤਸਕਰੀ ਦੀ ਕੋਸ਼ਿਸ਼ ਵਿਚ ਸ਼ਾਮਲ ਵਾਹਨਾਂ ਵਿਚੋਂ ਇੱਕ ਲਈ ਕਾਰ ਦੀਆਂ ਚਾਬੀਆਂ ਅਤੇ ਗੈਸ ਦੇ ਪੈਸੇ ਦਿੱਤੇ ਗਏ ਸਨ। ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਉਸ ਨੂੰ ਕੋਲੰਬਸ ਦੇ ਨੇੜੇ ਆਰਵੀ ਪਾਰਕ ਵਿਚ ਲਿਜਾਣ ਲਈ ਨਿਰਦੇਸ਼ ਦਿੱਤਾ ਗਿਆ ਸੀ।

# ਦੱਖਣੀ ਕੈਰੋਲੀਨਾ 'ਚ ਵਾਪਰੇ ਭਿਆਨਕ ਕਾਰ ਸੜਕ ਹਾਦਸੇ 'ਚ 3 ਗੁਜਰਾਤੀ ਮੂਲ ਦੀਆਂ ਭੈਣਾਂ ਦੀ ਮੌਤ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕਾ 'ਚ 26 ਅਪ੍ਰੈਲ ਨੂੰ ਵਾਪਰੇ ਇਕ ਕਾਰ ਸੜਕ ਹਾਦਸੇ 'ਚ ਤਿੰਨ ਗੁਜਰਾਤੀ ਮੂਲ ਦੀਆਂ 3 ਭੈਣਾਂ ਦੀ ਮੌਤ ਹੋ ਗਈ। ਭਾਰਤ ਤੋਂ ਗੁਜਰਾਤ ਸੂਬੇ ਦੇ ਆਨੰਦ ਜ਼ਿਲ੍ਹੇ ਨਾਲ ਸੰਬੰਧ ਰੱਖਣ ਵਾਲੀਆਂ ਤਿੰਨ ਭੈਣਾਂ ਦੀ ਸ਼ਨਾਖਤ ਰੇਖਾ ਪਟੇਲ ਸੰਗੀਤਾ ਪਟੇਲ ਅਤੇ ਮਨੀਸ਼ਾ ਪਟੇਲ ਵਜੋਂ ਹੋਈ। ਸਾਊਥ ਕੈਰੋਲੀਨਾ ਦੇ ਗ੍ਰੀਨਵਿਲੇ ਕਾਉਂਟੀ 'ਚ ਵਾਪਰੇ ਇਸ ਕਾਰ ਹਾਦਸੇ ਦੌਰਾਨ ਉਨ੍ਹਾਂ ਦੀ ਐੱਸ.ਯੂ.ਵੀ. ਸੜਕ ਤੋਂ ਹੇਠਾਂ ਚਲੀ ਗਈ ਅਤੇ ਇੱਕ ਪੁਲ ਨਾਲ ਜਾ ਟਕਰਾਈ। ਗ੍ਰੀਨਵਿਲੇ ਕਾਉਂਟੀ ਕੋਰੋਨਰ ਦੇ ਦਫਤਰ ਅਨੁਸਾਰ, ਐੱਸ.ਯੂ.ਵੀ. ਸੜਕ ਤੋਂ ਚੱਲਦੀ-ਚੱਲਦੀ ਇੱਕ ਖਾਈ ਵਿਚ ਡਿੱਗ ਪਈ। ਕਾਰ ਪੁਲ ਅਤੇ ਦਰੱਖਤਾਂ ਦੇ ਨਾਲ



ਟਕਰਾਉਣ ਤੋਂ ਪਹਿਲਾਂ ਹਵਾ ਵਿਚ 20 ਫੁੱਟ ਉੱਚੀ ਉਛਲ ਗਈ, ਜਦੋਂ ਇਹ ਹਾਈਵੇਅ 'ਤੇ ਉੱਤਰ ਵੱਲ ਨੂੰ ਜਾ ਰਹੀ ਸੀ। ਇਹ ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਦੇ ਚਿੱਥੜੇ ਉੱਡ ਗਏ ਅਤੇ ਇਹ ਤਿੰਨੇ ਭੈਣਾਂ ਮੌਕੇ 'ਤੇ ਹੀ ਮਾਰੀਆਂ ਗਈਆਂ। ਚੀਫ ਡਿਪਟੀ ਕੋਰੋਨਰ ਮਾਈਕ ਐਲਿਸ ਅਨੁਸਾਰ, ਕਾਰ ਸਪੀਡ ਸੀਮਾ ਤੋਂ ਬਹੁਤ ਜ਼ਿਆਦਾ ਤੇਜ਼ ਜਾ ਰਹੀ ਸੀ। ਉਸ ਅਨੁਸਾਰ, ਹਾਦਸੇ ਵਿਚ ਕੋਈ ਹੋਰ ਵਾਹਨ ਸ਼ਾਮਲ ਨਹੀਂ ਸੀ। ਕਈ ਗ੍ਰੀਨਵਿਲੇ ਕਾਉਂਟੀ ਈ.ਐੱਮ.ਐੱਸ. ਯੂਨਿਟਾਂ, ਗੈਂਟ ਫਾਇਰ ਐਂਡ ਰੈਸਕਿਊ ਅਤੇ ਸਾਊਥ ਕੈਰੋਲੀਨਾ ਹਾਈਵੇ ਪੈਟਰੋਲ ਦੇ ਜਵਾਬਕਰਤਾਵਾਂ ਨੇ ਇਹ ਸਭ ਕੁਝ ਬਹੁਤ ਤੇਜ਼ੀ ਨਾਲ ਜਾਂਦਾ ਦਿਖਾਇਆ। ਦੁਖਦਾਈ ਤੌਰ 'ਤੇ, ਇਕਲੌਤਾ ਵਿਅਕਤੀ ਜੋ ਹਾਦਸੇ ਤੋਂ ਬਚਣ ਵਿਚ ਕਾਮਯਾਬ ਰਿਹਾ, ਸਪੱਸ਼ਟ ਤੌਰ 'ਤੇ ਜ਼ਖਮੀ ਹੋ ਗਿਆ ਅਤੇ ਉਸ ਨੂੰ ਹਸਪਤਾਲ ਭੇਜਿਆ ਗਿਆ। ਕਾਰ ਦੇ ਸੈਂਸਿੰਗ ਸਿਸਟਮ ਨੇ ਆਪਣੇ ਅਜ਼ੀਜ਼ਾਂ ਨੂੰ ਹਾਦਸੇ ਬਾਰੇ ਸੂਚਿਤ ਕੀਤਾ, ਜਿਨ੍ਹਾਂ ਨੇ ਫਿਰ ਦੱਖਣੀ ਕੈਰੋਲੀਨਾ ਦੇ ਅਧਿਕਾਰੀਆਂ ਹਾਦਸੇ ਹੋਣ ਬਾਰੇ ਉਨ੍ਹਾਂ ਨਾਲ ਸੰਪਰਕ ਕੀਤਾ।

# ਬਹੁਤੇ ਅਮਰੀਕੀਆਂ ਲਈ ਭਵਿੱਖ 'ਚ 9/11 ਵਰਗਾ ਅੱਤਵਾਦੀ ਹਮਲਾ ਰੋਕਣਾ ਉੱਚ ਤਰਜੀਹ

**■ ਤਾਜ਼ਾ ਸਰਵੇਖਣ 'ਚ ਹੋਇਆ ਖੁਲਾਸਾ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਇਕ ਤਾਜ਼ਾ ਸਰਵੇਖਣ ਵਿਚ ਬਹੁਤੇ ਅਮਰੀਕੀਆਂ ਨੇ ਕਿਹਾ ਹੈ ਕਿ ਵਿਦੇਸ਼ ਨੀਤੀ ਵਿਚ ਭਵਿੱਖ ਵਿਚ 9/11 ਵਰਗਾ ਅੱਤਵਾਦੀ ਹਮਲਾ ਰੋਕਣ ਦਾ ਮੁੱਦਾ ਚੋਟੀ ਦੀ ਤਰਜੀਹ ਵਜੋਂ ਸ਼ਾਮਲ ਹੋਣਾ ਚਾਹੀਦਾ ਹੈ, ਨਾ ਕਿ ਵਿਸ਼ਵ ਭਰ ਵਿਚ ਲੋਕਤੰਤਰ ਨੂੰ ਉਤਸ਼ਾਹਿਤ ਕਰਨਾ ਤੇ ਮਨੁੱਖੀ ਹੱਕ ਉੱਚ ਤਰਜੀਹ ਵਿਚ ਸ਼ਾਮਲ ਹੋਣ, ਜਿਵੇਂ ਕਿ ਸਮੇਂ-ਸਮੇਂ 'ਤੇ ਬਣੇ ਰਾਸ਼ਟਰਪਤੀਆਂ ਜਾਂ ਅਮਰੀਕੀ ਪ੍ਰਸ਼ਾਸਨ ਦੀ ਤਰਜੀਹ ਰਹੇ ਹਨ। ਇਸ ਤੋਂ ਇਲਾਵਾ ਗੈਰ ਕਾਨੂੰਨੀ ਡਰੱਗ ਦੇ ਵਹਾਅ ਨੂੰ ਰੋਕਣਾ ਦੂਸਰੀ ਤੇ ਪ੍ਰਮਾਣੂ ਹਥਿਆਰਾਂ ਦੇ ਪਸਾਰ ਨੂੰ ਰੋਕਣਾ ਤੀਸਰੀ ਤਰਜੀਹ ਵਜੋਂ ਵਿਦੇਸ਼ ਨੀਤੀ ਦੀ ਸੂਚੀ ਵਿਚ ਸ਼ਾਮਲ ਹੋਣੇ ਚਾਹੀਦੇ ਹਨ। ਇਸ ਸਰਵੇਖਣ ਅਨੁਸਾਰ ਰੂਸ ਤੇ ਚੀਨ ਦੇ ਪ੍ਰਭਾਵ ਨੂੰ ਘਟਾਉਣਾ ਤੇ ਵਾਤਾਵਰਣ ਤਬਦੀਲੀ ਨਾਲ ਲੜਨਾ ਅਮਰੀਕੀਆਂ ਵੱਲੋਂ ਸੂਚੀ ਦੇ ਮੱਧ ਵਿਚ ਸ਼ਾਮਲ ਕੀਤੇ ਗਏ ਹਨ। ਜਦਕਿ ਸੰਯੁਕਤ ਰਾਸ਼ਟਰ ਨੂੰ ਮਜ਼ਬੂਤ ਕਰਨਾ ਤੇ ਮਨੁੱਖੀ ਹੱਕਾਂ ਨੂੰ ਉਤਸ਼ਾਹਿਤ ਕਰਨਾ ਸੂਚੀ ਦੀਆਂ ਹੇਠਲੀਆਂ ਤਰਜੀਹਾਂ ਵਿਚ ਦਰਜ ਹੋਏ ਹਨ। ਸਰਵੇ ਵਿਚ ਵਿਸ਼ਵ ਭਰ 'ਚ ਲੋਕਤੰਤਰ ਨੂੰ ਉਤਸ਼ਾਹਿਤ ਕਰਨ ਦੇ ਮੁੱਦੇ ਨੂੰ ਸੂਚੀ ਵਿਚ ਸਭ ਤੋਂ ਹੇਠਾਂ ਜਗ੍ਹਾ ਮਿਲੀ ਹੈ। ਪੀਊ ਰਿਸਰਚ ਸੈਂਟਰ ਨੇ ਅਪ੍ਰੈਲ ਦੇ ਪਹਿਲੇ ਹਫਤੇ ਵਿਚ ਅਮਰੀਕੀ ਵਿਦੇਸ਼ ਨੀਤੀ ਦੀਆਂ ਤਰਜੀਹਾਂ ਸਬੰਧੀ 3000 ਅਮਰੀਕੀਆਂ ਦੀ ਰਾਏ ਲਈ ਸੀ। 11 ਸਤੰਬਰ, 2001 ਨੂੰ ਅਮਰੀਕੀ ਟਰੇਡ ਟਾਵਰਾਂ 'ਤੇ ਹੋਏ ਭਿਆਨਕ ਅੱਤਵਾਦੀ ਹਮਲੇ ਜਿਸ ਵਿਚ 35 ਭਾਰਤੀਆਂ ਸਮੇਤ 3000 ਦੇ ਕਰੀਬ ਲੋਕ ਮਾਰੇ ਗਏ ਸਨ, ਦੀਆਂ ਯਾਦਾਂ ਨੂੰ ਮੰਨਾਂ ਵਿਚ ਵਸਾਈ ਬੈਠੇ 73 ਫੀਸਦੀ ਅਮਰੀਕੀਆਂ ਨੇ ਕਿਹਾ ਹੈ ਕਿ ਵਿਦੇਸ਼ੀ ਨੀਤੀ ਦੀ ਸਿਰੇ ਦੀ ਤਰਜੀਹ ਭਵਿੱਖ 'ਚ ਅੱਤਵਾਦੀ ਹਮਲੇ ਰੋਕਣ ਦੀ ਹੋਣੀ ਚਾਹੀਦੀ ਹੈ। 64 ਫੀਸਦੀ ਅਮਰੀਕੀਆਂ ਨੇ ਕਿਹਾ ਹੈ ਕਿ ਦੇਸ਼ ਵਿਚ ਗੈਰ ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਵਹਾਅ ਨੂੰ ਰੋਕਣਾ ਦੂਸਰੀ ਉੱਚ ਤਰਜੀਹ ਹੋਣੀ ਚਾਹੀਦੀ ਹੈ, ਜਦ ਕਿ 63 ਫੀਸਦੀ ਨੇ ਕਿਹਾ ਹੈ ਕਿ ਵਿਆਪਕ ਤਬਾਹੀ ਵਾਲੇ ਪ੍ਰਮਾਣੂ ਹਥਿਆਰਾਂ ਦੇ ਪਸਾਰ ਨੂੰ ਰੋਕਣਾ ਵਿਦੇਸ਼ ਨੀਤੀ ਦੀ ਤੀਸਰੀ ਤਰਜੀਹ ਹੋਵੇ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**


ਸੱਦਾ ਪੱਤਰ

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਰਜਿ.)

ਸੈਕਰਾਮੈਂਟੋ/ਯੂਬਾ ਸਿਟੀ

ਵੱਲੋਂ 20ਵੀਂ

ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ

ਮਈ 19, ਐਤਵਾਰ, 2024, ਸਵੇਰੇ 9 ਵਜੇ ਤੋਂ 6 ਵਜੇ ਤੱਕ

ਸਥਾਨ : Pooja Restaurant, 1223 Merkely Ave. West Sacramento, 95691

ਪ੍ਰੋਗਰਾਮ

- ਉਦਘਾਟਨ : 9.00 ਵਜੇ ਸਵੇਰੇ
- ਕਵੀ ਸੰਮੇਲਨ : 11.00 ਵਜੇ
- ਦੁਪਹਿਰ ਦਾ ਖਾਣਾ : 1.30 ਵਜੇ
- ਪੰਜਾਬੀ ਸਾਹਿਤ ਵਿਚਾਰ ਵਟਾਂਦਰਾ : 2.00 ਵਜੇ
- ਗੀਤ ਸੰਗੀਤ : 5.00 ਵਜੇ ਸ਼ਾਮ

ਆਪ ਜੀ ਨੂੰ ਬੇਨਤੀ ਹੈ ਕਿ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ 20ਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਮਿਤੀ 19 ਮਈ, 2024 ਨੂੰ ਹੋ ਰਹੀ ਹੈ। ਇਸ ਮੌਕੇ ਪੰਜਾਬੀ ਸਾਹਿਤ ਬਾਰੇ ਪਰਚੇ ਪੜ੍ਹੇ ਜਾਣਗੇ। ਕਵੀ ਸੰਮੇਲਨ ਹੋਵੇਗਾ। ਪੰਜਾਬੀ ਮਾਂ ਬੋਲੀ ਬਾਰੇ ਵਿਚਾਰ ਚਰਚਾ ਹੋਵੇਗੀ। ਇਸ ਤੋਂ ਇਲਾਵਾ ਗੀਤ-ਸੰਗੀਤ ਹੋਵੇਗਾ। ਆਪ ਜੀ ਨੂੰ ਬੇਨਤੀ ਹੈ ਕਿ ਆਪ ਇਸ ਮੌਕੇ ਪਹੁੰਚ ਕੇ ਕਾਨਫਰੰਸ ਦੀ ਰੌਣਕ ਨੂੰ ਵਧਾਉ।

ਦਲਵੀਰ 'ਦਿਲ' ਨਿੱਜਰ
ਪ੍ਰਧਾਨ
916-628-2210

ਉਡੀਕਵਾਨ :
ਸਮੁੱਚੀ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ

ਗੁਰਜਤਿੰਦਰ ਸਿੰਘ ਰੰਧਾਵਾ
ਜਨਰਲ ਸਕੱਤਰ
916-320-9444

# ਅਮਰੀਕਾ ’ਚ ਕਾਰ ਨੂੰ ਅੱਗ ਲੱਗਣ ਕਾਰਨ ਜ਼ਿੰਦਾ ਸੜਿਆ ਭਾਰਤੀ ਪਰਿਵਾਰ

**ਸਾਨ ਫਰਾਂਸਿਸਕੋ, (ਰਾਜ ਗੋਗਨਾ/ਪੰਜਾਬ ਮੇਲ)-** ਕੈਲੀਫੋਰਨੀਆ ਸੂਬੇ ਦੇ ਸਾਨ ਫਰਾਂਸਿਸਕੋ ਬੇਅ ਇਲਾਕੇ ਦੇ ਨੇੜੇ ਪਲੇਸੈਂਟਨ ਵਿਚ ਇੱਕ ਇਲੈਕਟ੍ਰਿਕ ਕਾਰ ਦੇ ਹਾਦਸਾਗ੍ਰਸਤ ਹੋ ਜਾਣ ਕਾਰਨ ਕਾਰ ਸਵਾਰ ਇੱਕ ਮਲਿਆਲੀ ਭਾਰਤੀ ਪਰਿਵਾਰ ਦੇ ਚਾਰ ਮੈਂਬਰਾਂ ਦੀ ਮੌਤ ਹੋ ਜਾਣ ਦੀ ਦੁਖ਼ਦਾਈ ਖ਼ਬਰ ਪ੍ਰਾਪਤ ਹੋਈ ਹੈ। ਮਰਨ ਵਾਲਿਆਂ ’ਚ ਤਰੁਣ ਜਾਰਜ, ਉਸ ਦੀ ਪਤਨੀ ਰਿੰਸੀ ਅਤੇ ਉਨ੍ਹਾਂ ਦੇ 2 ਬੱਚੇ ਸ਼ਾਮਲ ਹਨ।



ਇਹ ਹਾਦਸਾ ਰਾਤ ਕਰੀਬ 9.30 ਵਜੇ ਦੇ ਕਰੀਬ ਸਟੋਨਰਿਜ ਡਰਾਈਵ ਨੇੜੇ ਵਾਪਰਿਆ। ਕਾਰ ਸੜਕ ਕਿਨਾਰੇ ਇੱਕ ਦਰੱਖਤ ਨਾਲ ਟਕਰਾ ਗਈ, ਜਿਸ ਕਾਰਨ ਕਾਰ ਨੂੰ ਭਿਆਨਕ ਅੱਗ ਲੱਗ ਗਈ। ਦਰਦਨਾਕ ਹਾਦਸੇ ’ਚ ਕਾਰ ਪੂਰੀ ਤਰ੍ਹਾਂ ਸੜ ਗਈ ਤੇ ਕਾਰ ਸਵਾਰ 4 ਲੋਕ ਕਾਰ ’ਚੋਂ ਬਾਹਰ ਨਾ ਨਿਕਲ ਸਕੇ ਤੇ ਉਨ੍ਹਾਂ ਦੀ ਵੀ ਮੌਕੇ ’ਤੇ ਹੀ ਸੜ ਜਾਣ ਕਾਰਨ ਮੌਤ ਹੋ ਗਈ।

ਇਸ ਦੌਰਾਨ ਮੌਕੇ ’ਤੇ ਪਹੁੰਚੀ ਪੁਲਿਸ ਨੇ ਸੋਸ਼ਲ ਮੀਡੀਆ ’ਤੇ ਬਿਆਨ ਜਾਰੀ ਕਰਕੇ ਦੱਸਿਆ ਕਿ ਫਿਲਹਾਲ ਮਾਮਲੇ ਦੀ ਜਾਂਚ ਜਾਰੀ ਹੈ। ਜਾਂਚ ਦੌਰਾਨ ਕੋਈ ਵੀ ਸੂਚਨਾ ਪ੍ਰਾਪਤ ਹੁੰਦੀ ਹੈ, ਤਾਂ ਉਹ ਜ਼ਰੂਰ ਸਾਂਝੀ ਕੀਤੀ ਜਾਵੇਗੀ।

ਪਲੇਸੈਂਟਨ ਯੂਨੀਫਾਈਡ ਸਕੂਲ ਡਿਸਟ੍ਰਿਕਟ ਨੇ ਕਿਹਾ ਕਿ ਮਾਰੇ ਗਏ ਬੱਚੇ ਉਨ੍ਹਾਂ ਦੇ ਸਕੂਲ ਦੇ ਵਿਦਿਆਰਥੀ ਸਨ ਤੇ ਤਰੁਣ ਜਾਰਜ ਇੱਕ ਤਕਨੀਕੀ ਕੰਪਨੀ ’ਚ ਕੰਮ ਕਰਦਾ ਸੀ। ਯੂਨੀਫਾਈਡ ਪਲੇਸੈਂਟਨ ਸਕੂਲ ਡਿਸਟ੍ਰਿਕਟ ਦਾ ਕਹਿਣਾ ਹੈ ਕਿ ਆਪਣੇ ਮਾਤਾ-ਪਿਤਾ ਨਾਲ ਮਾਰੇ ਗਏ ਬੱਚਿਆਂ ਵਿਚੋਂ ਇੱਕ ਮਿਡਲ ਸਕੂਲ ਅਤੇ ਦੂਜਾ ਐਲੀਮੈਂਟਰੀ ਸਕੂਲ ਵਿਚ ਪੜ੍ਹਦਾ ਸੀ।

# ਅਮਰੀਕਾ ’ਚ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ ’ਚ ਮੌਤ

**ਸੈਕਰਾਮੈਂਟੋ, (ਪੰਜਾਬ ਮੇਲ)-** ਅਮਰੀਕਾ ’ਚ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ ’ਚ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਦੀ ਪਹਿਚਾਣ ਜੁਗਰਾਜ ਸਿੰਘ ਪੁੱਤਰ ਦਿਲਬਾਗ ਸਿੰਘ ਵਜੋਂ ਹੋਈ ਹੈ। ਮ੍ਰਿਤਕ ਅਜਨਾਲਾ ਦੀ ਹੱਦ ਨਾਲ ਲੱਗਦੇ ਪਿੰਡ ਇਬਰਾਹਿਮਪੁਰਾ ਦਾ ਰਹਿਣ ਵਾਲਾ ਸੀ।



- **ਡਰਾਈਵਿੰਗ ਲਾਇਸੈਂਸ ਬਣਨ ’ਤੇ ਗੁਰੂ ਘਰ ਸ਼ੁਕਰਾਨਾ ਕਰਕੇ ਆ ਰਿਹਾ ਸੀ ਘਰ**
- **ਇਕ ਸਾਲ ਪਹਿਲਾਂ ਹੀ 43 ਲੱਖ ਰੁਪਏ ਖ਼ਰਚ ਕਰਕੇ ਕੈਲੇਫੋਰਨੀਆ ਗਿਆ ਸੀ ਮ੍ਰਿਤਕ**

ਮਿਲੀ ਜਾਣਕਾਰੀ ਅਨੁਸਾਰ ਜੁਗਰਾਜ ਸਿੰਘ ਨੂੰ ਬੀਤੇ ਦਿਨੀਂ ਉਸ ਦਾ ਡਰਾਈਵਿੰਗ ਲਾਇਸੈਂਸ ਤਿਆਰ ਹੋਣ ਸਬੰਧੀ ਜਾਣਕਾਰੀ ਮਿਲੀ ਸੀ, ਜਿਸ ਤੋਂ ਬਾਅਦ ਉਹ ਗੁਰਦੁਆਰਾ ਸਾਹਿਬ ਵਿਖੇ ਸ਼ੁਕਰਾਨਾ ਕਰਕੇ ਘਰ ਆ ਰਿਹਾ ਸੀ। ਰਸਤੇ ਵਿਚ ਉਸ ਦੀ ਗੱਡੀ ਦਾ ਐਕਸੀਡੈਂਟ ਹੋਣ ਨਾਲ ਮੌਕੇ ’ਤੇ ਹੀ ਉਸ ਦੀ ਮੌਤ ਹੋ ਗਈ। ਮ੍ਰਿਤਕ ਦੇ ਪਰਿਵਾਰ ਨੇ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਜੁਗਰਾਜ ਸਿੰਘ ਦੀ ਮ੍ਰਿਤਕ ਦੇਹ ਨੂੰ ਪੰਜਾਬ ਲਿਆਂਦਾ ਜਾਵੇ, ਤਾਂ ਜੋ ਅਸੀਂ ਉਸ ਦਾ ਅੰਤਿਮ ਸਸਕਾਰ ਪਿੰਡ ਵਿਚ ਕਰ ਸਕੀਏ।

ਉੱਧਰ ਮ੍ਰਿਤਕ ਦੇ ਭਰਾ ਨੇ ਦੱਸਿਆ ਕਿ ਜੁਗਰਾਜ ਸਿੰਘ ਨੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਸੋਸ਼ਲ ਮੀਡੀਆ ਰਾਹੀਂ ਇਕ ਤਸਵੀਰ ਪਰਿਵਾਰ ਨੂੰ ਭੇਜੀ ਸੀ, ਜੋ ਕਿ ਉਸ ਦੀ ਆਖ਼ਰੀ ਤਸਵੀਰ ਸਾਬਤ ਹੋਈ। ਮ੍ਰਿਤਕ ਜੁਗਰਾਜ ਸਿੰਘ ਚਾਰ ਭੈਣ ਭਰਾ ਸਨ, ਉਸ ਦੀਆਂ 2 ਵੱਡੀਆਂ ਭੈਣਾਂ ਹਨ, ਜੋ ਕਿ ਵਿਆਹੀਆਂ ਹੋਈਆਂ ਹਨ ਤੇ ਜੁਗਰਾਜ ਸਿੰਘ ਸਾਰੇ ਭੈਣ ਭਰਾਵਾਂ ਤੋਂ ਛੋਟਾ ਸੀ।

# ਅਮਰੀਕਾ ’ਚ ਮਾਮੂਲੀ ਤਕਰਾਰ ਨੇ ਲਈ ਪੰਜਾਬੀ ਨੌਜਵਾਨ ਦੀ ਜਾਨ

**ਲੂਸੀਆਨਾ, (ਨੀਟਾ ਮਾਛੀਕੇ/ਪੰਜਾਬ ਮੇਲ)-** ਅਮਰੀਕਾ ਦੀ ਲੂਸੀਆਨਾ ਸਟੇਟ ਦੇ ਸ਼ਹਿਰ ਗਰੀਨਵੁੱਡ ਵਿਖੇ ਪੰਜਾਬੀ ਨੌਜਵਾਨ ਦੇ ਕਤਲ ਕੀਤੇ ਜਾਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਸੜਕ ’ਤੇ ਹੋਈ ਮਾਮੂਲੀ ਤਕਰਾਰ ਨੇ ਪੰਜਾਬੀ ਨੌਜਵਾਨ ਗੁਰਪ੍ਰੀਤ ਸਿੰਘ ਜੱਜ (36), ਨਿਵਾਸੀ ਯੂਬਾ ਸਿਟੀ ਕੈਲੀਫੋਰਨੀਆ ਦੀ ਜਾਨ ਲੈ ਲਈ। ਇਹ ਘਟਨਾ ਬੀਤੇ ਹਫਤੇ ਮੰਗਲਵਾਰ ਸਵੇਰੇ 10 ਕੁ ਵਜੇ ਦੀ ਦੱਸੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਗੁਰਪ੍ਰੀਤ ਸਿੰਘ ਜੱਜ ਆਪਣੇ ਟਰੱਕ ਵਿਚ ਫਰੀਵੇਅ 20 ਤੇ ਟਰੈਵਲ ਕਰ ਰਿਹਾ ਸੀ ਕਿ ਉਸਦਾ ਡਾਰਕ ਰੰਗ ਦੇ ਐਕੁਇਰਾ ਐੱਸ.ਯੂ.ਵੀ. ਵਾਲੇ ਡਰਾਈਵਰ ਨਾਲ ਕਿਸੇ ਗੱਲੋਂ ਝਗੜਾ ਸ਼ੁਰੂ ਹੋ ਗਿਆ। ਬਹਿਸਬਾਜ਼ੀ ਤੋਂ ਗੱਲ ਅੱਗੇ ਵਧੀ। ਦੋਵਾਂ ਡਰਾਈਵਰਾਂ ਨੇ ਗੱਡੀਆਂ 20 ਫਰੀਵੇਅ ਅਤੇ ਹਾਈਵੇਅ 80 ਦੇ ਇਗਜ਼ਟ ਨੰਬਰ ਤਿੰਨ ਦੇ ਰੈਂਪ ’ਤੇ ਕੱਢ ਲਈਆ। ਜਦੋਂ ਗੁਰਪ੍ਰੀਤ ਸਿੰਘ ਜੱਜ ਆਪਣੇ ਸੈਮੀ ਟਰੱਕ ਵਿਚੋਂ ਉਤਰਕੇ ਡਾਰਕ ਰੰਗ ਦੇ ਐੱਸ.ਯੂ.ਵੀ. ਵੱਲ ਨੂੰ ਵਧਿਆ, ਤਾਂ ਉਸਨੇ ਗੰਨ ਕੱਢ ਲਈ। ਇਹ ਵੇਖਕੇ ਗੁਰਪ੍ਰੀਤ ਸਿੰਘ ਜੱਜ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਕਾਰ ਡਰਾਈਵਰ ਨੇ ਉਸਨੂੰ ਪਿੱਛੋਂ ਗੋਲੀਆਂ ਨਾਲ ਭੁੰਨ ਦਿੱਤਾ, ਜਿਸ ਨਾਲ ਉਸ ਦੀ ਮੌਕੇ ਤੇ ਮੌਤ ਹੋ ਗਈ। ਕਾਰ ਡਰਾਈਵਰ ਟੈਕਸਾਸ ਸਟੇਟ ਵੱਲ ਨੂੰ ਹਾਈਵੇਅ 20 ’ਤੇ ਪੱਛਮ ਵੱਲ ਨੂੰ ਮੌਕੇ ਤੋਂ ਫਰਾਰ ਹੋ ਗਿਆ। ਪੁਲਿਸ ਮੌਕੇ ’ਤੇ ਮਜੂਦ ਹੋਰ ਟਰੱਕਾਂ ਦੇ ਕੈਮਰੇ ਖੰਗਾਲ ਕੇ ਦੋਸ਼ੀ ਦੀ ਪਹਿਚਾਣ ਕਰਨ ਵਿਚ ਲੱਗੀ ਹੋਈ ਹੈ। ਮ੍ਰਿਤਕ ਪੰਜਾਬ ਦੇ ਪਿੰਡ ਅਤੋਵਾਲ ਤੋਂ ਦੱਸਿਆ ਜਾ ਰਿਹਾ ਹੈ।

# ਨਵੇਂ ਪ੍ਰਵਾਸੀ ਅਮਰੀਕੀਆਂ ’ਚੋਂ ਫੈਲੋਸ਼ਿੱਪ ਲਈ 30 ਜੇਤੂਆਂ ’ਚ 6 ਭਾਰਤੀ ਅਮਰੀਕੀ ਵਿਦਿਆਰਥੀ ਸ਼ਾਮਲ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਨਵੇਂ ਅਮਰੀਕੀਆਂ ਲਈ ਪ੍ਰਵਾਸੀ ਤੇ ਪ੍ਰਵਾਸੀਆਂ ਦੇ ਬੱਚਿਆਂ ਵਾਸਤੇ ਗ੍ਰੈਜੂਏਟ ਸਕੂਲ ਪ੍ਰੋਗਰਾਮ ਤਹਿਤ ਮੈਰਿਟ ਆਧਾਰਿਤ ਪਾਲ ਐਂਡ ਡੇਜ਼ੀ ਸੋਰੋਸ ਫੈਲੋਸ਼ਿੱਪਸ ਵਾਸਤੇ 2024 ਦੇ 30 ਜੇਤੂਆਂ ਵਿਚ 6 ਭਾਰਤੀ ਅਮਰੀਕੀ ਵਿਦਿਆਰਥੀ ਸ਼ਾਮਿਲ ਹਨ। ਇਨ੍ਹਾਂ 30 ਜੇਤੂਆਂ ਦੀ ਚੋਣ 2323 ਪ੍ਰਾਰਥੀਆਂ ਵਿਚੋਂ ਕੀਤੀ ਗਈ ਹੈ, ਜਿਨ੍ਹਾਂ ਨੇ ਪੜ੍ਹਾਈ ਦੇ ਖੇਤਰ ਵਿਚ ਵਰਣਨਯੋਗ ਪ੍ਰਾਪਤੀਆਂ ਕੀਤੀਆਂ ਹਨ। ਇਨ੍ਹਾਂ ਵਿਚੋਂ ਹਰੇਕ ਨੂੰ ਗ੍ਰੈਜੂਏਟ ਪੜ੍ਹਾਈ ਲਈ 90,000 ਡਾਲਰ ਤੱਕ ਦਿੱਤੇ ਜਾਣਗੇ। ਇਸ ਫੈਲੋਸ਼ਿਪ ਦੇ ਜੇਤੂ 6 ਭਾਰਤੀ ਅਮਰੀਕੀ ਵਿਦਿਆਰਥੀਆਂ ਵਿਚ ਅਯੂਸ਼ ਕਰਨ, ਅਕਸ਼ੈ ਸਵਾਮੀਨਾਥਨ, ਕੀਰਥਨਾ ਹੋਗਿਰਾਲਾ, ਮਾਲਾਵਿਕਾ ਕਾਨਨ, ਸ਼ੁਭਵੂ ਭੱਟਾਚਾਰੀਆ ਤੇ ਅਨਾਨਿਯਾ ਅਗਸਟਿਨ ਮਲਹੋਤਰਾ ਸ਼ਾਮਲ ਹਨ। ਪਿਛਲੇ 26 ਸਾਲਾਂ ਦੌਰਾਨ ਇਸ ਪ੍ਰੋਗਰਾਮ ਤਹਿਤ 80 ਕਰੋੜ ਡਾਲਰ ਤੋਂ ਵਧ ਦਿੱਤੇ ਜਾ ਚੁੱਕੇ ਹਨ ਤੇ ਇਸ ਫੈਲੋਸ਼ਿੱਪ ਤਹਿਤ ਵਿਦਿਆਰਥੀਆਂ ਨੇ ਦਵਾਈਆਂ ਦੇ ਖੇਤਰ ਤੋਂ ਲੈ ਕੇ ਆਰਟਸ, ਲਾਅ ਤੇ ਬਿਜ਼ਨਸ ਦੇ ਖੇਤਰ ਵਿਚ ਪੜ੍ਹਾਈ ਕੀਤੀ ਹੈ।



ਫੈਲੋਸ਼ਿੱਪ ਲਈ ਚੁਣੇ 6 ਭਾਰਤੀ।

Global Allianz
LAW FIRM LLP
ਕਾਨੂੰਨੀ ਸਲਾਹ
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ ’ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188
Designed By Punjab Mail USA

# ਭਾਰਤੀ-ਅਮਰੀਕੀ ਨੇ 50 ਮਿਲੀਅਨ ਡਾਲਰ ਦਾ ਹੈਲਥ ਕੇਅਰ ਫਰਾਡ ਦਾ ਦੋਸ਼ ਕਬੂਲਿਆ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**-ਅਮਰੀਕਾ ਦੇ ਨਿਊਯਾਰਕ ਵਿਚ ਰਹਿਣ ਵਾਲੇ ਇਕ ਗੁਜਰਾਤੀ ਭਾਰਤੀ ਮਨੀਸ਼ ਪਟੇਲ ਨੇ 50 ਮਿਲੀਅਨ ਡਾਲਰ ਦੀ ਧੋਖਾਧੜੀ ਕੀਤੀ ਅਤੇ ਗ੍ਰਿਫ਼ਤਾਰੀ ਤੋਂ 6 ਮਹੀਨੇ ਬਾਅਦ ਉਸ ਨੇ ਅਦਾਲਤ ਵਿਚ ਆਪਣਾ ਦੋਸ਼ ਕਬੂਲ ਕਰ ਲਿਆ ਹੈ। ਦੋਸ਼ੀ ਮਨੀਸ਼ ਪਟੇਲ 'ਤੇ ਦੋਸ਼ ਹੈ ਕਿ ਉਸ ਨੇ ਜਾਅਲੀ ਨੁਸਖ਼ਿਆਂ ਅਤੇ ਫਰਜ਼ੀ ਲੈਬ ਟੈਸਟਾਂ ਦੇ ਰਾਹੀਂ ਦਵਾਈਆਂ ਅਤੇ ਮੈਡੀਕਲ ਉਪਕਰਣ ਵੇਚ ਕੇ ਲੱਖਾਂ ਡਾਲਰਾਂ ਦਾ ਕਮਿਸ਼ਨ ਖਾਧਾ ਸੀ। ਉਸ ਨੇ 50 ਮਿਲੀਅਨ ਡਾਲਰ ਦੇ ਹੈਲਥਕੇਅਰ ਘੁਟਾਲੇ ਵਿਚ ਆਪਣੀ ਸ਼ਮੂਲੀਅਤ ਕਬੂਲ ਕੀਤੀ ਹੈ।

ਨਿਊਯਾਰਕ ਦੀ ਦੱਖਣੀ ਜ਼ਿਲ੍ਹਾ ਅਦਾਲਤ ਦੇ ਅਟਾਰਨੀ ਡੈਮਿਅਨ ਵਿਲੀਅਮਜ਼ ਦੁਆਰਾ ਕੀਤੇ ਗਏ ਐਲਾਨ ਅਨੁਸਾਰ 44 ਸਾਲਾ ਮਨੀਸ਼ ਪਟੇਲ ਨੇ ਯੂ.ਐੱਸ. ਮੈਜਿਸਟ੍ਰੇਟ ਉਨਾ.ਟੀ. ਵੈਂਗ ਸਾਹਮਣੇ ਆਪਣੇ ਆਪ ਨੂੰ ਦੋਸ਼ੀ ਮੰਨਿਆ। ਇੱਕ ਹੋਰ ਵਿਅਕਤੀ ਨਾਲ ਮਿਲ ਕੇ ਉਸ ਨੇ ਕਾਲ ਸੈਂਟਰਾਂ ਤੋਂ ਜਾਣਕਾਰੀ ਪ੍ਰਾਪਤ ਕਰਨ ਦੇ ਨਾਲ-ਨਾਲ ਮੈਡੀਕੇਅਰ ਲਾਭਪਾਤਰੀਆਂ ਲਈ ਟੈਲੀਮੈਡੀਸਨ ਨਿਯੁਕਤੀਆਂ ਦਾ ਪ੍ਰਬੰਧ ਕੀਤਾ ਸੀ। ਮਰੀਜ਼ਾਂ ਦੀ ਜਾਣਕਾਰੀ ਤੋਂ ਬਿਨਾਂ ਨੁਸਖੇ ਅਤੇ ਉਨ੍ਹਾਂ 'ਤੇ ਡਾਕਟਰਾਂ ਦੇ ਜਾਅਲੀ ਦਸਤਖ਼ਤ ਸਨ। ਜਿਸ ਵਿਅਕਤੀ ਨਾਲ ਮਨੀਸ਼ ਨੇ ਇਸ ਘਪਲੇ ਨੂੰ ਅੰਜਾਮ ਦਿੱਤਾ, ਉਸ ਦੀ ਪਛਾਣ ਸੀ.ਸੀ.ਵਨ ਵਜੋਂ ਸਾਹਮਣੇ ਆਈ ਹੈ। ਮਨੀਸ਼ ਪਟੇਲ ਨੇ 2019 ਤੋਂ 2022 ਤੱਕ 50 ਮਿਲੀਅਨ ਡਾਲਰ ਦਾ ਘੁਟਾਲਾ ਕੀਤਾ ਅਤੇ ਅਕਤੂਬਰ 2023 ਵਿਚ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਮਨੀਸ਼ ਪਟੇਲ ਨੂੰ ਇੱਕ ਹੈਲਥਕੇਅਰ ਘੁਟਾਲੇ ਨੂੰ ਅੰਜਾਮ ਦੇਣ ਤੋਂ ਇਲਾਵਾ ਅਦਾਲਤ ਨੇ ਧੋਖਾਧੜੀ ਦਾ ਵੀ ਦੋਸ਼ੀ ਮੰਨਿਆ। ਦੋਵਾਂ ਨੂੰ ਵੱਧ ਤੋਂ ਵੱਧ ਪੰਜ ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਅਮਰੀਕੀ ਨਿਆਂ ਵਿਭਾਗ ਅਨੁਸਾਰ ਮਨੀਸ਼ ਪਟੇਲ ਨੇ 2019 ਅਤੇ 2022 ਵਿਚਕਾਰ ਜੋ ਘੁਟਾਲਾ ਚਲਾਇਆ ਸੀ, ਉਸ ਵਿਚ ਮੈਡੀਕਲ ਉਪਕਰਣਾਂ, ਦਵਾਈਆਂ ਅਤੇ ਮੈਡੀਕੇਅਰ ਲਾਭਪਾਤਰੀਆਂ ਨੂੰ ਮੈਡੀਕਲ ਉਪਕਰਣ ਸਪਲਾਇਰਾਂ, ਫਾਰਮੇਸੀਆਂ ਅਤੇ ਪ੍ਰਯੋਗਸ਼ਾਲਾਵਾਂ ਨੂੰ ਤਜਵੀਜ਼ ਕੀਤੇ ਗਏ ਲੈਬ: ਟੈਸਟਾਂ ਲਈ ਨਕਲੀ ਨੁਸਖ਼ੇ ਵੇਚਣਾ ਸ਼ਾਮਲ ਸੀ। ਪਟੇਲ ਨੇ ਇਹ ਸਾਰੀ ਸਮੱਗਰੀ ਮੈਡੀਕੇਅਰ ਲਾਭਪਾਤਰੀਆਂ ਨੂੰ ਬੁਲਾਉਣ ਵਾਲੇ ਕਾਲ ਸੈਂਟਰਾਂ ਤੋਂ ਪ੍ਰਾਪਤ ਕੀਤੀ ਸੀ। ਮਨੀਸ਼ ਪਟੇਲ ਕਾਲ ਸੈਂਟਰਾਂ ਰਾਹੀਂ ਪ੍ਰਾਪਤ ਹੋਈ, ਇਸ ਸੂਚਨਾ ਰਾਹੀਂ ਸਿਹਤ ਸੰਭਾਲ ਲਾਭਪਾਤਰੀਆਂ ਦੀਆਂ ਜਾਅਲੀ ਟੈਲੀਮੈਡੀਸਨ ਨਿਯੁਕਤੀਆਂ ਦਾ ਪ੍ਰਬੰਧ ਕਰਦਾ ਸੀ ਅਤੇ ਇਹ ਸਾਰੀ ਜਾਣਕਾਰੀ ਡਾਕਟਰ ਨੂੰ ਭੇਜਦਾ ਸੀ, ਜੋ ਮਰੀਜ਼ ਨੂੰ ਦੇਖੇ ਬਿਨਾਂ ਹੀ ਨੁਸਖ਼ੇ 'ਤੇ ਦਸਤਖ਼ਤ ਕਰਦਾ ਸੀ। ਮਨੀਸ਼ ਪਟੇਲ ਡਾਕਟਰ ਦੇ ਦਸਤਖ਼ਤ ਕੀਤੇ ਨੁਸਖੇ ਮੈਡੀਕੇਅਰ ਪ੍ਰਦਾਤਾਵਾਂ ਨੂੰ ਵੇਚਦਾ ਸੀ, ਜੋ ਨੁਸਖ਼ੇ ਦੇ ਆਧਾਰ 'ਤੇ ਦਵਾਈਆਂ, ਮੈਡੀਕਲ ਸਾਜ਼ੋ-ਸਾਮਾਨ ਜਾਂ ਲੈਬ ਟੈਸਟਾਂ ਲਈ ਭੁਗਤਾਨ ਕਰਨਗੇ।

ਪਟੇਲ ਆਪਣੀ ਸੈਟਿੰਗ ਰਾਹੀਂ ਜੋ ਜਾਅਲੀ ਨੁਸਖੇ ਤਿਆਰ ਕਰਦਾ ਸੀ, ਉਸ ਵਿਚ ਦਵਾਈ ਜਾਂ ਮੈਡੀਕਲ ਉਪਕਰਨ ਮਰੀਜ਼ ਦੀ ਜਾਣਕਾਰੀ ਤੋਂ ਬਿਨਾਂ ਅਤੇ ਉਸ ਦੀ ਲੋੜ ਨਾ ਵੀ ਹੋਣ ਦੇ ਬਾਵਜੂਦ ਵੀ ਭੇਜੇ ਜਾਂਦੇ ਸਨ, ਜਿਸ ਨੂੰ ਬਹੁਤ ਸਾਰੇ ਮਰੀਜ਼ਾਂ ਭਾਵ ਮੈਡੀਕੇਅਰ ਲਾਭਪਾਤਰੀਆਂ ਨੇ ਰੱਦ ਵੀ ਕਰ ਦਿੱਤਾ ਸੀ।

ਜਦੋਂ ਕਈ ਡਾਕਟਰਾਂ ਨੂੰ ਮਨੀਸ਼ ਦੇ ਇਸ ਘਪਲੇ ਦੇ ਬਾਰੇ ਪਤਾ ਲੱਗਾ ਤਾਂ ਕਈ ਡਾਕਟਰਾਂ ਨੇ ਉਸ ਦਾ ਪਰਦਾਫਾਸ਼ ਕਰਨ ਦੀਆਂ ਧਮਕੀਆਂ ਦਿੱਤੀਆਂ। ਇੱਥੋਂ ਤੱਕ ਕਿ ਮੈਡੀਕੇਅਰ ਯਾਨੀ ਬੀਮਾ ਕੰਪਨੀਆਂ ਵੀ ਅਕਸਰ ਇਨ੍ਹਾਂ ਨੁਸਖ਼ਿਆਂ ਵਿਚ ਲਿਖੀਆਂ ਵਸਤੂਆਂ ਦੇ ਬਿੱਲ ਰੱਦ ਕਰ ਦਿੰਦੀਆਂ ਸਨ। ਇਸ ਕਾਰਨ ਮਨੀਸ਼ ਦੀ ਧੋਖਾਧੜੀ ਦਾ ਪਰਦਾਫਾਸ਼ ਹੋ ਗਿਆ। ਹਾਲਾਂਕਿ, ਮਨੀਸ਼ ਪਟੇਲ ਨੇ ਤਿੰਨ ਸਾਲਾਂ ਦੇ ਸਮੇਂ ਵਿਚ ਜੋ ਘਪਲਾ ਕੀਤਾ, ਉਸ ਨਾਲ ਅਮਰੀਕੀ ਸਰਕਾਰ ਨੂੰ 50 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ। ਹੁਣ ਜਦੋਂ ਮਨੀਸ਼ ਨੇ ਆਪਣਾ ਜੁਰਮ ਕਬੂਲ ਕਰ ਲਿਆ ਹੈ, ਤਾਂ ਉਸ ਨੂੰ ਜੇਲ੍ਹ ਦੀ ਸਜ਼ਾ ਹੋਣੀ ਤੈਅ ਹੈ ਪਰ ਉਸ ਨੂੰ ਅਮਰੀਕਾ ਤੋਂ ਵਾਪਸ ਵੀ ਭੇਜਿਆ ਜਾ ਸਕਦਾ ਹੈ। ਉਸ ਨੂੰ 26 ਜੁਲਾਈ ਸਵੇਰੇ 10:00 ਵਜੇ ਯੂ.ਐੱਸ. ਜ਼ਿਲ੍ਹਾ ਸ਼ੈਸਨ ਜੱਜ ਨਿਊਯਾਰਕ ਲੌਰਨਾ ਸ਼ੋਫੀਲਡ ਦੀ ਅਦਾਲਤ 'ਚ ਸ਼ਜਾ ਸੁਣਾਈ ਜਾਣੀ ਹੈ।

# ਓਨਟਾਰੀਓ ਦੇ ਸਕੂਲਾਂ 'ਚ ਮੋਬਾਈਲ ਫੋਨ ਦੀ ਵਰਤੋਂ 'ਤੇ ਪਾਬੰਦੀ

**ਵੈਨਕੂਵਰ, (ਪੰਜਾਬ ਮੇਲ)**- ਕੈਨੇਡਾ ਦੀ ਓਨਟਾਰੀਓ ਸਰਕਾਰ ਵਲੋਂ ਸਕੂਲਾਂ ਵਿਚ ਵਿਦਿਆਰਥੀਆਂ 'ਤੇ ਸਕੂਲ ਸਮੇਂ ਮੋਬਾਈਲ ਫੋਨ ਵਰਤਣ 'ਤੇ ਪਾਬੰਦੀ ਲਾ ਦਿੱਤੀ ਹੈ, ਜੋ 3 ਸਤੰਬਰ ਤੋਂ ਸ਼ੁਰੂ ਹੋਣ ਵਾਲੇ ਵਿਦਿਅਕ ਵਰ੍ਹੇ ਤੋਂ ਲਾਗੂ ਹੋਵੇਗੀ।

ਸੂਬਾਈ ਸਿੱਖਿਆ ਮੰਤਰੀ ਸਟੀਫਨ ਲੈਸੀ ਨੇ ਐਲਾਨ ਕਰਦਿਆਂ ਕਿਹਾ ਕਿ ਐਲੀਮੈਂਟਰੀ ਸਕੂਲਾਂ ਵਿਚ ਸਾਰਾ ਦਿਨ ਅਤੇ ਮਿਡਲ ਤੇ ਹਾਈ ਸਕੂਲਾਂ 'ਚ ਪੜ੍ਹਾਈ ਦੇ ਸਮੇਂ ਦੌਰਾਨ ਕੋਈ ਵਿਦਿਆਰਥੀ ਨਾ ਤਾਂ ਫੋਨ ਨੂੰ ਹੱਥ ਵਿਚ ਲੈ ਸਕੇਗਾ ਤੇ ਨਾ ਹੀ ਕਿਸੇ ਨਸ਼ੀਲੇ ਪਦਾਰਥ ਦੀ ਵਰਤੋਂ ਕਰ ਸਕੇਗਾ। ਉਨ੍ਹਾਂ ਦੱਸਿਆ ਕਿ ਪੜ੍ਹਾਈ ਸਮੇਂ ਬੱਚਿਆਂ ਦਾ ਧਿਆਨ ਫੋਨ ਵੱਲ ਰਹਿਣ ਦੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਅਤੇ ਸਕੂਲ ਟਰੱਸਟੀਆਂ ਦੇ ਸੁਝਾਵਾਂ 'ਤੇ ਗੌਰ ਕਰਕੇ ਇਹ ਫੈਸਲਾ ਲਿਆ ਗਿਆ ਹੈ।

ਮੰਤਰੀ ਨੇ ਕਿਹਾ ਕਿ ਐਲੀਮੈਂਟਰੀ ਸਕੂਲਾਂ ਦੇ ਵਿਦਿਆਰਥੀ ਫੋਨ ਸਕੂਲ ਦੇ ਅੰਦਰ ਨਹੀਂ ਲਿਜਾ ਸਕਣਗੇ, ਪਰ ਮਿਡਲ ਅਤੇ ਹਾਈ ਸਕੂਲਾਂ ਵਿਚ ਪਾਬੰਦੀ ਨੂੰ ਥੋੜ੍ਹਾ ਨਰਮ ਕਰਕੇ ਪੜ੍ਹਾਈ ਸਮੇਂ ਤੱਕ ਸੀਮਤ ਕੀਤਾ ਗਿਆ ਹੈ। ਸਰਕਾਰੀ ਫੈਸਲੇ 'ਤੇ ਤਸੱਲੀ ਪ੍ਰਗਟ ਕਰਦੇ ਹੋਏ ਸਕੂਲ ਟਰੱਸਟੀ ਸਤਪਾਲ ਸਿੰਘ ਜੌਹਲ ਨੇ ਦੱਸਿਆ ਕਿ ਉਹ ਇਸ ਸਮੱਸਿਆ ਬਾਰੇ ਪਿਛਲੇ ਸਾਲ ਤੋਂ ਸਰਕਾਰ ਨੂੰ ਚੌਕਸ ਕਰ ਰਹੇ ਸੀ, ਜਿਸ ਨੂੰ ਮਨ ਕੇ ਸਰਕਾਰ ਨੇ ਵਿਦਿਅਕ ਪੱਧਰ ਵਿਚ ਗਿਰਾਵਟ ਨੂੰ ਰੋਕ ਲਿਆ ਹੈ। ਕੈਨੇਡਾ 'ਚ ਵਿਦਿਅਕ ਸਾਲ ਸਤੰਬਰ ਤੋਂ ਸ਼ੁਰੂ ਹੁੰਦਾ ਹੈ ਤੇ ਜੂਨ ਵਿਚ ਪ੍ਰੀਖਿਆਵਾਂ ਦੇ ਨਤੀਜੇ ਐਲਾਨ ਕੇ ਦੋ ਮਹੀਨੇ ਛੁੱਟੀਆਂ ਹੋ ਜਾਂਦੀਆਂ ਹਨ।

# ਤਰਨਜੀਤ ਸੰਧੂ ਨੂੰ ਭਾਜਪਾ ਨੇ ਅੰਮ੍ਰਿਤਸਰ ਤੋਂ ਉਮੀਦਵਾਰ ਐਲਾਨਿਆ : ਸੰਨੀ ਗਿੱਲ


ਸੰਨੀ ਗਿੱਲ ਤੇ ਤਰਨਜੀਤ ਸਿੰਘ ਸੰਧੂ।

ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)- ਸਿੱਖ ਕੌਮ ਦੀ ਸਿਰਮੌਰ ਹਸਤੀ ਤੇਜਾ ਸਿੰਘ ਸਮੁੰਦਰੀ ਦੇ ਪੋਤੇ, ਬਿਸ਼ਨ ਸਿੰਘ ਸਮੁੰਦਰੀ ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ, ਦੇ ਸਪੁੱਤਰ, ਜਗਜੀਤ ਸਿੰਘ ਸਮੁੰਦਰੀ (ਪੱਪੂ) ਦੇ ਛੋਟੇ ਭਰਾ ਤੇ ਸਿਆਟਲ ਦੀ ਜਾਣੀ-ਪਛਾਣੀ ਸ਼ਖਸੀਅਤ ਡਾ. ਬੌਬੀ ਵਿਰਕ ਦੇ ਮਾਮਾ ਜੀ ਤਰਨਜੀਤ ਸਿੰਘ ਸੰਧੂ ਭਾਰਤ ਦੇ ਅੰਬੈਸਡਰ ਰਹੇ ਤੇ ਸੇਵਾਮੁਕਤ ਹੋਏ, ਜਿਨ੍ਹਾਂ ਨੂੰ ਅੰਮ੍ਰਿਤਸਰ ਤੋਂ ਭਾਜਪਾ ਨੇ ਉਮੀਦਵਾਰ ਐਲਾਨਿਆ ਹੈ। ਇਹ ਜਾਣਕਾਰੀ ਦਿੰਦੇ ਹੋਏ ਸਿਆਟਲ ਦੇ ਨਾਮਵਰ ਕਾਰੋਬਾਰੀ ਸੰਨੀ ਗਿੱਲ ਨੇ ਦੱਸਿਆ ਕਿ ਐਸੀ ਸ਼ਾਨਦਾਰ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤਸਰ ਤੋਂ ਭਾਜਪਾ ਵਿਚ ਸ਼ਾਮਲ ਹੋ ਗਏ ਹਨ, ਜੋ ਅੰਮ੍ਰਿਤਸਰ ਰਹਿ ਕੇ ਪੂਰੀ ਮਦਦ ਕਰ ਰਹੇ ਹਨ। ਸੁਖਪਾਲ ਸਿੰਘ ਧਨੋਆ ਜੋ ਪੀ.ਟੀ.ਸੀ. 'ਚ ਕੰਮ ਕਰ ਰਹੇ ਹਨ, ਪਹਿਲਾਂ ਹੀ ਮਦਦ 'ਚ ਜੁਟੇ ਹਨ, ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਬਤੌਰ ਲੈਕਚਰਾਰ ਰਹੇ ਹਨ। ਸੁਖਪਾਲ ਸਿੰਘ ਧਨੋਆ ਤੇ ਸੰਨੀ ਗਿੱਲ ਨੇ ਦੱਸਿਆ ਕਿ ਤਰਨਜੀਤ ਸਿੰਘ ਸੰਧੂ ਦੇ ਮਨ ਵਿਚ ਕਈ ਤਰ੍ਹਾਂ ਦੀਆਂ ਪਲੈਨਿੰਗਾਂ ਹਨ, ਜੋ ਅੰਮ੍ਰਿਤਸਰ 'ਚ ਕਰਨਾ ਚਾਹੁੰਦੇ ਹਨ ਅਤੇ ਕੈਬਨਿਟ ਵਿਚ ਅਹੁਦੇ ਦੀ ਆਸ ਰੱਖਦੇ ਹਨ। ਉਨ੍ਹਾਂ ਦੱਸਿਆ ਕਿ ਤਰਨਜੀਤ ਸਿੰਘ ਸੰਧੂ ਦੀ ਪੋਜ਼ੀਸ਼ਨ ਵਧੀਆ ਹੈ, ਜਿਨ੍ਹਾਂ ਨੂੰ ਜਿੱਤਣ ਦੀ ਪੂਰੀ ਆਸ ਹੈ।

# ਕੈਨੇਡਾ 'ਚ ਅੰਤਰਰਾਸ਼ਟਰੀ ਵਿਦਿਆਰਥੀ ਹਫ਼ਤੇ 'ਚ 24 ਘੰਟੇ ਹੀ ਕਰ ਸਕਣਗੇ ਕੰਮ

**ਓਟਾਵਾ, (ਪੰਜਾਬ ਮੇਲ)**- ਕੈਨੇਡਾ 'ਚ ਭਾਰਤੀ ਵਿਦਿਆਰਥੀਆਂ ਸਮੇਤ ਅੰਤਰਰਾਸ਼ਟਰੀ ਵਿਦਿਆਰਥੀ 'ਤੇ ਲਾਗੂ ਹੋਣ ਵਾਲੇ ਨਵੇਂ ਨਿਯਮ ਅਨੁਸਾਰ ਸਤੰਬਰ ਤੋਂ ਪ੍ਰਤੀ ਹਫ਼ਤੇ ਸਿਰਫ਼ 24 ਘੰਟੇ ਹੀ ਕੈਂਪਸ ਤੋਂ ਬਾਹਰ ਕੰਮ ਕਰ ਸਕਣਗੇ। ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਮੰਤਰੀ ਮਾਰਕ ਮਿਲਰ ਨੇ ਸੋਮਵਾਰ ਨੂੰ ਇੱਕ ਪ੍ਰੈਸ ਬਿਆਨ ਵਿਚ ਕਿਹਾ, "ਵਿਦਿਆਰਥੀਆਂ ਨੂੰ ਕੈਂਪਸ ਤੋਂ ਬਾਹਰ ਹਫ਼ਤੇ ਵਿਚ 20 ਘੰਟੇ ਤੋਂ ਵੱਧ ਕੰਮ ਕਰਨ ਦੀ ਆਗਿਆ ਦੇਣ ਵਾਲੀ ਅਸਥਾਈ ਨੀਤੀ 30 ਅਪ੍ਰੈਲ, 2024 ਨੂੰ ਖ਼ਤਮ ਹੋ ਜਾਵੇਗੀ ਅਤੇ ਇਸ ਨੂੰ ਅੱਗੇ ਨਹੀਂ ਵਧਾਇਆ ਜਾਵੇਗਾ।" ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਨੇ ਕੋਵਿਡ-19 ਮਹਾਮਾਰੀ ਦੌਰਾਨ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਕੰਮ ਦੇ ਘੰਟਿਆਂ ਦੀ 20 ਘੰਟੇ ਦੀ ਸੀਮਾ ਅਸਥਾਈ ਤੌਰ 'ਤੇ ਮੁਆਫ਼ ਕਰ ਦਿੱਤੀ ਸੀ, ਤਾਂ ਜੋ ਦੇਸ਼ ਨੂੰ ਦਰਪੇਸ਼ ਮਜ਼ਦੂਰਾਂ ਦੀ ਕਮੀ ਨੂੰ ਦੂਰ ਕੀਤਾ ਜਾ ਸਕੇ।

# ਗੁਰਬਖਸ਼ ਸਿੱਧੂ ਨੇ ਮੋਰਪਾਰਕ ਦੀਆਂ ਖੇਡਾਂ 'ਚ ਹਿੱਸਾ ਲੈ ਕੇ ਵਧਾਇਆ ਮਾਣ



**ਫਰਿਜ਼ਨੋ, (ਪੰਜਾਬ ਮੇਲ)**- ਫਰਿਜ਼ਨੋ ਨਿਵਾਸੀ ਐਥਲੀਟ ਸ. ਗੁਰਬਖ਼ਸ਼ ਸਿੰਘ ਸਿੱਧੂ ਅਮਰੀਕਾ ਵਿਚ ਅਕਸਰ ਸੀਨੀਅਰ ਖੇਡਾਂ ਵਿਚ ਭਾਗ ਲੈ ਕੇ ਭਾਈਚਾਰੇ ਦਾ ਨਾਮ ਰੌਸ਼ਨ ਕਰਦੇ ਰਹਿੰਦੇ ਹਨ। ਇਸੇ ਕੜੀ ਤਹਿਤ ਬੀਤੇ ਐਤਵਾਰ ਉਨ੍ਹਾਂ ਕੈਲੀਫੋਰਨੀਆ ਦੇ ਸ਼ਹਿਰ ਮੋਰਪਾਰਕ ਵਿਚ 69ਵੀਂ ਦੱਖਣੀ ਕੈਲੀਫੋਰਨੀਆ ਸਟ੍ਰਾਈਡਰਜ਼ ਟ੍ਰੈਕ ਐਂਡ ਫੀਲਡ ਗੇਮਾਂ ਵਿਚ ਹਿੱਸਾ ਲਿਆ ਤੇ ਕਈ ਮੈਡਲ ਆਪਣੇ ਨਾਮ ਕੀਤੇ। ਇਹ ਖੇਡਾਂ ਮੋਰਪਾਰਕ ਸਿਟੀ ਕਾਲਜ ਸਟੇਡੀਅਮ ਵਿਚ ਹੋਈਆਂ। ਇਨ੍ਹਾਂ ਖੇਡਾਂ ਦੌਰਾਨ ਗੁਰਬਖ਼ਸ਼ ਸਿੰਘ ਸਿੱਧੂ ਨੇ ਹੈਮਰ ਥਰੋ ਵਿਚ 36:36 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ ਜਿੱਤਿਆ। ਭਾਰ ਥਰੋ ਵਿਚ 12:91 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ ਜਿੱਤਿਆ ਅਤੇ ਸ਼ਾਟ ਪੁੱਟ ਵਿਚ 8:84 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ ਅਤੇ ਡਿਸਕਸ ਥਰੋ ਵਿਚ 26:75 ਮੀਟਰ ਦੀ ਦੂਰੀ ਨਾਲ ਸਿਲਵਰ ਮੈਡਲ ਜਿੱਤਿਆ। ਕੈਲੀਫੋਰਨੀਆ, ਐਰੀਜ਼ੋਨਾ ਅਤੇ ਨੇਵਾਡਾ ਰਾਜ ਦੇ ਲਗਭਗ 200 ਐਥਲੀਟਾਂ ਨੇ ਇਸ ਟਰੈਕ ਅਤੇ ਫੀਲਡ ਮੀਟ ਵਿਚ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਮੈਂ ਫਰਿਜ਼ਨੋ ਦੇ ਫਲਾਇਰਜ਼ ਕਲੱਬ ਦੀ ਨੁਮਾਇੰਦਗੀ ਕੀਤੀ ਅਤੇ ਕਲੱਬ ਲਈ 38 ਅੰਕ ਪ੍ਰਾਪਤ ਕੀਤੇ।

# ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੱਡਾ ਝਟਕਾ



**ਅਦਾਲਤ ਨੇ ਗੈਗ ਆਰਡਰ ਦੀ ਜਾਣਬੁੱਝ ਕੇ ਉਲੰਘਣਾ ਕਰਨ 'ਤੇ ਲਾਇਆ 9 ਹਜ਼ਾਰ ਡਾਲਰ ਦਾ ਜੁਰਮਾਨਾ**

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਬੀਤੇ ਦਿਨੀਂ ਮੰਗਲਵਾਰ ਨੂੰ ਨਿਊਯਾਰਕ ਦੀ ਅਦਾਲਤ ਨੇ ਸਖ਼ਤ ਚਿਤਾਵਨੀ ਦਿੱਤੀ ਹੈ। ਅਦਾਲਤ ਵੱਲੋਂ 9 ਵਾਰ ਦਿੱਤੇ ਗਏ ਗੈਗ ਆਰਡਰ ਦੀ ਉਲੰਘਣਾ ਕਰਨ 'ਤੇ ਟਰੰਪ ਨੂੰ 9 ਹਜ਼ਾਰ ਡਾਲਰ ਦਾ ਜੁਰਮਾਨਾ ਕੀਤਾ ਗਿਆ ਹੈ ਅਤੇ ਅਦਾਲਤ ਨੇ ਇਸ ਵਿਚ ਉਨ੍ਹਾਂ ਨੂੰ ਇਹ ਵੀ ਚੇਤਾਵਨੀ ਦਿੱਤੀ ਗਈ ਹੈ ਕਿ ਜੇਕਰ ਇਸ ਕੇਸ ਸੰਬੰਧੀ ਗਵਾਹਾਂ, ਜੱਜਾਂ ਅਤੇ ਹੋਰ ਲੋਕਾਂ ਖਿਲਾਫ ਉਨ੍ਹਾਂ ਵੱਲੋਂ ਅਜਿਹੀਆ ਟਿੱਪਣੀਆ ਜੇਕਰ ਕੀਤੀਆਂ ਜਾਂਦੀਆਂ ਹਨ, ਤਾਂ ਉਨ੍ਹਾਂ ਨੂੰ ਜੇਲ੍ਹ ਵਿਚ ਭੇਜਿਆ ਜਾਵੇਗਾ। ਧਿਆਨਯੋਗ ਹੈ ਕਿ ਜਦੋਂ ਨਿਊਯਾਰਕ ਦੇ ਜੱਜ ਜੁਆਨ ਐੱਮ.ਮਾਰਚਨ ਆਪਣਾ ਫੈਸਲਾ ਪੜ੍ਹ ਰਹੇ ਸਨ, ਤਾਂ ਟਰੰਪ ਨੇ ਆਪਣਾ ਸਿਰ ਜ਼ਮੀਨ ਵੱਲ ਝੁਕਾ ਕੇ ਜ਼ਮੀਨ ਵੱਲ ਦੇਖਿਆ। ਉਸ ਨੂੰ ਸ਼ੁਕਰਵਾਰ ਤੱਕ ਜੁਰਮਾਨਾ ਅਦਾ ਕਰਨ ਅਤੇ ਟਰੰਪ ਵੱਲੋਂ ਆਪਣੇ 'ਸੱਚ ਸੋਸ਼ਲ' ਪਲੇਟਫਾਰਮ 'ਤੇ ਕੀਤੀਆਂ ਇਤਰਾਜ਼ਯੋਗ ਟਿੱਪਣੀਆਂ ਨੂੰ ਹਟਾਉਣ ਦਾ ਵੀ ਹੁਕਮ ਜਾਰੀ ਕੀਤਾ ਗਿਆ। ਜਿਸ ਵਿਚ ਉਸ ਨੂੰ ਗਵਾਹਾਂ, ਜੱਜਾਂ ਅਤੇ ਉਸ ਦੇ ਨਿਊਯਾਰਕ ਹਸ਼-ਮਨੀ ਕੇਸ ਨਾਲ ਜੁੜੇ ਕੁਝ ਹੋਰਾਂ ਮਾਮਲਿਆਂ ਬਾਰੇ ਜਨਤਕ ਬਿਆਨ ਦੇਣ ਤੋਂ ਰੋਕਿਆ ਗਿਆ ਸੀ। ਸਰਕਾਰੀ ਵਕੀਲਾਂ ਨੇ ਉਲੰਘਣਾਵਾਂ ਦਾ ਟਰੰਪ 'ਤੇ ਦੋਸ਼ ਲਗਾਇਆ ਸੀ, ਪਰ ਨਿਊਯਾਰਕ ਦੇ ਜੱਜ ਜੁਆਨ.ਐੱਮ.ਮਰਚਨ ਨੇ ਪਾਇਆ ਕਿ ਉਲੰਘਣਾਵਾਂ 9 ਸਨ। ਫਿਰ ਵੀ, ਸੱਤਾਧਾਰੀ ਰਿਪਬਲਿਕਨ ਸਾਬਕਾ ਰਾਸ਼ਟਰਪਤੀ ਲਈ ਇੱਕ ਸਖਤ ਚਿਤਾਵਨੀ ਸੀ, ਜਿਸ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਉਹ ਆਪਣੇ ਸੁਤੰਤਰ ਭਾਸ਼ਣ ਦੇ ਅਧਿਕਾਰਾਂ ਦੀ ਵਰਤੋਂ ਕਰ ਰਿਹਾ ਸੀ। ਇਹ ਫੈਸਲਾ ਇਤਿਹਾਸਕ ਕੇਸ ਵਿਚ ਗਵਾਹੀ ਦੇ ਦੂਜੇ ਹਫ਼ਤੇ ਦੀ ਸ਼ੁਰੂਆਤ ਵਿਚ ਆਇਆ ਹੈ। ਮੈਨਹਟਨ ਦੇ ਵਕੀਲਾਂ ਦਾ ਕਹਿਣਾ ਹੈ ਕਿ ਟਰੰਪ ਅਤੇ ਉਸ ਦੇ ਸਹਿਯੋਗੀਆਂ ਨੇ ਨਕਾਰਾਤਮਕ ਕਹਾਣੀਆਂ ਨੂੰ ਦਫਨ ਕਰਕੇ 2016 ਦੇ ਰਾਸ਼ਟਰਪਤੀ ਦੀ ਮੁਹਿੰਮ ਨੂੰ ਪ੍ਰਭਾਵਤ ਕਰਨ ਲਈ ਇੱਕ ਗੈਰ-ਕਾਨੂੰਨੀ ਯੋਜਨਾ ਵਿਚ ਹਿੱਸਾ ਲਿਆ ਸੀ।


For Sale & Purchase of Any Kind of Property
Agriculture land, Commercial Land, Home

ਮਡੇਰਾ ਕਾਉਂਟੀ ਵਿਚ 783 ਏਕੜ ਖੇਤੀਬਾੜੀ ਦੀ ਜਮੀਨ ਵਿਕਾਊ ਹੈ

1. 783.3 Acres of well taken care good producing Almonds and all drip system, under $25000.00 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system, with two sources of water and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.



783.3 Acres of well taken care good producing Almonds and all drip system, under $25000.00 per Acre.



ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:

Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780
E-Mail: gurneknagra@yahoo.com Web Page: gurneknagra.com

# ਅਮਰੀਕਾ ਦੇ ਕਈ ਰਾਜਾਂ 'ਚ ਤੂਫਾਨ ਨੇ ਮਚਾਈ ਤਬਾਹੀ; ਘੱਟੋ ਘੱਟ 2 ਮੌਤਾਂ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ)-** ਨੇਬਰਾਸਕਾ, ਲੋਵਾ, ਟੈਕਸਾਸ ਤੇ ਓਕਲਾਹੋਮਾ ਰਾਜਾਂ ਵਿਚ ਮੌਸਮ ਵਿਚ ਪਿਛਲੇ ਦੋ ਦਿਨਾਂ ਦੌਰਾਨ ਆਈ ਖਤਰਨਾਕ ਤਬਦੀਲੀ ਉਪਰੰਤ ਆਏ ਜ਼ਬਰਦਸਤ ਤੂਫਾਨ ਕਾਰਨ ਘੱਟੋ-ਘੱਟ ਦੋ ਮੌਤਾਂ ਹੋਣ, ਕਈ ਘਰਾਂ ਨੂੰ ਨੁਕਸਾਨ ਪਹੁੰਚਣ ਤੇ ਹਜ਼ਾਰਾਂ ਘਰਾਂ ਵਿਚ ਬਿਜਲੀ ਦੀ ਸਪਲਾਈ ਠੱਪ ਰਹਿਣ ਦੀ ਖਬਰ ਹੈ। ਮੌਸਮ ਵਿਭਾਗ ਵੱਲੋਂ ਦਿੱਤੀ ਚਿਤਾਵਨੀ ਵਿਚ ਟੈਕਸਾਸ, ਨੇਬਰਾਸਕਾ, ਓਕਲਾਹੋਮਾ, ਕਨਸਾਸ, ਮਿਸੂਰੀ ਤੇ ਲੋਵਾ ਵਿਚ ਆਮ ਲੋਕਾਂ ਨੂੰ ਤੂਫਾਨ ਤੋਂ ਚੌਕਸ ਰਹਿਣ ਲਈ ਕਿਹਾ ਗਿਆ ਹੈ। ਐਮਰਜੰਸੀ ਮੈਨਜਮੈਂਟ ਅਧਿਕਾਰੀਆਂ ਨੇ ਹੂਗਸ ਕਾਊਂਟੀ ਵਿਚ ਘੱਟੋ-ਘੱਟ 2 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਲੋਵਾ ਕਾਊਂਟੀ ਦੇ ਕਸਬੇ ਮੈਰੀਏਟਾ ਵਿਚ ਵੀ ਤੂਫਾਨ ਨੇ ਕਾਫੀ ਨੁਕਸਾਨ ਪਹੁੰਚਾਇਆ ਹੈ। ਡਿਕਸਨ ਕਾਊਂਟੀ ਜਿਥੇ 4 ਮਹੀਨੇ ਪਹਿਲਾਂ ਤੂਫਾਨ ਨੇ ਜ਼ਬਰਦਸਤ ਤਬਾਹੀ ਮਚਾਈ ਸੀ ਤੇ 125 ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਵਾਵਾਂ ਚੱਲੀਆਂ ਸਨ, ਵਿਚ ਵੀ ਤਾਜ਼ਾ ਤੂਫਾਨ ਆਇਆ ਹੈ। ਮੌਸਮ ਵਿਭਾਗ ਨੇ ਸੋਸ਼ਲ ਮੀਡੀਆ ਉਪਰ ਅੱਧੀ ਰਾਤ ਵੇਲੇ ਦਿੱਤੀ ਚਿਤਾਵਨੀ ਵਿਚ ਕਿਹਾ ਹੈ ਕਿ ਹਾਲਾਤ ਬਹੁਤ ਗੰਭੀਰ ਹਨ, ਇਸ ਲਈ ਘਰਾਂ ਵਿਚ ਜਾਂ ਸੁਰੱਖਿਅਤ ਥਾਂ 'ਤੇ ਪਨਾਹ ਲਈ ਜਾਵੇ। ਟੈਕਸਾਸ ਤੇ ਓਕਲਾਹੋਮਾ ਵਿਚ 80000 ਦੇ ਆਸ-ਪਾਸ ਘਰਾਂ ਤੇ ਕਾਰੋਬਾਰੀ ਅਦਾਰਿਆਂ ਵਿਚ ਬਿਜਲੀ ਦੀ ਸਪਲਾਈ ਠੱਪ ਹੋ ਗਈ ਹੈ, ਜਿਸ ਨੂੰ ਬਹਾਲ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਨੇਬਰਾਸਕਾ ਵਿਚ ਓਮਾਹਾ ਵਿਖੇ ਮੌਸਮ ਬਾਰੇ ਕੌਮੀ ਸੇਵਾ ਦਫਤਰ ਨੇ ਕਿਹਾ ਹੈ ਕਿ ਹੋਰ ਤੂਫਾਨ ਆ ਸਕਦੇ ਹਨ। ਸੋਸ਼ਲ ਮੀਡੀਆ ਉਪਰ ਦਿੱਤੀ ਚਿਤਾਵਨੀ ਵਿਚ ਕੌਮੀ ਸੇਵਾ ਦਫਤਰ ਨੇ ਕਿਹਾ ਹੈ ਕਿ ਬੇਹੱਦ ਗੰਭੀਰ ਤੂਫਾਨ ਆ ਸਕਦਾ ਹੈ। ਇਸ ਲਈ ਮੌਸਮ ਉਪਰ ਨਜ਼ਰ ਰੱਖੀ ਜਾਵੇ ਤੇ ਖਾਸ ਤੌਰ 'ਤੇ ਜੇਕਰ ਤੁਸੀਂ ਘਰ ਤੋਂ ਬਾਹਰ ਹੋ, ਤਾਂ ਇਸ ਸਬੰਧੀ ਚੌਕਸੀ ਵਰਤਣੀ ਬਹੁਤ ਜ਼ਰੂਰੀ ਹੈ।



**ਸਲਫੁਰ, ਓਕਲਾਹੋਮਾ ਵਿਚ ਤੂਫਾਨ ਕਾਰਨ ਤਬਾਹ ਹੋਇਆ ਇਕ ਘਰ।**

# ਅਮਰੀਕਾ 'ਚ ਹੋਈ ਭਾਰਤੀ ਵਿਦਿਆਰਥੀ ਦੀ ਮੌਤ ਦਾ ਸਬੰਧ "ਬਲਿਊ ਵੇਲ ਸੂਸਾਈਡ ਗੇਮ" ਨਾਲ ਸੰਭਵ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਪਿਛਲੇ ਮਹੀਨੇ ਮਾਰਚ ਵਿਚ ਅਮਰੀਕੀ ਯੂਨੀਵਰਸਿਟੀ ਵਿਚ ਪੜ੍ਹ ਰਹੇ ਫਸਟ ਯੀਅਰ ਦੇ ਵਿਦਿਆਰਥੀ ਦੀ ਹੋਈ ਮੌਤ ਦਾ ਸਬੰਧ ਸੰਭਾਵੀ ਤੌਰ 'ਤੇ ਆਨ ਲਾਈਨ ਗੇਮ "ਬਲਿਊ ਵੇਲ ਚੈਲੰਜ" ਜਿਸ ਨੂੰ "ਸੂਸਾਈਡ ਗੇਮ" ਵੀ ਕਿਹਾ ਜਾਂਦਾ ਹੈ, ਨਾਲ ਹੋ ਸਕਦਾ ਹੈ। 20 ਸਾਲਾ ਵਿਦਿਆਰਥੀ ਜਿਸ ਦੇ ਪਰਿਵਾਰ ਦੀ ਇੱਛਾ ਅਨੁਸਾਰ ਉਸ ਦਾ ਨਾਂ ਇਥੇ ਨਹੀਂ ਲਿਖਿਆ ਜਾ ਰਿਹਾ, ਯੂਨੀਵਰਸਿਟੀ ਆਫ ਮੈਸਾਚੂਸੈਟਸ ਵਿਚ ਪਹਿਲੇ ਸਾਲ ਦਾ ਵਿਦਿਆਰਥੀ ਸੀ, ਜੋ ਪਿਛਲੇ ਮਹੀਨੇ 8 ਮਾਰਚ ਨੂੰ ਮ੍ਰਿਤਕ ਹਾਲਤ ਵਿਚ ਮਿਲਿਆ ਸੀ। ਬ੍ਰਿਸਟਲ ਕਾਊਂਟੀ ਡਿਸਟ੍ਰਿਕਟ ਅਟਰਾਨੀ ਦੇ ਬੁਲਾਰੇ ਗਰੇਗ ਮਿਲੋਟ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ 'ਪ੍ਰਤੱਖ ਆਤਮਹੱਤਿਆ' ਨੂੰ ਮੁੱਖ ਰੱਖ ਕੇ ਕੀਤੀ ਗਈ ਹੈ। "ਬਲਿਊ ਵੇਲ ਚੈਲੰਜ" ਇਕ ਆਨਲਾਈਨ ਗੇਮ ਹੈ, ਜਿਸ ਵਿਚ ਹਿੱਸਾ ਲੈਣ ਵਾਲੇ ਨੂੰ ਜ਼ੁਰੱਅਤ ਵਿਖਾਉਣ ਲਈ ਉਕਸਾਇਆ ਜਾਂਦਾ ਹੈ। ਸਰਕਾਰੀ ਸੂਤਰਾਂ ਅਨੁਸਾਰ ਭਾਰਤੀ ਵਿਦਿਆਰਥੀ ਦੀ ਚੁਣੌਤੀ 2 ਮਿੰਟ ਲਈ ਸਾਹ ਰੋਕਣ ਦੀ ਸੀ, ਜੋ ਉਸ ਦੀ ਮੌਤ ਦਾ ਕਾਰਨ ਬਣੀ ਹੋ ਸਕਦੀ ਹੈ।




**ਬਲਿਊ ਵੇਲ ਗੇਮ।**

# ਕੈਨੇਡੀਅਨ ਪੁਲਿਸ ਵੱਲੋਂ ਪੰਜਾਬੀ ਔਰਤ ਦੇ ਕਤਲ ਮਾਮਲੇ 'ਚ ਕਾਤਲ ਧਰਮ ਧਾਲੀਵਾਲ 'ਤੇ 50 ਹਜ਼ਾਰ ਡਾਲਰ ਦਾ ਇਨਾਮ

**ਸਰੀ, (ਪੰਜਾਬ ਮੇਲ)-** ਕੈਨੇਡੀਅਨ ਪੁਲਿਸ ਨੇ ਦਸੰਬਰ ਵਿਚ 21 ਸਾਲਾ ਪਵਨਪ੍ਰੀਤ ਕੌਰ ਨਾਂ ਦੀ ਔਰਤ ਦੇ ਕਤਲ ਮਾਮਲੇ ਵਿਚ ਭਾਰਤੀ ਮੂਲ ਦੇ ਵਿਅਕਤੀ ਧਰਮ ਸਿੰਘ ਧਾਲੀਵਾਲ 'ਤੇ ਇਨਾਮ ਦਾ ਐਲਾਨ ਕੀਤਾ ਗਿਆ ਹੈ। ਧਰਮ ਧਾਲੀਵਾਲ ਦੀ ਗ੍ਰਿਫਤਾਰੀ ਲਈ ਜਾਣਕਾਰੀ ਦੇਣ 'ਤੇ 50 ਹਜ਼ਾਰ ਡਾਲਰ ਇਨਾਮ ਦਾ ਐਲਾਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਫਸਟ ਡਿਗਰੀ ਮਰਡਰ ਲਈ ਧਰਮ ਧਾਲੀਵਾਲ ਲਈ ਕੈਨੇਡਾ ਭਰ 'ਚ ਵਾਰੰਟ ਜਾਰੀ ਕੀਤਾ ਗਿਆ ਹੈ।

ਦੱਸ ਦੇਈਏ ਕਿ 3 ਦਸੰਬਰ 2023 ਨੂੰ ਲਗਭਗ 9:00 ਵਜੇ, ਪੀਲ ਖੇਤਰੀ ਪੁਲਿਸ ਅਧਿਕਾਰੀਆਂ ਨੇ ਮਿਸੀਸਾਗਾ ਵਿਚ ਕ੍ਰੈਡਿਟਵਿਊ ਰੋਡ ਅਤੇ ਬ੍ਰਿਟੈਨਿਆ ਰੋਡ ਦੇ ਖੇਤਰ 'ਚ ਇਕ ਗੈਸ ਸਟੇਸ਼ਨ 'ਤੇ ਬਰੈਂਪਟਨ ਦੀ ਰਹਿਣ ਵਾਲੀ 21 ਸਾਲਾ ਪਵਨਪ੍ਰੀਤ ਕੌਰ ਨੂੰ ਕਈ ਗੋਲੀਆਂ ਮਾਰੀਆਂ ਗਈਆਂ ਸਨ, ਜਿਸ ਤੋਂ ਬਾਅਦ ਉਸ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਸੀ। ਪਵਨਪ੍ਰੀਤ ਕੌਰ ਗੈਸ ਸਟੇਸ਼ਨ ਅਟੈਂਡੈਂਟ ਸੀ।



ਪੀਲ ਰਿਜਨਲ ਪੁਲਿਸ ਨੇ ਇਕ ਬਿਆਨ ਵਿਚ ਕਿਹਾ ਕਿ 30 ਸਾਲਾ ਧਰਮ ਧਾਲੀਵਾਲ ਨੇ ਸਤੰਬਰ 2022 ਵਿਚ ਬਰੈਂਪਟਨ ਦੀ ਰਹਿਣ ਵਾਲੀ ਪਵਨਪ੍ਰੀਤ ਕੌਰ ਦੇ ਕਤਲ ਦੀ ਯੋਜਨਾ ਬਣਾਈ ਅਤੇ ਇਸ ਤਹਿਤ ਜਾਣਬੁੱਝ ਕੇ ਲਾਪਤਾ ਹੋ ਗਿਆ। ਹੁਣ ਕੈਨੇਡਾ ਪੁਲਿਸ ਨੇ ਪਵਨਪ੍ਰੀਤ ਕੌਰ ਦੇ ਕਤਲ ਦੇ ਦੋਸ਼ 'ਚ ਲੋੜੀਂਦੇ ਧਰਮ ਧਾਲੀਵਾਲ 'ਤੇ 50 ਹਜ਼ਾਰ ਡਾਲਰ ਦਾ ਇਨਾਮ ਰੱਖਿਆ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

# ਭਾਰਤੀ ਮੂਲ ਦੀ ਸੁਨੀਤਾ ਵਿਲੀਅਮਜ਼ ਤੀਜੀ ਵਾਰ ਕਰੇਗੀ ਪੁਲਾੜ ਯਾਤਰਾ

**ਨਿਊਯਾਰਕ, (ਪੰਜਾਬ ਮੇਲ)-** ਭਾਰਤੀ ਮੂਲ ਦੀ ਅਮਰੀਕੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ 6 ਮਈ ਨੂੰ ਆਪਣੀ ਤੀਜੀ ਪੁਲਾੜ ਯਾਤਰਾ 'ਤੇ ਜਾਵੇਗੀ। ਉਹ ਬੋਇੰਗ ਦੇ ਸਟਾਰਲਾਈਨਰ ਕੈਲਿਪਸੋ ਮਿਸ਼ਨ ਦਾ ਹਿੱਸਾ ਹੋਵੇਗੀ। ਅਮਰੀਕੀ ਪੁਲਾੜ ਏਜੰਸੀ ਨਾਸਾ ਮੁਤਾਬਕ ਮਿਸ਼ਨ ਲਈ 2 ਸੀਨੀਅਰ ਵਿਗਿਆਨੀਆਂ ਬੁਚ ਵਿਲਮੋਰ ਅਤੇ ਸੁਨੀਤਾ ਵਿਲੀਅਮਜ਼ ਨੂੰ ਚੁਣਿਆ ਗਿਆ ਹੈ।

ਵਰਤਮਾਨ ਵਿਚ, ਸੁਨੀਤਾ ਬੋਇੰਗ ਦੇ ਸਟਾਰਲਾਈਨਰ ਪੁਲਾੜ ਯਾਨ ਵਿਚ ਚਾਲਕ ਦਲ ਦੀ ਉਡਾਣ ਟੈਸਟ ਮਿਸ਼ਨ ਪਾਇਲਟ ਵਜੋਂ ਸਿਖਲਾਈ ਲੈ ਰਹੀ ਹੈ। ਬੋਇੰਗ ਦੇ ਸਟਾਰਲਾਈਨਰ ਪੁਲਾੜ ਯਾਨ ਨੂੰ 6 ਮਈ ਨੂੰ ਰਾਤ 10:34 ਵਜੇ ਅਲਾਇੰਸ ਐਟਲਸ ਵੀ ਰਾਕੇਟ 'ਤੇ ਲਾਂਚ ਕੀਤਾ ਜਾਵੇਗਾ।




TAKHAR URGENT CARE
& Family Medicine



Paramjit S. Takhar, M.D.
Board Certified Family Medicine
Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

Designed By Punjab Mail USA

Onsite Services



EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care
- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections
- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

www.takharfamilymedicine.com

We Speak : English, Hindi, Punjabi, Farsi & Spanish

916-688-8888
8191 Timberlake Way #400
Sacramento, CA 95823

We Accept Medicare, Medical & Cash Pay



# ਕਾਂਗਰਸ ਵੱਲੋਂ ਪੰਜਾਬ 'ਚ ਚਾਰ ਹੋਰ ਸੀਟਾਂ 'ਤੇ ਉਮੀਦਵਾਰਾਂ ਦਾ ਐਲਾਨ

- ਰਾਜਾ ਵੜਿੰਗ ਨੂੰ ਲੁਧਿਆਣਾ ਤੇ ਸੁਖਜਿੰਦਰ ਰੰਧਾਵਾ ਨੂੰ ਗੁਰਦਾਸਪੁਰ ਤੋਂ ਮੈਦਾਨ 'ਚ ਉਤਾਰਿਆ
- 9 ਹਲਕਿਆਂ 'ਚ ਸਥਿਤੀ ਹੋਈ ਸਪੱਸ਼ਟ



ਰਾਜਾ ਵੜਿੰਗ, ਸੁਖਜਿੰਦਰ ਰੰਧਾਵਾ, ਵਿਜੈਇੰਦਰ ਸਿੰਗਲਾ, ਕੁਲਬੀਰ ਸਿੰਘ ਜ਼ੀਰਾ

**ਚੰਡੀਗੜ੍ਹ, (ਪੰਜਾਬ ਮੇਲ)-** ਕੇਂਦਰੀ ਚੋਣ ਕਮੇਟੀ ਨੇ ਲੋਕ ਸਭਾ ਚੋਣਾਂ ਲਈ ਪੰਜਾਬ ਦੀਆਂ ਚਾਰ ਹੋਰ ਸੀਟਾਂ 'ਤੇ ਉਮੀਦਵਾਰ ਐਲਾਨ ਦਿੱਤੇ ਹਨ, ਜਦੋਂਕਿ ਫ਼ਿਰੋਜ਼ਪੁਰ ਸੀਟ ਲਈ ਪੇਚ ਫਸ ਗਿਆ ਹੈ। ਕਾਂਗਰਸ ਦੀ ਇਸ ਤੀਜੀ ਸੂਚੀ ਅਨੁਸਾਰ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਲੁਧਿਆਣਾ ਹਲਕੇ ਤੋਂ ਉਮੀਦਵਾਰ ਹੋਣਗੇ, ਜਦੋਂਕਿ ਗੁਰਦਾਸਪੁਰ ਤੋਂ ਸੁਖਜਿੰਦਰ ਸਿੰਘ ਰੰਧਾਵਾ ਨੂੰ ਟਿਕਟ ਦਿੱਤੀ ਗਈ ਹੈ। ਇਸੇ ਤਰ੍ਹਾਂ ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਅਤੇ ਸ੍ਰੀ ਆਨੰਦਪੁਰ ਸਾਹਿਬ ਹਲਕੇ ਤੋਂ ਵਿਜੈਇੰਦਰ ਸਿੰਗਲਾ ਨੂੰ ਉਤਾਰਿਆ ਗਿਆ ਹੈ। ਕਾਂਗਰਸ ਪਾਰਟੀ ਨੇ ਹੁਣ ਤੱਕ ਇੱਕ ਹਿੰਦੂ ਵਰਗ 'ਚੋਂ ਉਮੀਦਵਾਰੀ ਦਿੱਤੀ ਹੈ, ਜਦੋਂਕਿ ਦੋ ਔਰਤਾਂ ਨੂੰ ਟਿਕਟਾਂ ਦਿੱਤੀਆਂ ਹਨ।

ਤੀਜੀ ਸੂਚੀ 'ਚੋਂ ਵਿਧਾਇਕ ਰਾਣਾ ਗੁਰਜੀਤ ਸਿੰਘ ਦਾ ਨਾਮ ਗ਼ਾਇਬ ਹੋਣ ਨੂੰ ਸਿਆਸੀ ਹਲਕੇ ਹੈਰਾਨੀ ਨਾਲ ਦੇਖ ਰਹੇ ਹਨ। ਰਾਣਾ ਗੁਰਜੀਤ ਸਿੰਘ ਇੱਕ ਵਾਰ ਤਾਂ ਆਪਣੇ ਪਰਿਵਾਰ ਤਰਫ਼ੋਂ ਦੋ ਸੀਟਾਂ ਤੋਂ ਵੀ ਚੋਣ ਲੜਨ ਦੀ ਸਮਰੱਥਾ ਦਿਖਾ ਚੁੱਕੇ ਸਨ। ਮਗਰੋਂ ਉਨ੍ਹਾਂ ਨੇ ਆਪਣੇ ਲੜਕੇ ਰਾਣਾ ਇੰਦਰ ਪ੍ਰਤਾਪ ਸਿੰਘ ਲਈ ਸ੍ਰੀ ਆਨੰਦਪੁਰ ਸਾਹਿਬ ਤੋਂ ਟਿਕਟ ਦੀ ਇੱਛਾ ਜ਼ਾਹਿਰ ਕੀਤੀ ਸੀ। ਉਨ੍ਹਾਂ ਦੇ ਪਰਿਵਾਰ 'ਚੋਂ ਆਨੰਦਪੁਰ ਸਾਹਿਬ ਜਾਂ ਖਡੂਰ ਸਾਹਿਬ ਹਲਕੇ ਤੋਂ ਇੱਕ ਟਿਕਟ ਮਿਲਣੀ ਤੈਅ ਦੱਸੀ ਜਾ ਰਹੀ ਸੀ ਪ੍ਰੰਤੂ ਐਨ ਆਖ਼ਰੀ ਮੌਕੇ 'ਤੇ ਉਨ੍ਹਾਂ ਨੂੰ ਉਮੀਦਵਾਰੀ ਦੀ ਦੌੜ 'ਚੋਂ ਆਊਟ ਕਰ ਦਿੱਤਾ ਗਿਆ ਹੈ।

ਕਾਂਗਰਸ ਪਾਰਟੀ ਅੱਠ ਹਲਕਿਆਂ ਤੋਂ ਪਹਿਲਾਂ ਹੀ ਉਮੀਦਵਾਰ ਐਲਾਨ ਚੁੱਕੀ ਹੈ, ਜਿਨ੍ਹਾਂ ਵਿਚ ਜਲੰਧਰ ਤੋਂ ਚਰਨਜੀਤ ਸਿੰਘ ਚੰਨੀ, ਸੰਗਰੂਰ ਤੋਂ ਸੁਖਪਾਲ ਸਿੰਘ ਖਹਿਰਾ, ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ, ਬਠਿੰਡਾ ਤੋਂ ਜੀਤਮਹਿੰਦਰ ਸਿੰਘ ਸਿੱਧੂ, ਫ਼ਰੀਦਕੋਟ ਤੋਂ ਅਮਰਜੀਤ ਕੌਰ ਸਾਹੋਕੇ, ਫ਼ਤਿਹਗੜ੍ਹ ਸਾਹਿਬ ਤੋਂ ਅਮਰ ਸਿੰਘ, ਅੰਮ੍ਰਿਤਸਰ ਤੋਂ ਗੁਰਜੀਤ ਸਿੰਘ ਔਜਲਾ ਅਤੇ ਹੁਸ਼ਿਆਰਪੁਰ ਤੋਂ ਯਾਮਿਨੀ ਗੋਮਰ ਸ਼ਾਮਲ ਹਨ। ਹੁਣ ਸਿਰਫ਼ ਫ਼ਿਰੋਜ਼ਪੁਰ ਦੀ ਸੀਟ ਬਾਕੀ ਬਚੀ ਹੈ, ਜਿੱਥੇ ਸਾਬਕਾ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਦਾ ਨਾਮ ਚੱਲ ਰਿਹਾ ਹੈ।

ਆਮ ਆਦਮੀ ਪਾਰਟੀ ਨੇ ਸਭ ਤੋਂ ਪਹਿਲਾਂ ਉਮੀਦਵਾਰ ਐਲਾਨ ਦਿੱਤੇ ਸਨ, ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਨੇ ਵੀ ਆਪਣੇ ਸਾਰੇ ਉਮੀਦਵਾਰ ਐਲਾਨ ਦਿੱਤੇ ਹਨ। ਕਾਂਗਰਸ ਪਾਰਟੀ ਵੀ 12 ਉਮੀਦਵਾਰ ਐਲਾਨ ਚੁੱਕੀ ਹੈ ਅਤੇ ਭਾਜਪਾ ਇਸ ਮਾਮਲੇ ਵਿਚ ਪੱਛੜ ਗਈ ਹੈ। ਕਾਂਗਰਸ ਨੇ ਵੱਡੇ ਚਿਹਰੇ ਹੁਣ ਮੈਦਾਨ ਵਿਚ ਉਤਾਰੇ ਹਨ। ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੂੰ ਲੁਧਿਆਣਾ ਤੋਂ ਤਿੰਨ ਵਾਰ ਸੰਸਦ ਮੈਂਬਰ ਰਹੇ ਰਵਨੀਤ ਬਿੱਟੂ ਦੇ ਖ਼ਿਲਾਫ਼ ਉਤਾਰਿਆ ਗਿਆ ਹੈ।

# ਮਿਨੀਸੋਟਾ ਰਾਜ 'ਚ ਸਟੇਟ ਸੈਨੇਟਰ ਵਿਰੁੱਧ ਪਹਿਲਾ ਦਰਜਾ ਸ਼ੱਕੀ ਚੋਰੀ ਦੇ ਅਪਰਾਧ ਤਹਿਤ ਮਾਮਲਾ ਦਰਜ



ਸਟੇਟ ਸੈਨੇਟਰ ਨਿਕੋਲ ਮਿਸ਼ੈਲਚਵ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ)-**ਅਮਰੀਕਾ ਦੇ ਮਿਨੀਸੋਟਾ ਰਾਜ ਵਿਚ ਇਕ ਸਟੇਟ ਸੈਨੇਟਰ ਵਿਰੁੱਧ ਆਪਣੀ ਮਤਰੇਈ ਮਾਂ ਦੇ ਘਰ ਵਿਚ ਸੰਨ੍ਹ ਲਾ ਕੇ ਅੰਦਰ ਵੜਨ ਤੇ ਸ਼ੱਕੀ ਚੋਰੀ ਦੇ ਅਪਰਾਧ ਤਹਿਤ ਮਾਮਲਾ ਦਰਜ ਹੋਣ ਦੀ ਖਬਰ ਹੈ। ਡੈਟਰਾਇਟ ਲੇਕਸ ਖੇਤਰ ਵਿਚ ਪੁਲਿਸ ਮੌਕੇ ਉਪਰ ਪੁੱਜੀ, ਤਾਂ ਸਟੇਟ ਸੈਨੇਟਰ ਨਿਕੋਲ ਮਿਸ਼ੈਲ ਘਰ ਦੇ ਤਹਿਖਾਨੇ ਵਿਚ ਸੀ। ਉਸ ਨੇ ਕਾਲੇ ਕੱਪੜੇ ਪਾਏ ਹੋਏ ਸਨ ਤੇ ਕਾਲਾ ਟੋਪ ਲਿਆ ਹੋਇਆ ਸੀ। ਗ੍ਰਿਫਤਾਰ ਕਰ ਲੈਣ ਉਪਰੰਤ 49 ਸਾਲਾ ਮਿਸ਼ੈਲ ਨੇ ਕਿਹਾ ਕਿ ਉਹ ਆਪਣੇ ਪਿਤਾ ਦੀਆਂ ਕੁਝ ਵਸਤਾਂ ਲੈਣ ਆਈ ਸੀ, ਜਿਨ੍ਹਾਂ ਨਾਲ ਮੇਰਾ ਜਜ਼ਬਾਤੀ ਲਗਾਅ ਹੈ। ਉਸ ਨੇ ਪੁਲਿਸ ਅਫਸਰਾਂ ਨੂੰ ਕਿਹਾ ਕਿ ਸਪੱਸ਼ਟ ਤੌਰ 'ਤੇ ਇਸ ਸਮੇਂ ਉਹ ਚੰਗਾ ਅਨੁਭਵ ਨਹੀਂ ਕਰ ਰਹੀ, ਉਹ ਜਾਣਦੀ ਹੈ ਉਸ ਨੇ ਕੁਝ ਮਾੜਾ ਕੀਤਾ ਹੈ ਪਰੰਤੂ ਹਾਲ ਹੀ ਵਿਚ ਉਸ ਦੇ ਪਿਤਾ ਦੀ ਹੋਈ ਮੌਤ ਤੋਂ ਬਾਅਦ ਮਤਰੇਈ ਮਾਂ ਨੇ ਮੇਰੇ ਤੇ ਮੇਰੇ ਪਰਿਵਾਰ ਨਾਲੋਂ ਨਾਤਾ ਤੋੜ ਲਿਆ ਸੀ ਤੇ ਉਸ ਨੇ ਬੋਲਣਾ ਚੱਲਣਾ ਬੰਦ ਕਰ ਦਿੱਤਾ ਸੀ। ਮੈਂ ਕੁਝ ਤਸਵੀਰਾਂ ਤੇ ਪਿਤਾ ਦੀਆਂ ਅਸਥੀਆਂ ਲੈਣ ਆਈ ਸੀ, ਜਿਨ੍ਹਾਂ ਨਾਲ ਮੇਰੀ ਜਜ਼ਬਾਤੀ ਸਾਂਝ ਹੈ। ਮਿਸ਼ੈਲ ਨੂੰ ਬਿਨਾਂ ਬਾਂਡ ਦੇ ਰਿਹਾਅ ਕਰ ਦਿੱਤਾ ਗਿਆ। ਉਸ ਉਪਰ ਹੋਰ ਸ਼ਰਤਾਂ ਤੋਂ ਇਲਾਵਾ ਇਕ ਸ਼ਰਤ ਇਹ ਲਾਈ ਗਈ ਹੈ ਕਿ ਉਹ ਮਤਰੇਈ ਮਾਂ ਨਾਲ ਕੋਈ ਸੰਪਰਕ ਨਹੀਂ ਕਰੇਗੀ। ਮਿਨੀਸੋਟਾ ਕੋਰਟ ਰਿਕਾਰਡ ਅਨੁਸਾਰ ਉਸ ਵਿਰੁੱਧ ਮਾਮਲੇ ਦੀ ਸੁਣਵਾਈ 10 ਜੂਨ ਨੂੰ ਹੋਵੇਗੀ।

# ਅਕਾਲੀ ਦਲ ਦੇ ਸੀਨੀਅਰ ਆਗੂ ਸਿਕੰਦਰ ਮਲੂਕਾ ਦੇ ਭਾਜਪਾ 'ਚ ਜਾਣ ਦੇ ਆਸਾਰ!



**ਬਠਿੰਡਾ, (ਪੰਜਾਬ ਮੇਲ)-** ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਮੌਜੂਦਾ ਚੋਣ ਪ੍ਰਚਾਰ ਮੁਹਿੰਮ ਵਿਚ ਹੁਣ ਤੱਕ ਦੀ ਗ਼ੈਰ-ਮੌਜੂਦਗੀ ਸ਼੍ਰੋਮਣੀ ਅਕਾਲੀ ਦਲ ਲਈ ਚੁਣੌਤੀ ਬਣ ਸਕਦੀ ਹੈ। ਉਨ੍ਹਾਂ ਨੂੰ ਵਿਧਾਨ ਸਭਾ ਹਲਕਾ ਮੌੜ ਤੋਂ ਪਾਰਟੀ ਹਲਕਾ ਇੰਚਾਰਜ ਦੇ ਅਹੁਦੇ ਤੋਂ ਪਾਸੇ ਕੀਤੇ ਜਾਣ ਬਾਅਦ ਸਾਬਕਾ ਕੈਬਨਿਟ ਮੰਤਰੀ ਮਲੂਕਾ ਨੇ ਆਪਣੀਆਂ ਸਿਆਸੀ ਸਰਗਰਮੀਆਂ ਨੂੰ ਰੋਕ ਦਿੱਤਾ ਹੈ। ਹਾਲਾਂਕਿ ਉਨ੍ਹਾਂ ਦਾ ਜੱਦੀ ਪਿੰਡ ਮਲੂਕਾ ਵਿਧਾਨ ਸਭਾ ਹਲਕਾ ਰਾਮਪੁਰਾ, ਫ਼ਰੀਦਕੋਟ ਲੋਕ ਸਭਾ ਹਲਕੇ ਵਿਚ ਪੈਂਦਾ ਹੈ, ਪਰ ਬੀਤੇ ਦਿਨੀਂ ਇਸ ਹਲਕੇ 'ਚ ਆਏ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਦੇ ਪ੍ਰਚਾਰ ਸਮਾਗਮ ਵਿਚ ਵੀ ਉਨ੍ਹਾਂ ਦੀ ਗ਼ੈਰ-ਹਾਜ਼ਰੀ ਰੜਕਦੀ ਰਹੀ। ਇਥੋਂ ਤੱਕ ਕਿ ਸਿਕੰਦਰ ਸਿੰਘ ਮਲੂਕਾ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਹੋਈ ਚੋਣ ਮੈਨੀਫੈਸਟੋ ਕਮੇਟੀ ਵਿਚ ਵੀ ਸ਼ਾਮਲ ਨਹੀਂ ਹੋਏ, ਹਾਲਾਂਕਿ ਉਹ ਇਸ ਕਮੇਟੀ ਦੇ ਮੈਂਬਰ ਹਨ। 1997 ਦੀਆਂ ਵਿਧਾਨ ਸਭਾ ਚੋਣਾਂ ਵਿਚ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਕਰਨ ਵਾਲੇ ਸਿਕੰਦਰ ਸਿੰਘ ਮਲੂਕਾ ਪਹਿਲੀ ਵਾਰ ਰਾਜ ਮੰਤਰੀ ਅਤੇ ਫਿਰ ਕੈਬਨਿਟ ਮੰਤਰੀ ਬਣੇ। ਭਾਵੇਂ ਸਿਕੰਦਰ ਸਿੰਘ ਮਲੂਕਾ 2002 ਅਤੇ 2007 ਵਿਚ ਚੋਣਾਂ ਹਾਰ ਗਏ ਸਨ ਪਰ 2007 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣੀ ਸੀ। ਪਾਰਟੀ ਨੇ ਸਿਕੰਦਰ ਸਿੰਘ ਮਲੂਕਾ ਨੂੰ ਕਬੱਡੀ ਐਸੋਸੀਏਸ਼ਨ ਪੰਜਾਬ ਦਾ ਪ੍ਰਧਾਨ ਬਣਾਇਆ ਸੀ, ਜਿਨ੍ਹਾਂ ਦੀ ਅਗਵਾਈ ਹੇਠ ਦਸ ਸਾਲ ਵਿਸ਼ਵ ਕਬੱਡੀ ਕੱਪ ਕਰਵਾਇਆ ਗਿਆ, ਜਿਸ ਸਦਕਾ ਸਿਕੰਦਰ ਸਿੰਘ ਮਲੂਕਾ ਦੀ ਬਠਿੰਡਾ, ਮਾਨਸਾ ਅਤੇ ਆਸ-ਪਾਸ ਦੇ ਜ਼ਿਲ੍ਹਿਆਂ ਵਿਚ ਚੰਗੀ ਪਕੜ ਹੈ। ਇਸ ਤੋਂ ਇਲਾਵਾ ਸਿਕੰਦਰ ਸਿੰਘ ਮਲੂਕਾ ਲੰਮਾ ਸਮਾਂ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਵੀ ਰਹੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੈਬਨਿਟ ਮੰਤਰੀ ਤੋਂ ਇਲਾਵਾ ਕਈ ਅਹਿਮ ਅਹੁਦਿਆਂ 'ਤੇ ਕੰਮ ਕਰ ਚੁੱਕੇ ਹਨ, ਜਿਸ ਕਾਰਨ ਉਨ੍ਹਾਂ ਦਾ ਜਨਤਕ ਆਧਾਰ ਵੀ ਚੰਗਾ ਹੈ।

# ਸਾਬਕਾ ਕਾਂਗਰਸੀ ਵਿਧਾਇਕ ਦਲਵੀਰ ਗੋਲਡੀ 'ਆਪ' 'ਚ ਹੋਣਗੇ ਸ਼ਾਮਲ!

**ਚੰਡੀਗੜ੍ਹ, (ਪੰਜਾਬ ਮੇਲ)-** ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਦਲਵੀਰ ਗੋਲਡੀ 'ਆਮ ਆਦਮੀ ਪਾਰਟੀ' ਵਿਚ ਸ਼ਾਮਲ ਹੋ ਸਕਦੇ ਹਨ। ਸੂਤਰਾਂ ਮੁਤਾਬਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਗੋਲਡੀ ਨੂੰ ਪਾਰਟੀ ਵਿਚ ਸ਼ਾਮਲ ਕਰ ਸਕਦੇ ਹਨ। ਜ਼ਿਕਰਯੋਗ ਹੈ ਕਿ ਦਲਵੀਰ ਸਿੰਘ ਗੋਲਡੀ ਨੇ ਬੀਤੇ ਦਿਨੀਂ ਕਾਂਗਰਸ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਹ ਕਾਂਗਰਸ ਪਾਰਟੀ ਦੇ ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਵੀ ਸਨ। ਬੀਤੇ ਦਿਨੀਂ ਦਿੱਤੇ ਅਸਤੀਫ਼ੇ ਵਿਚ ਉਨ੍ਹਾਂ ਕਿਹਾ ਸੀ ਕਿ ਉਹ ਪੰਜਾਬ ਦੀ ਕਾਂਗਰਸ ਲੀਡਰਸ਼ਿਪ ਤੋਂ ਨਿਰਾਸ਼ ਹੋ ਕੇ ਇਹ ਫ਼ੈਸਲਾ ਲੈ ਰਹੇ ਹਨ।




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਲੈਣ ਲਈ ਦਿੱਤੀ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਬਿਨਾਂ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਤੋਂ ਮਨੁੱਖਤਾ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸੇਵਾ ਦੌਰਾਨ ਸਿਰਫ਼ ਖ਼ੂਨ ਦਾ ਰੰਗ ਲਾਲ ਦੇਖਿਆ ਜਾਂਦਾ ਹੈ, ਨਾ ਕਿ ਧਰਮ, ਜਾਤ, ਨਸਲ ਅਤੇ ਦੇਸ਼।

ਇਸ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਬਹੁਤ ਹੀ ਗਰੀਬ ਦਵਾਈਆਂ ਖਰੀਦਣ ਤੋਂ ਅਸਮਰਥ ਮਰੀਜ਼ਾਂ ਨੂੰ ਦਵਾਈਆਂ ਲੈਣ ਲਈ ਸਹਾਇਤਾ ਰਾਸ਼ੀ ਦੇ ਚੈੱਕ ਦਿੱਤੇ ਗਏ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਗਰੀਬ 15 ਮਰੀਜ਼ ਜੋ ਵੱਖ-ਵੱਖ ਬਿਮਾਰੀਆਂ ਤੋਂ ਪੀੜਤ ਹਨ ਅਤੇ ਲੰਮੇਂ ਸਮੇਂ ਤੋਂ ਬੀਮਾਰ ਹੋਣ ਕਾਰਣ ਦਵਾਈਆਂ ਖਰੀਦਣ ਤੋਂ ਵਾਂਝੇ ਹੋ ਗਏ ਸਨ, ਤਾਂ ਇਨ੍ਹਾਂ ਦੀ ਪੁਕਾਰ ਡਾਕਟਰ ਐੱਸ.ਪੀ. ਸਿੰਘ ਓਬਰਾਏ ਕੋਲ ਭੇਜੀ ਗਈ ਅਤੇ ਬਿਮਾਰੀਆਂ ਬਾਰੇ ਵੀ ਦੱਸਿਆ ਗਿਆ, ਤਾਂ ਮਾਨਵਤਾ ਦੇ ਮਸੀਹਾ ਨੇ ਇਨ੍ਹਾਂ ਦੀ ਪੁਕਾਰ ਸੁਣਨ ਉਪਰੰਤ ਤੁਰੰਤ ਸਹਾਇਤਾ ਰਾਸ਼ੀ ਭੇਜੀ ਗਈ ਅਤੇ ਸ੍ਰੀ ਮੁਕਤਸਰ ਸਾਹਿਬ ਟੀਮ ਵਲੋਂ ਚੈੱਕ ਦਿੱਤੇ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਨ੍ਹਾਂ ਮਰੀਜ਼ਾਂ ਨੇ ਕਿਹਾ ਕਿ ਅਸੀਂ ਬਹੁਤ ਹੀ ਮਾਯੂਸ ਹੋ ਗਏ ਸੀ ਪਰ ਡਾਕਟਰ ਓਬਰਾਏ ਦੇ ਇਸ ਉਪਰਾਲੇ ਨੇ ਸਾਨੂੰ ਫਿਰ ਚੜ੍ਹਦੀ ਕਲਾ ਵਿਚ ਕਰ ਦਿੱਤਾ ਹੈ। ਅਸੀਂ ਡਾ. ਓਬਰਾਏ ਦੀ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਜੋਨ ਨੇ ਦੱਸਿਆ ਕਿ ਇਹ ਰਾਸ਼ੀ ਡਾ. ਓਬਰਾਏ ਵੱਲੋਂ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ। ਟਰੱਸਟ ਦੀ ਕੋਈ ਵੀ ਰਸੀਦਬੁੱਕ ਨਹੀਂ ਹੈ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾਇਰਡ ਪ੍ਰਿੰਸੀਪਲ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ, ਸੁਖਬੀਰ ਸਿੰਘ ਜੈਲਦਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਜਤਿੰਦਰ ਸਿੰਘ ਕੈਂਥ, ਗੁਰਪਾਲ ਸਿੰਘ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ., ਗੁਰਜੀਤ ਸਿੰਘ ਜੀਤਾ ਆਦਿ ਹਾਜ਼ਰ ਸਨ।



**ਡਾ. ਐੱਸ.ਪੀ. ਸਿੰਘ ਓਬਰਾਏ।**

## ਸਾਬਕਾ ਏ.ਡੀ.ਜੀ.ਪੀ. ਗੁਰਿੰਦਰ ਸਿੰਘ ਢਿੱਲੋਂ ਕਾਂਗਰਸ ’ਚ ਹੋਏ ਸ਼ਾਮਲ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਪੁਲਿਸ ਦੇ ਸੀਨੀਅਰ ਆਈ.ਪੀ.ਐੱਸ. ਅਧਿਕਾਰੀ (ਏ.ਡੀ.ਜੀ.ਪੀ. ਲਾ ਐਂਡ ਆਰਡਰ) ਗੁਰਿੰਦਰ ਸਿੰਘ ਢਿੱਲੋਂ ਨੇ ਨੌਕਰੀ ਛੱਡ ਕੇ ਸਿਆਸਤ ’ਚ ਕਦਮ ਰੱਖਿਆ ਹੈ। ਗੁਰਿੰਦਰ ਸਿੰਘ ਢਿੱਲੋਂ ਜਿਨ੍ਹਾਂ ਨੇ 30 ਸਾਲ ਦੀ ਨੌਕਰੀ ਤੋਂ ਬਾਅਦ ਵੀ.ਆਰ.ਐੱਸ. (ਸਵੈ-ਇੱਛੁਕ ਸੇਵਾਮੁਕਤੀ) ਲਈ ਸੀ, ਕਾਂਗਰਸ ਪਾਰਟੀ ’ਚ ਸ਼ਾਮਲ ਹੋ ਗਏ। ਕਾਂਗਰਸ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਦੇਵੇਂਦਰ ਯਾਦਵ ਨੇ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕਰਵਾਇਆ। ਗੁਰਿੰਦਰ ਸਿੰਘ ਢਿੱਲੋਂ 1997 ਬੈਚ ਦੇ ਆਈ.ਪੀ.ਐੱਸ. ਅਧਿਕਾਰੀ ਹਨ। ਇਸ ਮੌਕੇ ਗੁਰਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਮੈਂ ਵਾਹਿਗੁਰੂ ਦੀ ਕਿਰਪਾ ਨਾਲ ਲੰਮਾ ਸਮਾਂ ਪੁਲਸ ਵਿਭਾਗ ਵਿਚ ਸੇਵਾਵਾਂ ਨਿਭਾਈਆਂ ਤੇ ਹੁਣ ਇੱਥੇ ਵੀ ਰੱਬ ਦੀ ਕਿਰਪਾ ਨਾਲ ਹੀ ਆਇਆ ਹਾਂ।

# ਕਾਂਗਰਸ ਪਾਰਟੀ ਵੱਲੋਂ ਹਲਕਾ ਫਿਲੌਰ ਤੋਂ ਵਿਧਾਇਕ ਵਿਕਰਮਜੀਤ ਚੌਧਰੀ ਮੁਅੱਤਲ

■ **ਪਾਰਟੀ ਖਿਲਾਫ਼ ਬੋਲਣ ’ਤੇ ਸਾਰੇ ਅਹੁਦਿਆਂ ਤੋਂ ਹਟਾਇਆ**



**ਚੰਡੀਗੜ੍ਹ, (ਪੰਜਾਬ ਮੇਲ)**- ਕਾਂਗਰਸ ਪਾਰਟੀ ਨੇ ਹਲਕਾ ਫਿਲੌਰ ਤੋਂ ਕਾਂਗਰਸੀ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੂੰ ਬੁੱਧਵਾਰ ਪਾਰਟੀ ’ਚੋਂ ਮੁਅੱਤਲ ਕਰ ਦਿੱਤਾ ਹੈ। ਉਨ੍ਹਾਂ ਨੂੰ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਉਤਾਰ ਦਿੱਤਾ ਗਿਆ ਹੈ। ਲੋਕ ਸਭਾ ਚੋਣਾਂ ਦੌਰਾਨ ਪਿਛਲੇ ਦਿਨਾਂ ਤੋਂ ਵਿਕਰਮਜੀਤ ਸਿੰਘ ਚੌਧਰੀ ਨੇ ਪਾਰਟੀ ਖ਼ਿਲਾਫ਼ ਝੰਡਾ ਚੁੱਕਿਆ ਹੋਇਆ ਸੀ ਅਤੇ ਪਹਿਲਾਂ ਉਨ੍ਹਾਂ ਖ਼ੁਦ ਹੀ ਪਾਰਟੀ ਦੇ ਵ੍ਹਿਪ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਵਿਧਾਇਕ ਚੌਧਰੀ ਦੀ ਮਾਤਾ ਕਰਮਜੀਤ ਕੌਰ ਨੇ ਪਿਛਲੇ ਦਿਨਾਂ ਦੌਰਾਨ ਦਿੱਲੀ ਵਿਚ ਭਾਜਪਾ ਦਾ ਪੱਲਾ ਫੜਿਆ ਸੀ। ਚੌਧਰੀ ਪਰਿਵਾਰ ਹੁਣ ਜਲੰਧਰ ਤੋਂ ਟਿਕਟ ਦਾ ਦਾਅਵੇਦਾਰ ਸੀ ਪਰ ਪਾਰਟੀ ਨੇ ਜਲੰਧਰ ਤੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਉਮੀਦਵਾਰ ਬਣਾਇਆ ਹੈ, ਜਿਸ ਕਰਕੇ ਚੌਧਰੀ ਪਰਿਵਾਰ ਨਾਰਾਜ਼ ਚੱਲ ਰਿਹਾ ਸੀ। ਕਾਂਗਰਸ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਦੇਵੇਂਦਰ ਯਾਦਵ ਨੇ ਪੱਤਰ ਵਿਚ ਕਿਹਾ ਹੈ ਕਿ ਵਿਕਰਮਜੀਤ ਸਿੰਘ ਚੌਧਰੀ ਵੱਲੋਂ ਲਗਾਤਾਰ ਪਾਰਟੀ ਵਿਰੋਧੀ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਲੈ ਕੇ ਵਿਧਾਇਕ ਚੌਧਰੀ ਨੂੰ ਨਿੱਜੀ ਤੌਰ ’ਤੇ ਚਿਤਾਵਨੀ ਵੀ ਦਿੱਤੀ ਗਈ ਸੀ।

# ਸਾਬਕਾ ਵਿਧਾਇਕ ਤੇ ਐੱਨ.ਆਰ.ਆਈ. ਜੱਸੀ ਖੰਗੂੜਾ ਵੱਲੋਂ ‘ਆਪ’ ਤੋਂ ਅਸਤੀਫਾ

■ **ਫਿਰ ਤੋਂ ਕਰ ਸਕਦੇ ਨੇ ਕਾਂਗਰਸ ’ਚ ਵਾਪਸੀ**

**ਲੁਧਿਆਣਾ, (ਪੰਜਾਬ ਮੇਲ)**- ਸ਼ਹਿਰ ਦੇ ਕਾਰੋਬਾਰੀ, ਸਾਬਕਾ ਵਿਧਾਇਕ ਅਤੇ ਐੱਨ.ਆਰ.ਆਈ. ਜੱਸੀ ਖੰਗੂੜਾ ਨੇ ਆਮ ਆਦਮੀ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ। ਜੱਸੀ ਨੇ ਸਾਲ 2022 ’ਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਦਾ ਹੱਥ ਛੱਡ ਕੇ ‘ਆਪ’ ਦਾ ਝਾੜੂ ਫੜਿਆ ਸੀ। ਰਾਜਸੀ ਹਲਕਿਆਂ ’ਚ ਚਰਚਾ ਹੈ ਕਿ ਉਹ ਫਿਰ ਤੋਂ ਕਾਂਗਰਸ ’ਚ ਵਾਪਸੀ ਕਰ ਸਕਦੇ ਹਨ। ਜੇਕਰ ਅਜਿਹਾ ਹੁੰਦਾ ਹੈ ਤਾਂ ਉਹ ਲੁਧਿਆਣਾ ਲੋਕ ਸਭਾ ਹਲਕੇ ਤੋਂ ਕਾਂਗਰਸ ਦੀ ਟਿਕਟ ’ਤੇ ਚੋਣ ਮੈਦਾਨ ’ਚ ਉਤਰ ਸਕਦੇ ਹਨ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਦੋਂ ਉਹ ‘ਆਪ’ ’ਚ ਗਏ ਸਨ, ਤਾਂ ਟਿਕਟ ਦੇ ਦਾਅਵੇਦਾਰ ਸਨ ਪਰ ਪਾਰਟੀ ਨੇ ਉਨ੍ਹਾਂ ਨੂੰ ਲੋਕ ਸਭਾ ਸੀਟ ਦਾ ਭਰੋਸਾ ਦਿੱਤਾ ਸੀ ਤੇ ਹੁਣ ਲੋਕ ਸਭਾ ਚੋਣਾਂ ’ਚ ਪਾਰਟੀ ਵੱਲੋਂ ਹਲਕਾ ਕੇਂਦਰੀ ਤੋਂ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੂੰ ਉਮੀਦਵਾਰ ਬਣਾ ਦਿੱਤਾ ਗਿਆ। ਅਜਿਹੇ ’ਚ ਜੱਸੀ ਪਾਰਟੀ ਹਾਈਕਮਾਨ ਤੋਂ ਨਾਰਾਜ਼ ਸਨ, ਜਿਸ ਕਾਰਨ ਉਨ੍ਹਾਂ ਨੇ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ।

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com




# ਅਕਾਲੀ ਦਲ ਢਾਈ ਦਹਾਕਿਆਂ ਤੋਂ ਆਪਸੀ ਗੁੱਟਬੰਦੀ ਕਾਰਨ ਹਾਰਦਾ ਆ ਰਿਹੈ ਚੋਣਾਂ

**■ ਪਾਰਟੀ ਵੋਟ ਵੱਧ ਹੋਣ ਦੇ ਬਾਵਜੂਦ ਮਿਲਦੀ ਰਹੀ ਨਮੋਸ਼ੀ; ਇਸ ਵਾਰ ਪਾਰਟੀ ਨੇ ਹਿੰਦੂ ਉਮੀਦਵਾਰ 'ਤੇ ਖੇਡਿਆ ਦਾਅ**



ਪ੍ਰੇਮ ਸਿੰਘ ਚੰਦੂਮਾਜਰਾ, ਕੈਪਟਨ ਕੰਵਲਜੀਤ ਸਿੰਘ, ਸੁਰਜੀਤ ਰੱਖੜਾ, ਐੱਨ.ਕੇ. ਸ਼ਰਮਾ

**ਪਟਿਆਲਾ, (ਪੰਜਾਬ ਮੇਲ)-** ਲੋਕ ਸਭਾ ਹਲਕਾ ਪਟਿਆਲਾ 'ਚ ਭਾਵੇਂ ਵਧੇਰੇ ਅਕਾਲੀ ਵੋਟ ਹੈ ਪਰ ਆਪਸੀ ਗੁੱਟਬੰਦੀ ਕਾਰਨ ਅਕਾਲੀ ਦਲ ਪਿਛਲੀਆਂ ਕਈ ਚੋਣਾਂ ਦੌਰਾਨ ਹਾਰ ਦਾ ਸਾਹਮਣਾ ਕਰਦਾ ਆ ਰਿਹਾ ਹੈ। ਅਕਾਲੀ ਦਲ ਨੂੰ 26 ਸਾਲ ਪਹਿਲਾਂ 1998 'ਚ ਇੱਥੋਂ ਜਿੱਤ ਮਿਲੀ ਸੀ। ਉਦੋਂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਾਂਗਰਸੀ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਨੂੰ 33251 ਵੋਟਾਂ ਨਾਲ ਹਰਾਇਆ ਸੀ। ਉਂਜ 1996 ਦੀ ਚੋਣ ਵੀ ਚੰਦੂਮਾਜਰਾ ਨੇ ਹੀ ਜਿੱਤੀ ਸੀ, ਜਦੋਂ ਉਨ੍ਹਾਂ ਨੇ ਕਾਂਗਰਸ ਦੇ ਹੀ ਸਿਟਿੰਗ ਐੱਮ.ਪੀ. ਸੰਤ ਰਾਮ ਸਿੰਗਲਾ ਨੂੰ 49,066 ਵੋਟਾਂ ਦੇ ਫਰਕ ਨਾਲ ਹਰਾਇਆ ਸੀ।

ਭਾਵੇਂ ਅਧਿਕਾਰਤ ਤੌਰ 'ਤੇ ਕੋਈ ਵੀ ਆਗੂ ਅਕਾਲੀ ਦਲ ਵਿਚ ਗੁਟਬੰਦੀ ਦੀ ਗੱਲ ਸਵੀਕਾਰ ਨਹੀਂ ਕਰਦਾ ਪਰ ਅਸਲ ਵਿਚ 1998 ਤੋਂ ਬਾਅਦ ਹੋਈਆਂ ਪੰਜ ਚੋਣਾਂ 'ਚ ਹਰ ਅਕਾਲੀ ਉਮੀਦਵਾਰ ਇੱਥੋਂ ਪਾਰਟੀ ਆਗੂਆਂ ਦੀ ਆਪਸੀ ਗੁੱਟਬੰਦੀ ਦਾ ਸ਼ਿਕਾਰ ਹੁੰਦਾ ਰਿਹਾ ਹੈ। 1999 ਵਿਚ ਹੋਈ ਚੋਣ ਅਕਾਲੀ ਦਲ ਦੀ ਧੜੇਬੰਦੀ ਦਾ ਕਾਰਨ ਬਣੀ। ਉਦੋਂ ਤੱਕ ਟੌਹੜਾ ਧੜਾ ਵੱਖ ਹੋ ਚੁੱਕਿਆ ਸੀ, ਜਿਸ ਕਰਕੇ ਪਾਰਟੀ ਟਿਕਟ ਸੁਰਜੀਤ ਸਿੰਘ ਰੱਖੜਾ ਨੂੰ ਮਿਲੀ ਤੇ ਚੰਦੂਮਾਜਰਾ ਟੌਹੜਾ ਧੜੇ ਤੋਂ ਲੜੇ। ਇਸ ਦੌਰਾਨ ਕਾਂਗਰਸ ਦੀ ਪ੍ਰਨੀਤ ਕੌਰ ਨੇ ਰੱਖੜਾ ਤੋਂ 78,908 ਵੋਟਾਂ ਨਾਲ ਚੋਣ ਜਿੱਤੀ। ਇਸ ਦੌਰਾਨ ਰੱਖੜਾ ਤੇ ਚੰਦੂਮਾਜਰਾ ਦੀਆਂ ਵੋਟਾਂ ਦਾ ਜੋੜ ਪ੍ਰਨੀਤ ਕੌਰ ਦੀਆਂ ਵੋਟਾਂ ਨਾਲੋਂ ਵੱਧ ਸੀ। 2004 'ਚ ਰੱਖੜਾ ਦੀ ਥਾਂ ਕੈਪਟਨ ਕੰਵਲਜੀਤ ਸਿੰਘ ਨੂੰ ਟਿਕਟ ਮਿਲੀ ਪਰ ਉਹ ਵੀ ਹਾਰ ਗਏ। ਉਦੋਂ ਵੀ ਅਕਾਲੀ ਧੜਿਆਂ 'ਤੇ ਉਨ੍ਹਾਂ ਦੀ ਅੰਦਰੂਨੀ ਵਿਰੋਧਤਾ ਦੇ ਦੋਸ਼ ਲੱਗੇ। ਇਸ ਦੌਰਾਨ ਕੈਪਟਨ ਕੰਵਲਜੀਤ ਸਿੰਘ ਦੀ ਸ਼ਿਕਾਇਤ 'ਤੇ ਪਾਰਟੀ ਨੇ ਇੱਕ ਵੱਡੇ ਨੇਤਾ ਨੂੰ ਬਾਹਰ ਦਾ ਰਸਤਾ ਦਿਖਾਇਆ ਸੀ। ਇਸੇ ਤਰ੍ਹਾਂ 2009 'ਚ ਮੁੜ ਚੰਦੂਮਾਜਰਾ ਲੜੇ, ਤਾਂ ਉਨ੍ਹਾਂ ਨਾਲ ਵੀ ਇਹੀ ਭਾਣਾ ਵਾਪਰਿਆ ਤੇ ਉਹ ਤਾਂ 97,389 ਵੋਟਾਂ ਦੇ ਫਰਕ ਨਾਲ ਹਾਰੇ। ਉਨ੍ਹਾਂ ਵੀ ਇਸ ਹਾਰ ਦਾ ਕਾਰਨ ਅੰਦਰੂਨੀ ਵਿਰੋਧੀ ਧੜਿਆਂ ਨੂੰ ਦੱਸਿਆ। 2014 'ਚ ਕਿਸੇ ਸਮੇਂ ਪ੍ਰਨੀਤ ਕੌਰ ਦੇ ਹੀ ਚੇਲੇ ਰਹੇ ਦੀਪਿੰਦਰ ਸਿੰਘ ਢਿੱਲੋਂ ਨੂੰ ਨਵੇਂ ਚਿਹਰੇ ਵਜੋਂ ਅਕਾਲੀ ਦਲ ਨੇ ਮੈਦਾਨ 'ਚ ਉਤਾਰਿਆ, ਤਾਂ ਉਹ ਭਾਵੇਂ ਤੀਜੇ ਨੰਬਰ 'ਤੇ ਆਏ ਪਰ ਮੁਕਾਬਲਾ ਪੂਰਾ ਦਿੱਤਾ। ਉਦੋਂ 'ਆਪ' ਦੇ ਡਾ. ਧਰਮਵੀਰ ਗਾਂਧੀ ਨੇ 20,942 ਵੋਟਾਂ ਦੇ ਫਰਕ ਨਾਲ ਪ੍ਰਨੀਤ ਕੌਰ ਨੂੰ ਹਰਾਇਆ ਸੀ।

ਉਧਰ 2019 'ਚ ਮੁੜ ਰੱਖੜਾ ਚੋਣ ਪਿੜ 'ਚ ਉੱਤਰੇ, ਤਾਂ ਉਨ੍ਹਾਂ ਨਾਲ ਵੀ ਚੰਦੂਮਾਜਰਾ ਵਾਲੀ ਹੋਈ। ਉਹ ਪ੍ਰਨੀਤ ਕੌਰ ਤੋਂ 1,62,318 ਵੋਟਾਂ ਨਾਲ ਹਾਰ ਗਏ, ਜੋ ਹੁਣ ਤੱਕ ਦੀ ਸਭ ਤੋਂ ਵੱਡੀ ਲੀਡ ਹੋ ਨਿੱਬੜੀ। ਉਦੋਂ ਇਕਲੌਤੇ ਅਕਾਲੀ ਵਿਧਾਇਕ ਦੇ ਹਲਕੇ ਵਿਚੋਂ ਅਕਾਲੀ ਉਮੀਦਵਾਰ ਨੂੰ ਮਿਲੀ ਸਭ ਤੋਂ ਵੱਧ 42 ਹਜ਼ਾਰ ਦੀ ਹਾਰ ਕਾਫ਼ੀ ਚਰਚਾ 'ਚ ਰਹੀ। ਇਸ ਵਾਰ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੇ ਐੱਨ.ਕੇ. ਸ਼ਰਮਾ ਨੂੰ ਉਮੀਦਵਾਰ ਬਣਾਇਆ ਹੈ। ਉਹ ਜਿਥੇ ਅਕਾਲੀ ਪਾਰਟੀ ਦਾ ਇੱਥੋਂ ਪਲੇਠਾ ਹਿੰਦੂ ਉਮੀਦਵਾਰ ਹੈ, ਉਥੇ ਹੀ ਸਰਵਪ੍ਰਵਾਨਤ ਵੀ ਹੈ। ਪਹਿਲਾਂ ਵਾਂਗ ਉਸ ਦੀ ਮੁਖ਼ਾਲਫ਼ਤ ਹੋਣ ਦੇ ਆਸਾਰ ਨਹੀਂ ਹਨ। ਪ੍ਰਚਾਰ ਦੌਰਾਨ ਸ਼ਰਮਾ ਨੂੰ ਚੰਗਾ ਹੁਲਾਰਾ ਵੀ ਮਿਲ ਰਿਹਾ ਹੈ।

# ਸ਼੍ਰੋਮਣੀ ਅਕਾਲੀ ਦਲ ਨੇ ਖਡੂਰ ਸਾਹਿਬ ਤੋਂ ਵਿਰਸਾ ਸਿੰਘ ਵਲਟੋਹਾ ਨੂੰ ਐਲਾਨਿਆ ਉਮੀਦਵਾਰ



**ਜਲੰਧਰ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਅੱਜ ਖਡੂਰ ਸਾਹਿਬ ਤੋਂ ਆਪਣਾ ਉਮੀਦਵਾਰ ਐਲਾਨ ਦਿੱਤਾ ਗਿਆ ਹੈ। ਅਕਾਲੀ ਦਲ ਨੇ ਖਡੂਰ ਸਾਹਿਬ ਤੋਂ ਵਿਰਸਾ ਸਿੰਘ ਵਸਟੋਹਾ ਨੂੰ ਟਿਕਟ ਦੇ ਕੇ ਚੋਣ ਮੈਦਾਨ ਵਿਚ ਉਤਾਰਿਆ ਹੈ। ਇਥੇ ਦੱਸ ਦੇਈਏ ਕਿ ਅਕਾਲੀ ਦਲ ਦੀ ਇਕ ਹੀ ਸੀਟ ਰਹਿੰਦੀ ਸੀ, ਜਿੱਥੋਂ ਹੁਣ ਤੱਕ ਉਨ੍ਹਾਂ ਵੱਲੋਂ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਗਿਆ ਸੀ, ਜਦਕਿ ਆਪਣਾ ਆਖਰੀ ਪੱਤਾ ਖੋਲਦੇ ਹੋਏ ਵਿਰਸਾ ਸਿੰਘ ਵਲਟੋਹਾ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ।

ਜ਼ਿਕਰਯੋਗ ਹੈ ਕਿ ਅਕਾਲੀ ਦਲ ਨੇ ਹੁਣ ਪੰਜਾਬ ਦੇ ਸਾਰੇ 13 ਲੋਕ ਸਭਾ ਹਲਕਿਆਂ ਵਿਚ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ। ਇਸ ਤੋਂ ਪਹਿਲਾਂ ਅਕਾਲੀ ਦਲ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸੰਗਰੂਰ ਤੋਂ ਇਕਬਾਲ ਸਿੰਘ ਝੂੰਦਾ, ਫਰੀਦਕੋਟ ਤੋਂ ਰਾਜਵਿੰਦਰ ਸਿੰਘ, ਸ੍ਰੀ ਫਤਿਹਗੜ੍ਹ ਸਾਹਿਬ ਤੋਂ ਬਿਕਰਮਜੀਤ ਸਿੰਘ ਖਾਲਸਾ, ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ, ਲੁਧਿਆਣਾ ਤੋਂ ਰਣਜੀਤ ਸਿੰਘ ਢਿੱਲੋਂ, ਜਲੰਧਰ ਤੋਂ ਮਹਿੰਦਰ ਸਿੰਘ ਕੇ.ਪੀ., ਫਿਰੋਜ਼ਪੁਰ ਤੋਂ ਨਰਦੇਵ ਸਿੰਘ ਬੌਬੀ ਮਾਨ, ਹੁਸ਼ਿਆਰਪੁਰ ਤੋਂ ਸੋਹਨ ਸਿੰਘ ਠੰਡਲ, ਪਟਿਆਲਾ ਤੋਂ ਐੱਨ.ਕੇ. ਸ਼ਰਮਾ, ਅੰਮ੍ਰਿਤਸਰ ਤੋਂ ਅਨਿਲ ਜੋਸ਼ੀ ਅਤੇ ਗੁਰਦਾਸਪੁਰ ਤੋਂ ਦਲਜੀਤ ਸਿੰਘ ਚੀਮਾ ਨੂੰ ਉਮੀਦਵਾਰ ਐਲਾਨਿਆ ਹੋਇਆ ਹੈ।

# ਚੋਣ ਪ੍ਰਚਾਰ 'ਚੋਂ ਪੰਜਾਬ ਦੇ ਬੁਨਿਆਦੀ ਮੁੱਦੇ ਗਾਇਬ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਚ ਲੋਕ ਸਭਾ ਚੋਣਾਂ ਨੇੜੇ ਆਉਣ ਦੇ ਨਾਲ-ਨਾਲ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਆਪੋ-ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਜਾ ਰਿਹਾ ਹੈ। ਸੂਬੇ ਵਿੱਚ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ, ਵਿਰੋਧੀ ਧਿਰ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵੱਲੋਂ ਇਕ ਦੂਜੇ 'ਤੇ ਦੂਸ਼ਣਬਾਜ਼ੀ ਕੀਤੀ ਜਾ ਰਹੀ ਹੈ, ਪਰ ਸੂਬੇ ਦੇ ਅਸਲ ਮੁੱਦਿਆਂ ਬਾਰੇ ਕੋਈ ਗੱਲ ਨਹੀਂ ਕਰ ਰਿਹਾ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਜ਼ਮੀਨੀ ਪਾਣੀ ਘਟਦਾ ਜਾ ਰਿਹਾ ਹੈ, ਜਿਸ ਕਰਕੇ ਲੋਕਾਂ ਨੂੰ ਭਵਿੱਖ ਵਿਚ ਪਾਣੀ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇੱਥੋਂ ਦੀ ਉਪਜਾਊ ਜ਼ਮੀਨ ਬੰਜਰ ਹੁੰਦੀ ਜਾ ਰਹੀ ਹੈ। ਕਿਸਾਨ ਐੱਮ.ਐੱਸ.ਪੀ. 'ਤੇ ਕਾਨੂੰਨੀ ਗਾਰੰਟੀ ਸਣੇ ਹੋਰਨਾਂ ਮੰਗਾਂ ਨੂੰ ਲੈ ਕੇ ਅੰਦੋਲਨ ਕਰ ਰਹੇ ਹਨ। ਕਿਸਾਨ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਰੁੱਕ ਨਹੀਂ ਰਹੀਆਂ। ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ। ਵੱਡੀ ਗਿਣਤੀ ਨੌਜਵਾਨ ਪਰਵਾਸ ਕਰ ਰਹੇ ਹਨ। ਇਨ੍ਹਾਂ ਬਾਰੇ ਸਾਰੀਆਂ ਰਾਜਸੀ ਪਾਰਟੀਆਂ ਚੁੱਪ ਹਨ। ਕੇਂਦਰ ਸਰਕਾਰ ਦੇ ਕਈ ਫੈਸਲਿਆਂ ਕਾਰਨ ਰਾਜਾਂ ਦੇ ਅਧਿਕਾਰ ਸੰਕਟ ਵਿਚ ਪਏ ਹੋਏ ਹਨ। ਕੇਂਦਰ ਸਰਕਾਰ ਵੱਲੋਂ ਸਰਹੱਦੀ ਖੇਤਰ ਵਿਚ ਬੀ.ਐੱਸ.ਐੱਫ. ਦਾ ਅਧਿਕਾਰ ਖੇਤਰ 50 ਕਿਲੋਮੀਟਰ ਤੱਕ ਵਧਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਕੇਂਦਰ ਸਰਕਾਰ ਨਾਲ ਸਬੰਧਤ ਵਧੇਰੇ ਮੁੱਦੇ ਹਨ, ਜਿਨ੍ਹਾਂ ਬਾਰੇ ਕੋਈ ਵੀ ਰਾਜਸੀ ਪਾਰਟੀ ਗੱਲ ਕਰਨ ਲਈ ਤਿਆਰ ਨਹੀਂ। ਹਾਲਾਂਕਿ ਕੁਝ ਸਿਆਸੀ ਆਗੂਆਂ ਦਾ ਦਾਅਵਾ ਹੈ ਕਿ ਉਹ ਆਪਣੇ ਚੋਣ ਘੋਸ਼ਣਾ ਪੱਤਰ ਵਿਚ ਇਨ੍ਹਾਂ ਮੁੱਦਿਆਂ ਨੂੰ ਜ਼ਰੂਰ ਚੁੱਕਣਗੇ, ਪਰ ਚੋਣ ਰੈਲੀਆਂ ਵਿਚੋਂ ਇਹ ਸਭ ਗਾਇਬ ਹਨ।

# ਸਾਰੇ ਲਾਇਸੈਂਸੀ ਹਥਿਆਰ ਜਮ੍ਹਾਂ ਕਰਵਾਉਣ ਦਾ ਹੁਕਮ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਉਲੰਘਣਾ: ਹਾਈ ਕੋਰਟ

**ਚੰਡੀਗੜ੍ਹ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਕਾਰਨ ਸਾਰੇ ਲਾਇਸੈਂਸੀ ਹਥਿਆਰਧਾਰਕਾਂ ਨੂੰ ਹਥਿਆਰ ਜਮ੍ਹਾ ਕਰਵਾਉਣ ਦੀ ਪ੍ਰਕਿਰਿਆ ਅਤੇ ਜਨਤਕ ਨੋਟਿਸ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਦਾਖ਼ਲ ਕੀਤੀ ਗਈ ਹੈ। ਪਟੀਸ਼ਨ 'ਤੇ ਸੁਣਵਾਈ ਕਰਦਿਆਂ ਹਾਈਕੋਰਟ ਨੇ ਇਸ ਨੂੰ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਉਲੰਘਣਾ ਕਰਾਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਅਜਿਹੇ ਨੋਟਿਸ ਜਾਰੀ ਕਰਕੇ ਦੋਵੇਂ ਰਾਜ (ਪੰਜਾਬ ਅਤੇ ਹਰਿਆਣਾ) ਆਪਣਾ ਕੰਮ ਕਈ ਗੁਣਾ ਵਧਾ ਰਹੇ ਹਨ। ਹਾਈਕੋਰਟ ਨੇ ਹੁਣ ਚੰਡੀਗੜ੍ਹ ਦੀ ਤਰਜ਼ 'ਤੇ ਹਰਿਆਣਾ ਅਤੇ ਪੰਜਾਬ ਨੂੰ ਇਸ ਸਬੰਧੀ ਢੁੱਕਵੇਂ ਫ਼ੈਸਲੇ ਲੈਣ ਦੇ ਨਿਰਦੇਸ਼ ਦਿੱਤੇ ਹਨ।




# ਪੰਜਾਬ 'ਚ 85 ਸਾਲ ਤੋਂ ਉੱਪਰ ਵੋਟਰਾਂ ਲਈ ਚੋਣਾਂ 1 ਜੂਨ ਤੋਂ ਪਹਿਲਾਂ!

**■ ਚੋਣ ਕਮਿਸ਼ਨ ਨੇ ਖਿੱਚੀ ਪੂਰੀ ਤਿਆਰੀ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ 'ਚ ਇਸ ਵਾਰ ਹਰ ਵੋਟਰ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰੇ, ਇਸ ਦੇ ਲਈ ਚੋਣ ਕਮਿਸ਼ਨ ਵਲੋਂ ਪੂਰੀ ਤਿਆਰੀ ਕਰ ਲਈ ਗਈ ਹੈ। ਸੂਬੇ 'ਚ 1 ਜੂਨ ਨੂੰ ਵੋਟਾਂ ਪੈਣੀਆਂ ਹਨ ਪਰ ਚੋਣ ਕਮਿਸ਼ਨ ਨੇ ਤੈਅ ਕੀਤਾ ਹੈ ਕਿ ਪੰਜਾਬ ਦੇ 85 ਸਾਲ ਤੋਂ ਉੱਪਰ ਦੇ 2.57 ਲੱਕ ਅਤੇ ਡੇਢ ਲੱਖ ਦਿਵਿਆਂਗ ਵੋਟਰਾਂ ਕੋਲੋਂ ਇਸ ਤੋਂ ਪਹਿਲਾਂ ਹੀ ਪੋਸਟਲ ਬੈਲਟ ਪੇਪਰ ਜ਼ਰੀਏ ਵੋਟਾਂ ਪੁਆਈਆਂ ਜਾਣਗੀਆਂ। ਇਸ ਦੇ ਲਈ ਕਮਿਸ਼ਨ ਨੇ 25, 26, 27 ਅਤੇ 28 ਮਈ ਦੀ ਤਾਰੀਖ਼ ਤੈਅ ਕੀਤੀ ਹੈ।

ਇਸ ਤੋਂ ਪਹਿਲਾਂ ਚੋਣ ਕਮਿਸ਼ਨ ਉਕਤ ਸਾਰੇ ਵੋਟਰਾਂ ਤੋਂ ਕੰਸੈਂਟ ਫਾਰਮ ਭਰਵਾ ਰਿਹਾ ਹੈ। ਇਸ ਲਈ ਬੀ.ਐੱਲ.ਓ. ਘਰ-ਘਰ ਜਾ ਕੇ ਦਿਵਿਆਂਗ ਅਤੇ 85 ਸਾਲ ਤੋਂ ਉੱਪਰ ਦੇ ਬਜ਼ੁਰਗ ਵੋਟਰਾਂ ਨਾਲ ਸੰਪਰਕ ਕਰ ਰਹੇ ਹਨ ਕਿ ਉਹ ਕਿਵੇਂ ਵੋਟਾਂ ਪਾਉਣੀਆਂ ਚਾਹੁੰਦੇ ਹਨ। ਚੋਣ ਕਮਿਸ਼ਨ ਪੋਸਟਲ ਬੈਲਟ ਪੇਪਰ ਲਈ ਬਜ਼ੁਰਗਾਂ ਅਤੇ ਦਿਵਿਆਂਗ ਵੋਟਰਾਂ ਤੋਂ ਫਾਰਮ 12 ਭਰਵਾ ਕਰੇ ਉਨ੍ਹਾਂ ਦਾ ਕੰਸੈਂਟ ਲੈ ਰਿਹਾ ਹੈ।

ਕੋਈ ਵੀ ਵਿਅਕਤੀ ਇਹ ਫਾਰਮ ਘਰ ਬੈਠੇ ਵੀ ਡਾਊਨਲੋਡ ਕਰ ਸਕਦਾ ਹੈ ਅਤੇ ਉਹ ਖ਼ੁਦ ਜਾਂ ਉਸ ਦੇ ਪਰਿਵਾਰ ਦਾ ਕੋਈ ਮੈਂਬਰ ਇਹ ਫਾਰਮ ਨੇੜਲੇ ਚੋਣ ਕਮਿਸ਼ਨ ਦੇ ਦਫ਼ਤਰ 'ਚ ਜਮ੍ਹਾਂ ਕਰਵਾ ਸਕਦਾ ਹੈ। ਚੋਣ ਕਮਿਸ਼ਨ ਦੇ ਮੁਤਾਬਕ ਦਿਵਿਆਂਗ ਜਾਂ 85 ਸਾਲ ਤੋਂ ਉੱਪਰ ਦੇ ਬਜ਼ੁਰਗ ਵੋਟਰ ਜਦੋਂ ਪੋਸਟਲ ਬੈਲਟ ਰਾਹੀਂ ਵੋਟਾਂ ਪਾਉਣਗੇ ਤਾਂ ਟੀਮ ਘਰ ਪੁੱਜੇਗੀ। ਟੀਮ 'ਚ ਇਕ ਬੀ.ਐੱਲ.ਓ., 2 ਚੋਣ ਕਰਮਚਾਰੀ ਅਤੇ ਸਿਆਸੀ ਪਾਰਟੀਆਂ ਦੇ ਏਜੰਟ ਮੌਜੂਦ ਰਹਿਣਗੇ, ਤਾਂ ਜੋ ਪੱਖਪਾਤ ਦੇ ਦੋਸ਼ ਨਾ ਲੱਗ ਸਕਣ।

# ਚੋਣ ਕਮਿਸ਼ਨ ਵੱਲੋਂ ਚੋਣਾਂ ਸੰਬੰਧੀ ਡਿਪਟੀ ਕਮਿਸ਼ਨਰਾਂ ਨੂੰ ਸਖ਼ਤ ਹੁਕਮ ਜਾਰੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ 'ਚ ਲੋਕ ਸਭਾ ਚੋਣਾਂ 2024 ਦੌਰਾਨ ਮੌਸਮ ਵਿਭਾਗ ਵੱਲੋਂ ਵੋਟਾਂ ਵਾਲੇ ਦਿਨ ਭਾਵ 1 ਜੂਨ ਨੂੰ ਜ਼ਿਆਦਾ ਗਰਮੀ ਹੋਣ ਸਬੰਧੀ ਕੀਤੀ ਗਈ ਭਵਿੱਖਬਾਣੀ ਦੇ ਮੱਦੇਨਜ਼ਰ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਸਾਰੇ ਡਿਪਟੀ ਕਮਿਸ਼ਨਰਾਂ-ਕਮ-ਜ਼ਿਲ੍ਹਾ ਚੋਣ ਅਧਿਕਾਰੀਆਂ ਨੂੰ ਗਰਮੀ ਤੋਂ ਬਚਾਅ ਲਈ ਪੋਲਿੰਗ ਸਟਾਫ ਦੀ ਸਹੂਲਤ ਵਾਸਤੇ ਢੁੱਕਵੇਂ ਕਦਮ ਚੁੱਕਣ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਬਿਨ ਸੀ ਨੇ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਪੰਜਾਬ ਦੇ ਡਿਪਟੀ ਕਮਿਸ਼ਨਰਾਂ ਨੂੰ ਚੋਣ ਪ੍ਰਕਿਰਿਆ ਦੌਰਾਨ ਪੋਲਿੰਗ ਸਟਾਫ਼ ਦੀ ਭਲਾਈ ਅਤੇ ਸਹੂਲਤ ਲਈ ਢੁੱਕਵੇਂ ਪ੍ਰਬੰਧ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਪੰਜਾਬ 'ਚ 1 ਜੂਨ, 2024 ਨੂੰ ਵੋਟਾਂ ਪੈਣੀਆਂ ਹਨ ਅਤੇ ਇਨ੍ਹਾਂ ਦਿਨਾਂ ਦੌਰਾਨ ਗਰਮੀ ਸਿਖ਼ਰ 'ਤੇ ਹੋਵੇਗੀ। ਇਸ ਲਈ ਪੋਲਿੰਗ ਸਟਾਫ਼ ਨੂੰ ਗਰਮੀ ਤੋਂ ਬਚਾਉਣ ਲਈ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਪੋਲਿੰਗ ਸਟੇਸ਼ਨਾਂ ਅਤੇ ਚੋਣਾਂ ਨਾਲ ਸਬੰਧਤ ਹੋਰ ਸੈਂਟਰਾਂ 'ਤੇ ਢੁੱਕਵੇਂ ਪ੍ਰਬੰਧ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ, ਜਿੱਥੇ ਛਾਂ, ਪੀਣ ਵਾਲਾ ਪਾਣੀ, ਵੇਟਿੰਗ ਏਰੀਆ, ਪੁਰਸ਼ਾਂ ਅਤੇ ਮਹਿਲਾਵਾਂ ਲਈ ਸਾਫ਼-ਸੁਥਰੇ ਪਖਨਿਆਂ ਦੇ ਸੁਚਾਰੂ ਪ੍ਰਬੰਧ ਹੋਣ। ਉਨ੍ਹਾਂ ਅੱਗੇ ਕਿਹਾ ਕਿ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਜਾਰੀ ਕੀਤੇ ਪੱਤਰ 'ਚ ਅਧਿਕਾਰੀਆਂ ਨੂੰ ਸਾਰੇ ਸਿਖਲਾਈ ਸਥਾਨਾਂ, ਡਿਸਪਰਸਲ ਤੇ ਕੁਲੈਕਸ਼ਨ ਸੈਂਟਰਾਂ, ਪੋਲਿੰਗ ਸਟੇਸ਼ਨਾਂ 'ਤੇ ਲੋੜੀਂਦੀਆਂ ਦਵਾਈਆਂ (ਓ.ਆਰ.ਐੱਸ. ਘੋਲ ਆਦਿ) ਅਤੇ ਪੈਰਾ ਮੈਡੀਕਲ ਸਟਾਫ਼ ਦੀ ਤਾਇਨਾਤੀ ਕਰਨ ਲਈ ਕਿਹਾ ਹੈ। ਇਹ ਨਿਰਦੇਸ਼ ਵੀ ਦਿੱਤੇ ਗਏ ਹਨ ਸਟਾਫ਼ ਲਈ ਕੂਲਰ, ਰਿਫਰੈਸ਼ਮੈਂਟ ਆਦਿ ਦੇ ਪ੍ਰਬੰਧਾਂ ਤੋਂ ਇਲਾਵਾ ਜਨਤਕ ਸ਼ਿਕਾਇਤ ਨਿਵਾਰਣ ਪ੍ਰਣਾਲੀ, ਗਰਮੀ ਤੋਂ ਰਾਹਤ ਲਈ ਟੈਂਟਾਂ ਦਾ ਢੁਕਵਾਂ ਪ੍ਰਬੰਧ, ਸੰਕੇਤਕ ਚਿੰਨ੍ਹਾਂ ਦੀ ਵਿਵਸਥਾ ਅਤੇ ਪੋਲਿੰਗ ਪਾਰਟੀ ਦੇ ਕੁਲੈਕਸ਼ਨ ਸੈਂਟਰਾਂ 'ਤੇ ਪਹੁੰਚਣ ਅਤੇ ਪੋਲਿੰਗ ਸਮੱਗਰੀ ਸੌਂਪਣ ਤੋਂ ਬਾਅਦ ਪੋਲਿੰਗ ਸਟਾਫ਼ ਨੂੰ ਘਰ ਛੱਡਣ ਲਈ ਆਵਾਜਾਈ ਦੀਆਂ ਸਹੂਲਤਾਂ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ।

ਮੁੱਖ ਚੋਣ ਅਧਿਕਾਰੀ ਨੇ ਚੋਣ ਸਮੱਗਰੀ ਜਮ੍ਹਾਂ ਕਰਵਾਉਣ ਸਬੰਧੀ ਡਿਪਟੀ ਕਮਿਸ਼ਨਰਾਂ ਨੂੰ ਸਪੱਸ਼ਟ ਹਦਾਇਤਾਂ ਵੀ ਜਾਰੀ ਕੀਤੀਆਂ ਹਨ। ਇਸ ਦੇ ਨਾਲ ਹੀ ਪੋਲਿੰਗ ਸਟੇਸ਼ਨ 'ਤੇ ਪੋਲਿੰਗ ਸਟਾਫ਼, ਮਾਈਕਰੋ ਆਬਜ਼ਰਵਰਾਂ ਅਤੇ ਸੁਰੱਖਿਆ ਸਟਾਫ਼ (ਪੁਲਿਸ ਅਤੇ ਸੀ.ਏ.ਪੀ.ਐੱਫ. ਦੋਵੇਂ) ਲਈ ਬਿਸਤਰਿਆਂ, ਰਿਫਰੈਸ਼ਮੈਂਟ, ਸਾਫ਼-ਸੁਥਰੇ ਪਖਾਨੇ ਅਤੇ ਮੈਡੀਕਲ ਸੁਵਿਧਾਵਾਂ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ। ਜਿੱਥੇ ਪੋਲਿੰਗ ਸਟੇਸ਼ਨ ਸਕੂਲਾਂ ਤੋਂ ਇਲਾਵਾ ਕਿਸੇ ਹੋਰ ਜਗ੍ਹਾ ਸਥਿਤ ਹਨ, ਵਿਚ ਅਧਿਕਾਰੀਆਂ ਨੂੰ ਪੋਲਿੰਗ ਪਾਰਟੀਆਂ ਦੇ ਖਾਣੇ ਦਾ ਢੁਕਵਾਂ ਪ੍ਰਬੰਧ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ। ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਮੌਸਮ ਵਿਭਾਗ ਵੱਲੋਂ ਵੋਟਾਂ ਵਾਲੇ ਦਿਨ ਗਰਮੀ ਸਬੰਧੀ ਚੇਤਾਵਨੀ ਦੇ ਮੱਦੇਨਜ਼ਰ ਵੋਟਰ ਪੋਲਿੰਗ ਸਟੇਸ਼ਨਾਂ 'ਤੇ ਦੇਰੀ ਨਾਲ ਪਹੁੰਚ ਸਕਦੇ ਹਨ ਅਤੇ ਸ਼ਾਮ 6.00 ਵਜੇ ਤੋਂ ਬਾਅਦ ਵੀ ਵੋਟਿੰਗ ਲਈ ਕਤਾਰ ਲੱਗਣ ਦੀ ਸੰਭਾਵਨਾ ਹੈ, ਜਿਸ ਕਰਕੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਪੋਲਿੰਗ ਸਟੇਸ਼ਨਾਂ 'ਤੇ ਰੋਸ਼ਨੀ ਲਈ ਬਿਜਲੀ ਦੇ ਪੁਖਤਾ ਪ੍ਰਬੰਧ ਕਰਨ ਲਈ ਕਿਹਾ ਗਿਆ ਹੈ।

# ਵੱਖ-ਵੱਖ ਪਾਰਟੀਆਂ ਨਾਲ ਜੁੜੇ ਪਰਿਵਾਰਕ ਮੈਂਬਰ ਹੋਣਗੇ ਆਹਮੋ-ਸਾਹਮਣੇ!

**■ ਕਿਤੇ ਨੂੰਹ-ਸਹੁਰਾ ਤੇ ਕਿਤੇ ਪਿਓ-ਪੁੱਤਰ ਉਮੀਦਵਾਰ ਹੋਣਗੇ ਆਹਮੋ-ਸਾਹਮਣੇ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਚ ਕਈ ਅਜਿਹੇ ਰਾਜਨੀਤਿਕ ਪਰਿਵਾਰ ਹਨ, ਜਿਨ੍ਹਾਂ ਦੇ ਕੁਝ ਮੈਂਬਰ ਕਿਸੇ ਇਕ ਸਿਆਸੀ ਪਾਰਟੀ ਨਾਲ ਕਾਫੀ ਸਮੇਂ ਤੋਂ ਜੁੜੇ ਹੋਏ ਹਨ, ਜਦਕਿ ਬਾਕੀ ਮੈਂਬਰ ਕਿਸੇ ਹੋਰ ਪਾਰਟੀ ਵਲੋਂ ਉਮੀਦਵਾਰ ਹਨ। ਜਿਸ ਦੇ ਚੱਲਦਿਆਂ ਕਿਸੇ ਲੋਕ ਸਭਾ ਹਲਕੇ ਤੋਂ ਪਿਤਾ ਪੱਤਰ ਤਾਂ ਕਿਤੇ ਨੂੰਹ ਸਹੁਰਾ ਆਪਣੀ ਵੱਖੋ-ਵੱਖਰੀ ਪਾਰਟੀ ਲਈ ਚੋਣ ਪ੍ਰਚਾਰ ਕਰਨਗੇ।

ਇਸ ਨਾਲ ਹੁਣ ਜਿਥੇ ਚੋਣ ਨਤੀਜਿਆਂ ਦੇ ਕਾਫੀ ਦਿਲਚਸਪ ਬਣਨ ਦੀ ਉਮੀਦ ਹੈ, ਉਥੇ ਇਹ ਵੀ ਚਰਚਾ ਹੈ ਕਿ ਇਕੋ ਪਰਿਵਾਰ ਵਿਚੋਂ ਵੱਖ-ਵੱਖ ਪਾਰਟੀਆਂ ਨਾਲ ਜੁੜੇ ਪਰਿਵਾਰਕ ਮੈਂਬਰ ਆਪਣੀ ਵਿਰੋਧੀ ਪਾਰਟੀ ਵਲੋਂ ਚੋਣ ਮੈਦਾਨ ਵਿਚ ਉਤਾਰੇ ਆਪਣੇ ਹੀ ਪਰਿਵਾਰਕ ਮੈਂਬਰਾਂ ਖਿਲਾਫ਼ ਕਿਸ ਤਰ੍ਹਾਂ ਚੋਣ ਪ੍ਰਚਾਰ ਕਰਨਗੇ।

ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਦੇ ਜਲਾਲਾਬਾਦ ਤੋਂ ਵਿਧਾਇਕ ਗੋਲਡੀ ਕੰਬੋਜ ਦੇ ਪਿਤਾ ਸੁਰਿੰਦਰ ਕੰਬੋਜ ਨੂੰ ਇਸ ਵਾਰ ਬਸਪਾ ਵਲੋਂ ਫਿਰੋਜ਼ਪੁਰ ਤੋਂ ਉਮੀਦਵਾਰ ਐਲਾਨਿਆ ਗਿਆ ਹੈ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਸਿਕੰਦਰ ਸਿੰਘ ਮਲੂਕਾ ਦੇ ਨੂੰਹ ਪਰਮਪਾਲ ਕੌਰ ਸਿੱਧੂ ਬਠਿੰਡਾ ਤੋਂ ਭਾਜਪਾ ਦੇ ਉਮੀਦਵਾਰ ਹਨ।

ਬਸਪਾ ਵਲੋਂ ਫਿਰੋਜ਼ਪੁਰ ਤੋਂ ਐਲਾਨੇ ਉਮੀਦਵਾਰ ਸੁਰਿੰਦਰ ਕੰਬੋਜ ਨੇ ਕਿਹਾ ਕਿ ਨਾ ਮੈਂ ਆਮ ਆਦਮੀ ਪਾਰਟੀ ਦਾ ਮੈਂਬਰ ਹਾਂ ਅਤੇ ਨਾ ਚੋਣਾਂ ਦੌਰਾਨ ਆਪਣੇ ਪੁੱਤਰ ਨਾਲ ਕਿਸੇ ਪਿੰਡ ਵਿਚ ਚੋਣ ਪ੍ਰਚਾਰ ਲਈ ਗਿਆ ਹਾਂ। ਉਨ੍ਹਾਂ ਕਿਹਾ ਮੈਂ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਸਹਿਮਤ ਨਹੀਂ ਸੀ। ਇਸ ਲਈ ਮੈਂ ਬਸਪਾ ਵਿਚ ਸ਼ਾਮਲ ਹੋ ਕੇ ਚੋਣ ਲੜ ਰਿਹਾ ਹਾਂ। ਉਨ੍ਹਾਂ ਕਿਹਾ ਕਿ ਮੇਰੇ ਪੁੱਤਰ ਦੇ ਆਪਣੇ ਵਿਚਾਰ ਹਨ ਅਤੇ ਮੇਰੇ ਆਪਣੇ ਵਿਚਾਰ ਹਨ।

ਆਮ ਆਦਮੀ ਪਾਰਟੀ ਦੇ ਵਿਧਾਇਕ ਗੋਲਡੀ ਕੰਬੋਜ ਨੇ ਕਿਹਾ ਕਿ ਮੈਂ ਆਪਣੇ ਪਿਤਾ ਤੋਂ ਕਈ ਸਾਲਾਂ ਤੋਂ ਅਲੱਗ ਰਹਿ ਰਿਹਾ ਹਾਂ। ਉਨ੍ਹਾਂ ਕਿਹਾ ਮੈਂ ਆਪਣੀ ਪਾਰਟੀ ਦੇ ਹੱਕ ਵਿਚ ਖੜ੍ਹਾ ਹਾਂ, ਜਿਸ ਨੇ ਮੈਨੂੰ ਇਥੇ ਤੱਕ ਪਹੁੰਚਾਇਆ ਹੈ।

ਕਾਂਗਰਸ ਵਲੋਂ ਮੁਅੱਤਲ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੇ ਕਿਹਾ ਕਿ ਮੈਂ ਪ੍ਰਚਾਰ ਕਰਾਂਗਾ ਕਿ ਕਾਂਗਰਸ ਵਲੋਂ ਜਲੰਧਰ ਤੋਂ ਚਰਨਜੀਤ ਸਿੰਘ ਚੰਨੀ ਨੂੰ ਉਮੀਦਵਾਰ ਐਲਾਨਣਾ ਠੀਕ ਨਹੀਂ ਹੈ। ਵਿਕਰਮੀਤ ਸਿਘ ਚੌਧਰੀ ਨੇ ਕਿਹਾ ਮੈਂ ਉਨ੍ਹਾਂ ਦੀ ਅਸਲੀਅਤ ਲੋਕਾਂ ਸਾਹਮਣੇ ਲਿਆਂਵਾਗਾ।


## ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।

## MATRIMONIAL

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

## ਕੰਨਿਆ ਦੀ ਲੋੜ

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

## ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5'-10", ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

## MATRIMONIAL

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

## MATRIMONIAL

Lovepreet Singh Gill, 26 yrs old, 5'11". US citizen, own small trucking company, living in Sacramento CA

## MATRIMONIAL

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

## MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

## MATRIMONIAL

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਚੋਣਾਂ ਕੰਟਰੋਲ ਨਹੀਂ ਕਰ ਸਕਦੇ: ਸੁਪਰੀਮ ਕੋਰਟ

- **ਵੀ.ਵੀ.ਪੈਟ ਨਾਲ ਵੋਟਾਂ ਦੀ ਤਸਦੀਕ ਦਾ ਮਾਮਲਾ;**
- **ਈ.ਵੀ.ਐੱਮਜ਼ ਬਾਰੇ ਮਹਿਜ਼ ਸ਼ੱਕ ਦੇ ਆਧਾਰ 'ਤੇ ਹਦਾਇਤਾਂ ਜਾਰੀ ਕਰਨ ਤੋਂ ਇਨਕਾਰ**

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐੱਮ'ਜ਼) ਵਿਚਲੀਆਂ ਵੋਟਾਂ ਦੀ ਵੋਟਰ ਵੈਰੀਫਾਇਬਲ ਪੇਪਰ ਆਡਿਟ ਟਰੇਲ (ਵੀ.ਵੀ. ਪੈਟ) ਨਾਲ ਮੁਕੰਮਲ ਤਸਦੀਕ/ਮਿਲਾਨ ਕੀਤੇ ਜਾਣ ਦੀ ਮੰਗ ਕਰਦੀਆਂ ਪਟੀਸ਼ਨਾਂ 'ਤੇ ਫੈਸਲਾ ਰਾਖਵਾਂ ਰੱਖ ਲਿਆ ਹੈ। ਸਰਵਉੱਚ ਅਦਾਲਤ ਨੇ ਹਾਲਾਂਕਿ ਈ.ਵੀ.ਐੱਮਜ਼ ਦੀ ਨੁਕਤਾਚੀਨੀ ਕਰਨ ਵਾਲਿਆਂ ਨੂੰ ਸਾਫ਼ ਕਰ ਦਿੱਤਾ ਕਿ ਉਹ 'ਚੋਣਾਂ ਨੂੰ ਕੰਟਰੋਲ' ਨਹੀਂ ਕਰ ਸਕਦੀ ਜਾਂ ਮਹਿਜ਼ ਈ.ਵੀ.ਐੱਮਜ਼ ਦੀ ਕਾਰਗਰਤਾ ਬਾਰੇ ਸ਼ੰਕਿਆਂ ਦੇ ਆਧਾਰ 'ਤੇ ਕੋਈ ਹਦਾਇਤਾਂ ਨਹੀਂ ਦੇ ਸਕਦੀ। ਅਦਾਲਤ ਨੇ ਕਿਹਾ ਕਿ ਉਹ ਮੁੜ ਤੋਂ ਬੈਲੇਟ ਪੇਪਰਾਂ (ਚੋਣ ਪਰਚੀਆਂ) ਰਾਹੀਂ ਚੋਣਾਂ ਦੀ ਵਕਾਲਤ ਕਰਨ ਵਾਲਿਆਂ ਤੇ ਈ.ਵੀ.ਐੱਮਜ਼ ਦੇ ਫਾਇਦਿਆਂ 'ਤੇ ਸ਼ੱਕ ਕਰਨ ਵਾਲਿਆਂ ਦੀ ਸੋਚ ਦੇ ਅਮਲ ਨੂੰ ਨਹੀਂ ਬਦਲ ਸਕਦੀ।

ਜਸਟਿਸ ਸੰਜੀਵ ਖੰਨਾ ਤੇ ਜਸਟਿਸ ਦੀਪਾਂਕਰ ਦੱਤਾ ਦੇ ਬੈਂਚ ਨੇ ਚੋਣ ਕਮਿਸ਼ਨ ਦੇ ਅਧਿਕਾਰੀ ਤੋਂ ਈ.ਵੀ.ਐੱਮਜ਼ ਦੀ ਕਾਰਜਵਿਧੀ ਨਾਲ ਜੁੜੇ ਪੰਜ ਸਵਾਲ ਕੀਤੇ ਸਨ, ਜਿਨ੍ਹਾਂ ਦੇ ਜਵਾਬ ਮਿਲਣ ਮਗਰੋਂ ਅਦਾਲਤ ਨੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ। ਇਨ੍ਹਾਂ (ਸਵਾਲਾਂ) ਵਿਚ ਈ.ਵੀ.ਐੱਮਜ਼ ਵਿਚ ਫਿਟ ਕੀਤੇ ਮਾਈਕਰੋਕੰਟਰੋਲਰਜ਼ ਨੂੰ ਰੀ-ਪ੍ਰੋਗਰਾਮ ਕੀਤੇ ਜਾਣ ਸਬੰਧੀ ਸਵਾਲ ਵੀ ਸੀ। ਸੁਪਰੀਮ ਕੋਰਟ ਨੇ ਉਪਰੋਕਤ ਸਵਾਲਾਂ ਦੇ ਜਵਾਬ ਲਈ ਸੀਨੀਅਰ ਡਿਪਟੀ ਚੋਣ ਕਮਿਸ਼ਨਰ ਨਿਤੇਸ਼ ਕੁਮਾਰ ਵਿਆਸ ਨੂੰ ਤਲਬ ਕੀਤਾ ਸੀ। ਵਿਆਸ ਈ. ਵੀ. ਐੱਮਜ਼ ਦੀ ਕਾਰਜਵਿਧੀ ਨੂੰ ਲੈ ਕੇ ਪਹਿਲਾਂ ਵੀ ਕੋਰਟ ਅੱਗੇ ਪੇਸ਼ਕਾਰੀ ਦੇ ਚੁੱਕੇ ਹਨ।

ਵਿਆਸ ਨੇ ਮਾਈਕਰੋ-ਕੰਟਰੋਲਰਜ਼ ਨੂੰ ਲੈ ਕੇ ਪੁੱਛੇ ਸਵਾਲ ਦੇ ਜਵਾਬ ਵਿਚ ਕਿਹਾ ਕਿ ਨਿਰਮਾਣ ਮੌਕੇ ਇਹ ਇਕੋ ਵਾਰੀ ਪ੍ਰੋਗਰਾਮ ਹੁੰਦਾ ਹੈ ਤੇ ਇਨ੍ਹਾਂ ਨੂੰ ਈ.ਵੀ. ਐੱਮਜ਼ ਦੇ ਤਿੰਨ ਯੂਨਿਟਾਂ- ਬੈਲੇਟਿੰਗ ਯੂਨਿਟ, ਵੀ. ਵੀ. ਪੈਟ ਤੇ ਕੰਟਰੋਲ ਯੂਨਿਟ ਵਿਚ ਇੰਸਟਾਲ ਕੀਤਾ ਜਾਂਦਾ ਹੈ। ਇਸ ਮਗਰੋਂ ਇਨ੍ਹਾਂ ਨੂੰ ਰੀ-ਪ੍ਰੋਗਰਾਮ ਨਹੀਂ ਕੀਤਾ ਜਾ ਸਕਦਾ।

ਉਧਰ ਐੱਨ.ਜੀ.ਓ. 'ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼' ਵੱਲੋਂ ਪੇਸ਼ ਐਡਵੋਕੇਟ ਪ੍ਰਸ਼ਾਂਤ ਭੂਸ਼ਣ ਨੇ ਦਾਅਵਾ ਕੀਤਾ ਕਿ ਚੋਣ ਕਮਿਸ਼ਨ ਦੇ ਅਧਿਕਾਰੀ ਦਾ ਬਿਆਨ ਪੂਰੀ ਤਰ੍ਹਾਂ ਸਹੀ ਨਹੀਂ ਹੈ। ਭੂਸ਼ਣ ਨੇ ਆਪਣੇ ਇਸ ਦਾਅਵੇ ਦੀ ਪੁਸ਼ਟੀ ਲਈ ਨਿੱਜੀ ਸੰਸਥਾ ਦੀ ਰਿਪੋਰਟ ਦਾ ਹਵਾਲਾ ਦਿੱਤਾ। ਉਨ੍ਹਾਂ ਦਾਅਵਾ ਕੀਤਾ, "ਰਿਪੋਰਟ ਇਹ ਕਹਿੰਦੀ ਹੈ ਕਿ ਈ.ਵੀ.ਐੱਮਜ਼ ਦੇ ਇਨ੍ਹਾਂ ਤਿੰਨ ਯੂਨਿਟਾਂ ਵਿਚ ਵਰਤੀ ਜਾਂਦੀ ਮੈਮਰੀ ਨੂੰ ਰੀ-ਪ੍ਰੋਗਰਾਮ ਕੀਤਾ ਜਾ ਸਕਦਾ ਹੈ। ਈ.ਵੀ.ਐੱਮਜ਼ ਵਿਚ ਚੋਣ ਨਿਸ਼ਾਨ ਲੋਡ ਕੀਤੇ ਜਾਣ ਮੌਕੇ ਬਦਨੀਤੀ ਨਾਲ ਤਿਆਰ ਕੀਤੇ ਪ੍ਰੋਗਰਾਮ ਨੂੰ ਸੌਖਿਆਂ ਅਪਲੋਡ ਕੀਤਾ ਜਾ ਸਕਦਾ ਹੈ।" ਭੂਸ਼ਣ ਨੇ ਕਿਹਾ ਕਿ ਈ.ਵੀ.ਐੱਮਜ਼ ਦੀ ਪਾਰਦਰਸ਼ਿਤਾ ਬਾਰੇ ਸ਼ੰਕਿਆਂ ਨੂੰ ਖ਼ਤਮ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਜਾਣ। ਇਸ 'ਤੇ ਜਸਟਿਸ ਖੰਨਾ ਨੇ ਭੂਸ਼ਣ ਨੂੰ ਕਿਹਾ ਕਿ ਅਦਾਲਤ ਨੂੰ ਚੋਣ ਕਮਿਸ਼ਨ, ਜੋ ਸੰਵਿਧਾਨਕ ਸੰਸਥਾ ਹੈ, ਵੱਲੋਂ ਮੁਹੱਈਆ ਕੀਤੇ ਡੇਟਾ ਤੇ ਜਾਣਕਾਰੀ 'ਤੇ ਭਰੋਸਾ ਕਰਨਾ ਹੋਵੇਗਾ, ਜੋ ਇਹ ਕਹਿੰਦਾ ਹੈ ਕਿ ਈ.ਵੀ.ਐੱਮਜ਼ ਦੀ ਮੈਮਰੀ ਵਿਚਲੇ ਪ੍ਰੋਗਰਾਮ ਨੂੰ ਸਿਰਫ਼ ਇਕੋ ਵਾਰ ਲਿਖਿਆ ਜਾ ਸਕਦਾ ਹੈ। ਬੈਂਚ ਨੇ ਭੂਸ਼ਣ ਨੂੰ ਕਿਹਾ, "ਜੇਕਰ ਤੁਸੀਂ ਕਿਸੇ ਚੀਜ਼ ਨੂੰ ਲੈ ਕੇ ਪਹਿਲਾਂ ਹੀ ਮਨ ਜਾਂ ਰਾਇ ਬਣਾਈ ਬੈਠੇ ਹੋ, ਤਾਂ ਅਸੀਂ ਇਸ ਵਿਚ ਮਦਦ ਨਹੀਂ ਕਰ ਸਕਦੇ। ਅਸੀਂ ਤੁਹਾਡੇ ਸੋਚਣ ਦੇ ਅਮਲ ਨੂੰ ਨਹੀਂ ਬਦਲ ਸਕਦੇ।"

ਜਸਟਿਸ ਦੱਤਾ ਨੇ ਪਹਿਲੇ ਦੋ ਫੈਸਲਿਆਂ ਦੇ ਹਵਾਲੇ ਨਾਲ ਕਿਹਾ, "ਦੋ ਫੈਸਲਿਆਂ ਵਿਚੋਂ ਇਕ ਵੀ.ਵੀ. ਪੈਟ ਦੀ ਵਰਤੋਂ ਬਾਰੇ ਸੀ ਤੇ ਇਸ ਦੀ ਪਾਲਣਾ ਹੋਈ। ਪਰ ਇਸ ਵਿਚ ਇਹ ਕਿੱਥੇ ਕਿਹਾ ਗਿਆ ਕਿ ਸਾਰੀਆਂ ਵੀ.ਵੀ. ਪੈਟ ਸਲਿੱਪਾਂ ਦਾ ਈ.ਵੀ.ਐੱਮਜ਼ ਨਾਲ ਮਿਲਾਨ ਹੋਵੇ? ਕੀ ਕਿਸੇ ਉਮੀਦਵਾਰ ਨੇ ਅੱਗੇ ਹੋ ਕੇ ਵੀ.ਵੀ. ਪੈਟ ਸਲਿੱਪਾਂ ਦਾ ਈ.ਵੀ.ਐੱਮਜ਼ ਵਿਚਲੀਆਂ ਵੋਟਾਂ ਨਾਲ ਮਿਲਾਨ ਨਾ ਹੋਣ ਦਾ ਮੁੱਦਾ ਚੁੱਕਿਆ ਹੈ?" ਜਸਟਿਸ ਖੰਨਾ ਨੇ ਭੂਸ਼ਣ ਨੂੰ ਕਿਹਾ ਕਿ ਇਹ ਮਸਲਾ ਬੁੱਧਵਾਰ ਨੂੰ ਦੂਜੀ ਵਾਰ ਸੂਚੀਬੰਦ ਕੀਤਾ ਗਿਆ ਕਿਉਂਕਿ ਕੋਰਟ ਨੂੰ ਕੁਝ ਪਹਿਲੂਆਂ ਬਾਰੇ ਸਪੱਸ਼ਟੀਕਰਨ ਚਾਹੀਦਾ ਸੀ ਕਿਉਂਕਿ ਚੋਣ ਕਮਿਸ਼ਨ ਨੇ 'ਅਕਸਰ ਪੁੱਛੇ ਜਾਂਦੇ ਸਵਾਲਾਂ' (ਐੱਫ.ਏ.ਕਿਊ'ਜ਼) ਬਾਰੇ ਜਿਹੜੇ ਜਵਾਬ ਦਿੱਤੇ ਸਨ, ਉਨ੍ਹਾਂ ਨੂੰ ਲੈ ਕੇ ਕੁਝ ਦੁਚਿੱਤੀ ਸੀ। ਜਸਟਿਸ ਖੰਨਾ ਨੇ ਕਿਹਾ ਕਿ ਚੋਣ ਕਮਿਸ਼ਨ ਦਾ ਆਪਣਾ ਸੁਤੰਤਰ ਪ੍ਰਬੰਧ, ਆਪਣੇ ਤਕਨੀਕੀ ਮਾਹਿਰ ਹਨ ਤੇ ਇਹ ਕੋਈ ਸਿਆਸੀ ਪਾਰਟੀ ਨਹੀਂ ਹੈ।

# ਚੋਣ ਕਮਿਸ਼ਨ ਨੇ 'ਆਪ' ਦੇ ਲੋਕ ਸਭਾ ਚੋਣਾਂ ਲਈ ਪ੍ਰਚਾਰ ਗੀਤ 'ਤੇ ਕੀਤਾ ਇਤਰਾਜ਼

- **ਗੀਤ ਸੋਧਣ ਦੇ ਦਿੱਤੇ ਨਿਰਦੇਸ਼**

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਦੀਆਂ ਆਮ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ (ਆਪ) ਨੂੰ ਝਟਕਾ ਦਿੰਦਿਆਂ ਭਾਰਤੀ ਚੋਣ ਕਮਿਸ਼ਨ (ਈ.ਸੀ.ਆਈ.) ਨੇ ਪਾਰਟੀ ਨੂੰ ਲੋਕ ਸਭਾ ਚੋਣਾਂ ਲਈ ਆਪਣੇ ਪ੍ਰਚਾਰ ਗੀਤ ਨੂੰ ਸੋਧਣ ਲਈ ਕਿਹਾ। ਚੋਣ ਪੈਨਲ ਨੇ ਕਿਹਾ ਕਿ ਪ੍ਰਚਾਰ ਗੀਤ 'ਜੇਲ੍ਹ ਕੇ ਜਵਾਬ ਮੇਂ ਹਮ ਵੋਟ ਦੇਂਗੇ' ਨਿਆਂਪਾਲਿਕਾ 'ਤੇ ਦੋਸ਼ ਲਗਾਉਂਦਾ ਹੈ ਤੇ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਦਾ ਹੈ।

ਚੋਣ ਪੈਨਲ ਨੇ ਕਿਹਾ ਕਿ 'ਜੇਲ੍ਹ ਕੇ ਜਵਾਬ ਮੇਂ ਹਮ ਵੋਟ ਦੇਂਗੇ' ਵਾਕੰਸ਼ ਇੱਕ ਹਮਲਾਵਰ ਭੀੜ ਨੂੰ ਦਰਸਾਉਂਦਾ ਹੈ, ਜਿਸ ਵਿਚ ਅਰਵਿੰਦ ਕੇਜਰੀਵਾਲ ਦੀ ਸਲਾਖਾਂ ਪਿੱਛੇ ਖੜ੍ਹੇ ਹੋਣ ਦੀ ਫੋਟੋ ਨੂੰ ਦਿਖਾਇਆ ਗਿਆ ਹੈ ਅਤੇ ਇਹ ਨਿਆਂਪਾਲਿਕਾ 'ਤੇ ਨੁਕਤਾਚੀਨੀ ਕਰਦਾ ਹੈ। ਇਸ ਤੋਂ ਇਲਾਵਾ ਇਹ ਵਾਕ ਇਸ਼ਤਿਹਾਰ ਵਿਚ ਕਈ ਵਾਰ ਪ੍ਰਗਟ ਹੁੰਦਾ ਹੈ, ਜੋ ਕੇਬਲ ਟੈਲੀਵਿਜ਼ਨ ਨੈੱਟਵਰਕ ਨਿਯਮ, 1994 ਤਹਿਤ ਨਿਰਧਾਰਤ ਪ੍ਰੋਗਰਾਮ ਅਤੇ ਵਿਗਿਆਪਨ ਕੋਡ ਦੇ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਤੇ ਨਿਯਮ 6(1(ਜੀ) ਦੇ ਉਪਬੰਧਾਂ ਦੀ ਉਲੰਘਣਾ ਕਰਦਾ ਹੈ। ਪੈਨਲ ਨੇ 'ਆਪ' ਨੂੰ ਕਿਹਾ ਕਿ ਉਹ ਲੋੜੀਂਦੀਆਂ ਤਬਦੀਲੀਆਂ ਕਰਨ ਮਗਰੋਂ ਗੀਤ ਨੂੰ ਪ੍ਰਮਾਣੀਕਰਨ ਲਈ ਜਮ੍ਹਾਂ ਕਰਾਉਣ। ਆਮ ਆਦਮੀ ਪਾਰਟੀ ਦੀ ਸੀਨੀਅਰ ਨੇਤਾ ਆਤਿਸ਼ੀ ਨੇ ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਦੋਸ਼ ਲਾਇਆ ਕਿ ਭਾਜਪਾ ਦਾ ਸਿਆਸੀ ਹਥਿਆਰ ਬਣ ਚੁੱਕੇ ਚੋਣ ਕਮਿਸ਼ਨ ਨੇ 'ਆਪ' ਦੇ ਪ੍ਰਚਾਰ ਗੀਤ 'ਜੇਲ੍ਹ ਕੇ ਜਵਾਬ ਮੇਂ ਹਮ ਵੋਟ ਦੇਂਗੇ' 'ਤੇ ਪਾਬੰਦੀ ਲਾ ਦਿੱਤੀ ਹੈ। ਆਤਿਸ਼ੀ ਨੇ ਕਿਹਾ ਕਿ ਇਹ ਤਾਨਾਸ਼ਾਹੀ ਸਰਕਾਰ 'ਚ ਹੀ ਹੁੰਦਾ ਹੈ ਕਿ ਵਿਰੋਧੀ ਧਿਰ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਜਾਂਦਾ ਹੈ ਅਤੇ ਵਿਰੋਧੀ ਪਾਰਟੀਆਂ ਨੂੰ ਪ੍ਰਚਾਰ ਕਰਨ ਤੋਂ ਵੀ ਰੋਕਿਆ ਜਾਂਦਾ ਹੈ। ਉਨ੍ਹਾਂ ਕਿਹਾ, "ਪ੍ਰਚਾਰ ਗੀਤਾਂ 'ਤੇ ਪਾਬੰਦੀ ਨਾਲ ਪ੍ਰਧਾਨ ਮੰਤਰੀ ਅਤੇ ਭਾਜਪਾ ਦੀ ਤਾਨਾਸ਼ਾਹੀ ਹੋਣ ਦਾ ਇੱਕ ਹੋਰ ਸਬੂਤ ਦੇਸ਼ ਦੇ ਸਾਹਮਣੇ ਆ ਗਿਆ ਹੈ।"

# ਬਲਕੌਰ ਸਿੰਘ ਨੂੰ ਮਨਾਉਣ 'ਚ ਕਾਮਯਾਬ ਹੋਈ ਕਾਂਗਰਸ



**ਮਾਨਸਾ, (ਪੰਜਾਬ ਮੇਲ)-** ਮਰਹੂਮ ਨੌਜਵਾਨ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਵੱਲੋਂ ਆਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਚੋਣ ਲੜਨ ਦੀ ਚਰਚਾ ਨੂੰ ਲੈ ਕੇ ਛਿੜੇ ਘਮਸਾਨ ਦਾ ਉਸ ਵੇਲੇ ਅੰਤ ਹੋ ਗਿਆ, ਜਦੋਂ ਪਰਿਵਾਰ ਨੇ ਬਠਿੰਡਾ ਲੋਕ ਸਭਾ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਨਾਲ ਚੱਲਣ ਦਾ ਫੈਸਲਾ ਕਰ ਲਿਆ।

ਇਸ ਤੋਂ ਪਹਿਲਾਂ ਕਾਂਗਰਸ ਦੇ ਸੀਨੀਅਰ ਨੇਤਾ ਪ੍ਰਤਾਪ ਸਿੰਘ ਬਾਜਵਾ, ਬਠਿੰਡਾ ਲੋਕ ਸਭਾ ਹਲਕੇ ਦੇ ਕਾਂਗਰਸੀ ਉਮੀਦਵਾਰ ਜੀਤਮਹਿੰਦਰ ਸਿੰਘ ਸਿੱਧੂ ਨੂੰ ਲੈ ਕੇ ਪਿੰਡ ਮੂਸਾ ਵਿਚ ਉਨ੍ਹਾਂ ਦੀ ਹਵੇਲੀ ਪੁੱਜੇ। ਇਸ ਤੋਂ ਪਹਿਲਾਂ ਸ਼ੁਰੂ ਹੋ ਗਈ ਸੀ ਕਿ ਬਲਕੌਰ ਸਿੰਘ ਕਾਂਗਰਸ ਵੱਲੋਂ ਨਹੀਂ, ਸਗੋਂ ਬਠਿੰਡਾ ਲੋਕ ਸਭਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨਗੇ, ਜਿਸ ਤੋਂ ਕਾਂਗਰਸ ਹਾਈਕਮਾਂਡ ਘਬਰਾ ਗਈ ਸੀ। ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦੀ ਚਰਚਾ ਤੋਂ ਬਾਅਦ ਕਾਂਗਰਸ ਉਨ੍ਹਾਂ ਨੂੰ ਮਨਾਉਣ 'ਚ ਲੱਗੀ ਹੋਈ ਸੀ। ਮੂਸੇਵਾਲਾ ਦੀ ਹਵੇਲੀ ਵਿਚ ਲੋਕਾਂ ਦੇ ਵੱਡੇ ਇਕੱਠ ਦੌਰਾਨ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਕਿਸੇ ਵੀ ਲੀਡਰ ਨੇ ਇਨਸਾਫ਼ ਦੀ ਲੜਾਈ ਲਈ ਉਨ੍ਹਾਂ ਦਾ ਸਾਥ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਲਾਰੈਂਸ ਬਿਸ਼ਨੋਈ ਅਤੇ ਸਰਕਾਰਾਂ ਆਪਸ ਵਿਚ ਮਿਲੀਆਂ ਹੋਈਆਂ ਹਨ। ਕਾਂਗਰਸ ਦੇ ਉਮੀਦਵਾਰ ਜੀਤ ਮਹਿੰਦਰ ਸਿੰਘ ਸਿੱਧੂ ਨੇ ਪਰਿਵਾਰ ਸਣੇ ਲੋਕਾਂ ਦੇ ਇਕੱਠ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਇਨਸਾਫ਼ ਦੀ ਲੜਾਈ ਵਿਚ ਹਮੇਸ਼ਾ ਪਰਿਵਾਰ ਨਾਲ ਚੱਲੇਗਾ ਅਤੇ ਕਦੇ ਪਰਿਵਾਰ ਤੋਂ ਬਾਹਰ ਨਹੀਂ ਹੋਵੇਗਾ। ਸੀਨੀਅਰ ਕਾਂਗਰਸੀ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਮੂਸੇਵਾਲਾ ਦੇ ਪਰਿਵਾਰ ਦਾ ਪਾਰਟੀ ਨਾਲ ਕੋਈ ਰੌਲਾ ਨਹੀਂ ਹੈ, ਸਗੋਂ ਉਹ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਦੁਖੀ ਹਨ, ਜਿਨ੍ਹਾਂ ਨੇ ਇਨਸਾਫ਼ ਦੀ ਲੜਾਈ ਲਈ ਪਰਿਵਾਰ ਦਾ ਕਦੇ ਸਾਥ ਨਹੀਂ ਦਿੱਤਾ।










# ਪੰਜਾਬ 'ਚ 2024 ਦੀ ਸਭ ਤੋਂ ਵੱਡੀ ਹੈਰੋਇਨ ਖੇਪ ਜ਼ਬਤ

- ਪੰਜਾਬ ਪੁਲਿਸ ਵੱਲੋਂ ਅੰਤਰਰਾਸ਼ਟਰੀ ਡਰੱਗ ਸਿੰਡੀਕੇਟ ਦਾ ਪਰਦਾਫਾਸ਼
- 48 ਕਿਲੋ ਹੈਰੋਇਨ, 21 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਤਿੰਨ ਮੈਂਬਰ ਕਾਬੂ




**ਚੰਡੀਗੜ੍ਹ/ਜਲੰਧਰ, (ਪੰਜਾਬ ਮੇਲ)-** ਸਾਲ 2024 ਦੀ ਸਭ ਤੋਂ ਵੱਡੀ ਹੈਰੋਇਨ ਖੇਪ ਜ਼ਬਤ ਕਰਦਿਆਂ ਕਮਿਸ਼ਨਰੇਟ ਪੁਲਿਸ ਜਲੰਧਰ ਨੇ ਅੰਤਰਰਾਸ਼ਟਰੀ ਡਰੱਗ ਸਿੰਡੀਕੇਟ ਦੇ ਤਿੰਨ ਮੈਂਬਰਾਂ ਨੂੰ 48 ਕਿਲੋ ਹੈਰੋਇਨ ਅਤੇ 21 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕਰਕੇ ਇਸ ਡਰੱਗ ਸਿੰਡੀਕੇਟ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸਤਨਾਮ ਸਿੰਘ ਉਰਫ਼ ਬੱਬੀ ਵਾਸੀ ਪਿੰਡ ਢੰਡੀਆਂ, ਨਵਾਂਸ਼ਹਿਰ ਜੋ ਮੌਜੂਦਾ ਸਮੇਂ ਹੁਸ਼ਿਆਰਪੁਰ ਦੇ ਸੁਭਾਸ਼ ਨਗਰ ਵਿਖੇ ਰਹਿ ਰਿਹਾ ਹੈ; ਉਸ ਦੀ ਧੀ ਅਮਨ ਰੋਜ਼ੀ ਅਤੇ ਉਸ ਦੇ ਜਵਾਈ ਹਰਦੀਪ ਸਿੰਘ ਵਜੋਂ ਹੋਈ ਹੈ। ਹੈਰੋਇਨ ਅਤੇ ਡਰੱਗ ਮਨੀ ਜ਼ਬਤ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਨ੍ਹਾਂ ਕੋਲੋਂ ਤਿੰਨ ਲਗਜ਼ਰੀ ਕਾਰਾਂ, ਜਿਨ੍ਹਾਂ ਵਿਚ ਟੋਇਟਾ ਇਨੋਵਾ, ਮਹਿੰਦਰਾ ਐਕਸਯੂਵੀ ਅਤੇ ਹੁੰਡਈ ਵਰਨਾ ਸ਼ਾਮਲ ਹਨ, ਜ਼ਬਤ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਕਬਜ਼ੇ ਵਿਚੋਂ ਕੈਸ਼ ਕਾਊਂਟਿੰਗ ਮਸ਼ੀਨ ਵੀ ਬਰਾਮਦ ਕੀਤੀ ਹੈ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਇਸ ਡਰੱਗ ਸਿੰਡੀਕੇਟ ਦਾ ਨੈੱਟਵਰਕ 5 ਦੇਸ਼ਾਂ - ਈਰਾਨ, ਅਫਗਾਨਿਸਤਾਨ, ਤੁਰਕੀ, ਪਾਕਿਸਤਾਨ ਅਤੇ ਕੈਨੇਡਾ ਅਤੇ ਸਥਾਨਕ ਨੈੱਟਵਰਕ ਦੋ ਸੂਬਿਆਂ - ਜੰਮੂ-ਕਸ਼ਮੀਰ ਅਤੇ ਗੁਜਰਾਤ ਵਿਚ ਫੈਲਿਆ ਹੋਇਆ ਹੈ ਅਤੇ ਇਹ ਸਿੰਡੀਕੇਟ ਸਰਹੱਦ ਪਾਰ ਅਤੇ ਅੰਤਰਰਾਜੀ ਨਸ਼ਾ ਤਸਕਰੀ ਵਿਚ ਸ਼ਾਮਲ ਹੈ।

ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਹੈਰੋਇਨ ਦੀ ਇਸ ਖੇਪ ਨੂੰ ਭਾਰਤ ਵਿਚ ਭੇਜਣ ਲਈ ਗੁਜਰਾਤ ਦੇ ਸਮੁੰਦਰੀ ਮਾਰਗ ਅਤੇ ਜੰਮੂ-ਕਸ਼ਮੀਰ ਦੇ ਮੈਦਾਨੀ ਰਸਤੇ ਦੀ ਵਰਤੋਂ ਕੀਤੀ ਗਈ ਸੀ।

ਡੀ.ਜੀ.ਪੀ. ਨੇ ਦੱਸਿਆ ਕਿ ਤੁਰਕੀ ਆਧਾਰਿਤ ਹੈਰੋਇਨ ਸਮੱਗਲਰ, ਜਿਸ ਦੀ ਪਛਾਣ ਨਵਪ੍ਰੀਤ ਸਿੰਘ ਉਰਫ ਨਵ ਵਜੋਂ ਹੋਈ ਹੈ, ਇਸ ਸਿੰਡੀਕੇਟ ਦਾ ਮਾਸਟਰਮਾਈਂਡ ਹੈ। ਜ਼ਿਕਰਯੋਗ ਹੈ ਕਿ 2021 ਵਿਚ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਵੱਲੋਂ ਜ਼ਬਤ ਕੀਤੀ 350 ਕਿਲੋ ਹੈਰੋਇਨ ਦੀ ਤਸਕਰੀ ਵਿਚ ਨਵਪ੍ਰੀਤ ਸ਼ਾਮਲ ਸੀ।

ਉਨ੍ਹਾਂ ਕਿਹਾ ਕਿ ਇਸ ਮਾਮਲੇ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ (ਸੀ.ਪੀ.) ਜਲੰਧਰ ਸਵਪਨ ਸ਼ਰਮਾ ਨੇ ਦੱਸਿਆ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਮੁਸਤੈਦੀ ਨਾਲ ਕਾਰਵਾਈ ਕਰਦਿਆਂ

ਵਾਈ-ਪੁਆਇੰਟ ਭਗਤ ਸਿੰਘ ਕਾਲੋਨੀ ਬਾਈਪਾਸ ਨੇੜੇ ਵਿਸ਼ੇਸ਼ ਨਾਕਾ ਲਗਾਇਆ ਗਿਆ ਅਤੇ ਚੈਕਿੰਗ ਦੌਰਾਨ ਟੋਇਟਾ ਇਨੋਵਾ ਕਾਰ ਜਿਸਦਾ ਰਜਿਸਟ੍ਰੇਸ਼ਨ ਨੰਬਰ ਪੀ.ਬੀ.08-ਡੀ.ਐੱਸ.-2958 ਸੀ, ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ। ਉਨ੍ਹਾਂ ਅੱਗੇ ਦੱਸਿਆ ਕਿ ਡਰਾਈਵਰ ਸਤਨਾਮ ਸਿੰਘ ਉਰਫ਼ ਬੱਬੀ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਟੀਮਾਂ ਨੇ ਉਸਨੂੰ ਕਾਬੂ ਕਰ ਲਿਆ ਅਤੇ ਉਸਦੇ ਵਾਹਨ ਦੀ ਤਲਾਸ਼ੀ ਲੈਣ 'ਤੇ ਗੱਡੀ ਦੇ ਅੰਦਰ ਰੱਖੇ ਬੈਗ ਵਿਚ ਛੁਪਾ ਕੇ ਰੱਖੀ 8 ਕਿਲੋ ਹੈਰੋਇਨ ਬਰਾਮਦ ਹੋਈ।

## ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੇਗਾ ਅੰਮ੍ਰਿਤਪਾਲ ਸਿੰਘ



**ਅੰਮ੍ਰਿਤਸਰ, (ਪੰਜਾਬ ਮੇਲ)-** ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨਗੇ। ਇਸ ਸਬੰਧੀ ਐਲਾਨ ਅੱਜ ਅੰਮ੍ਰਿਤਪਾਲ ਸਿੰਘ ਦੀ ਮਾਂ ਬਲਵਿੰਦਰ ਕੌਰ ਵੱਲੋਂ ਕੀਤਾ ਗਿਆ। ਹੈਰੀਟੇਜ ਸਟਰੀਟ ਵਿਚ ਗੁਰਦੁਆਰਾ ਸਾਰਾਗੜ੍ਹੀ ਨੇੜੇ ਚੱਲ ਰਹੇ ਧਰਨੇ ਵਾਲੀ ਥਾਂ ਤੋਂ ਮਾਤਾ ਬਲਵਿੰਦਰ ਕੌਰ ਨੇ ਇਹ ਐਲਾਨ ਕੀਤਾ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਡੀ.ਐੱਸ.ਜੀ.ਪੀ.ਸੀ. ਮੈਂਬਰਾਂ ਦੇ ਭਾਜਪਾ 'ਚ ਸ਼ਾਮਲ ਹੋਣ ਬਾਅਦ ਦਿੱਲੀ ਤੋਂ ਲੈ ਕੇ ਪੰਜਾਬ ਤੱਕ ਸਿਆਸਤ ਭਖੀ

- ਐੱਸ.ਜੀ.ਪੀ.ਸੀ. ਨੇ ਸਖ਼ਤ ਇਤਰਾਜ਼ ਪ੍ਰਗਟਾਇਆ
- ਕਿਹਾ; ਰਾਜਨੀਤੀ ਕਰਨੀ ਹੈ, ਤਾਂ ਮੈਂਬਰਸ਼ਿਪ ਤੋਂ ਤੁਰੰਤ ਦਿਓ ਅਸਤੀਫ਼ਾ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 6 ਮੌਜੂਦਾ ਮੈਂਬਰਾਂ ਅਤੇ ਇਕ ਸਾਬਕਾ ਮੈਂਬਰ ਸਮੇਤ ਵੱਡੀ ਗਿਣਤੀ 'ਚ ਸਿੱਖਾਂ ਦੇ ਭਾਜਪਾ 'ਚ ਸ਼ਾਮਲ ਹੋਣ ਤੋਂ ਬਾਅਦ ਦਿੱਲੀ ਤੋਂ ਲੈ ਕੇ ਪੰਜਾਬ ਤਕ ਸਿਆਸਤ ਭਖ ਗਈ ਹੈ। ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਨੇ ਇਸ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ।

ਉਸ ਨੇ ਨਾਲ ਹੀ ਕਿਹਾ ਕਿ ਜੇਕਰ ਸਿੱਖ ਸੰਗਠਨ ਦੇ ਮੈਂਬਰ ਭਾਜਪਾ 'ਚ ਸ਼ਾਮਲ ਹੋ ਕੇ ਰਾਜਨੀਤੀ ਕਰਨਾ ਚਾਹੁੰਦੇ ਹਨ, ਤਾਂ ਉਹ ਡੀ.ਐੱਸ.ਜੀ.ਪੀ.ਸੀ. ਵਿਚ ਆਪਣੀ ਮੈਂਬਰਸ਼ਿਪ ਤੋਂ ਤੁਰੰਤ ਅਸਤੀਫਾ ਦੇ ਦੇਣ।

ਐੱਸ.ਜੀ.ਪੀ.ਸੀ. ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦੂਜੇ ਧਰਮਾਂ ਦੇ ਧਾਰਮਿਕ ਮਾਮਲਿਆਂ ਵਿਚ ਸਿੱਧੇ ਤੌਰ 'ਤੇ ਦਖਲ ਦੇਣ ਦੀ ਭਾਜਪਾ ਦੀ ਇਹ ਨੀਤੀ ਬਹੁਤ ਮੰਦਭਾਗੀ ਹੈ। ਉਨ੍ਹਾਂ ਕਿਹਾ ਕਿ ਸਿੱਖ ਜਥੇਬੰਦੀ ਦੇ ਮੈਂਬਰਾਂ ਦੀ ਚੋਣ ਸੰਗਤ ਵੱਲੋਂ ਇਸ ਵਿਸ਼ਵਾਸ ਨਾਲ ਕੀਤੀ ਜਾਂਦੀ ਹੈ ਕਿ ਉਹ ਧਾਰਮਿਕ ਭਾਵਨਾਵਾਂ ਅਤੇ ਰਵਾਇਤਾਂ ਅਨੁਸਾਰ ਕੰਮ ਕਰਨਗੇ।

ਪਰ ਜਦੋਂ ਗੁਰਦੁਆਰਿਆਂ ਦੇ ਪ੍ਰਬੰਧ ਲਈ ਚੁਣੇ ਗਏ ਮੈਂਬਰ ਸਿੱਖ ਵਿਰੋਧੀ ਵਿਚਾਰਧਾਰਾ ਵਾਲੀ ਪਾਰਟੀ ਵਿਚ ਸ਼ਾਮਲ ਹੋਣ ਲਈ ਅੱਗੇ ਵਧਦੇ ਹਨ, ਇਸ ਨਾਲ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਣਾ ਸੁਭਾਵਿਕ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਿੱਖ ਮਸਲਿਆਂ ਵਿਚ ਸਿੱਧੀ ਦਖਲਅੰਦਾਜ਼ੀ ਦੇ ਰਾਹ ਪਈ ਹੋਈ ਹੈ, ਜਿਸ ਨੂੰ ਸਿੱਖ ਕੌਮ ਕਦੇ ਵੀ ਪ੍ਰਵਾਨ ਨਹੀਂ ਕਰੇਗੀ।

# ਦਿੱਲੀ ਕਾਂਗਰਸ ਦੇ ਪ੍ਰਧਾਨ ਅਰਵਿੰਦਰ ਲਵਲੀ ਵੱਲੋਂ ਅਸਤੀਫ਼ਾ



**ਨਵੀਂ ਦਿੱਲੀ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੂੰ ਝਟਕਾ ਦਿੰਦਿਆਂ ਸੀਨੀਅਰ ਆਗੂ ਅਰਵਿੰਦਰ ਸਿੰਘ ਲਵਲੀ ਨੇ ਦਿੱਲੀ ਇਕਾਈ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਸ੍ਰੀ ਲਵਲੀ ਨੇ 'ਇੰਡੀਆ' ਗੱਠਜੋੜ ਦੀ ਭਾਈਵਾਲ ਆਮ ਆਦਮੀ ਪਾਰਟੀ (ਆਪ) ਨਾਲ ਕਾਂਗਰਸ ਦੇ ਗੱਠਜੋੜ ਨੂੰ ਅਸਤੀਫੇ ਦਾ ਮੁੱਖ ਕਾਰਨ ਦੱਸਿਆ ਹੈ। ਲਵਲੀ ਨੇ ਕਿਹਾ ਕਿ ਉਹ ਭਾਜਪਾ ਵਿਚ ਸ਼ਾਮਲ ਨਹੀਂ ਹੋ ਰਿਹਾ। ਕਾਂਗਰਸ ਨੇ ਰਾਜਧਾਨੀ ਦੀਆਂ ਤਿੰਨ ਸੀਟਾਂ ਲਈ ਉਮੀਦਵਾਰਾਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਇੱਕ ਹਫ਼ਤੇ 'ਚ ਕਾਂਗਰਸ ਨੂੰ ਰਾਜਧਾਨੀ ਵਿਚ ਇਹ ਦੂਜਾ ਝਟਕਾ ਲੱਗਾ ਹੈ। ਇਸ ਤੋਂ ਪਹਿਲਾਂ ਰਾਜਕੁਮਾਰ ਚੌਹਾਨ ਨੇ ਬੀਤੇ ਹਫਤੇ ਅਸਤੀਫਾ ਦਿੱਤਾ ਸੀ। ਸ਼੍ਰੀ ਲਵਲੀ ਨੇ ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਭੇਜੇ ਅਸਤੀਫ਼ੇ ਵਿਚ 'ਆਪ' ਨਾਲ ਗੱਠਜੋੜ ਨੂੰ ਨਾਰਾਜ਼ਗੀ ਦਾ ਆਧਾਰ ਬਣਾਇਆ ਹੈ।



# ਰਾਜੂ ਸ਼ੂਟਰ ਫਰਾਰ ਮਾਮਲਾ: ਪੰਜਾਬ ਪੁਲਿਸ ਨੇ ਫਰਾਰ ਗੈਂਗਸਟਰ ਤੇ ਉਸ ਦੇ 10 ਗੁਰਗਿਆਂ ਨੂੰ ਕੀਤਾ ਗ੍ਰਿਫ਼ਤਾਰ

## ਕੇਂਦਰੀ ਏਜੰਸੀਆਂ ਅਤੇ ਜੰਮੂ-ਕਸ਼ਮੀਰ ਪੁਲਿਸ ਦੇ ਸਰਗਰਮ ਸਹਿਯੋਗ ਨਾਲ ਏ.ਜੀ.ਟੀ.ਐੱਫ. ਪੰਜਾਬ ਦੀਆਂ 12 ਟੀਮਾਂ ਨੇ 48 ਘੰਟਿਆਂ ਵਿਚ ਇਸ ਕਾਰਵਾਈ ਨੂੰ ਦਿੱਤਾ ਅੰਜ਼ਾਮ: ਡੀ.ਜੀ.ਪੀ. ਗੌਰਵ ਯਾਦਵ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐੱਫ.) ਨੇ ਕੇਂਦਰੀ ਏਜੰਸੀਆਂ ਅਤੇ ਜੰਮੂ-ਕਸ਼ਮੀਰ ਪੁਲਿਸ ਦੇ ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਵੱਡੀ ਸਫ਼ਲਤਾ ਹਾਸਲ ਕਰਦਿਆਂ ਪੰਜਾਬ ਤੇ ਜੰਮੂ-ਕਸ਼ਮੀਰ ਦੇ ਵੱਖ-ਵੱਖ ਹਿੱਸਿਆਂ ਵਿਚ 48 ਘੰਟਿਆਂ ਤੱਕ ਚੱਲੇ ਆਪ੍ਰੇਸ਼ਨ ਦੌਰਾਨ ਗੈਂਗਸਟਰ ਚਰਨਜੀਤ ਸਿੰਘ ਉਰਫ਼ ਰਾਜੂ ਸ਼ੂਟਰ- ਜੋ ਕਿ ਸਿਵਲ ਹਸਪਤਾਲ ਤਰਨਤਾਰਨ ਤੋਂ ਫਰਾਰ ਹੋ ਗਿਆ ਸੀ, ਅਤੇ ਉਸਦੇ 10 ਗੁਰਗਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਦਿੱਤੀ।




ਪੁਲਿਸ ਟੀਮਾਂ ਨੇ ਉਨ੍ਹਾਂ ਕੋਲੋਂ ਡਬਲ ਬੈਰਲ ਰਾਈਫਲ, ਜੋ 28 ਫਰਵਰੀ 2024 ਨੂੰ ਤਰਨਤਾਰਨ ਸਥਿਤ ਮੀਤ ਗੰਨ ਹਾਊਸ ਤੋਂ ਚੋਰੀ ਹੋ ਗਈ ਸੀ ਅਤੇ ਤਿੰਨ ਪਿਸਤੌਲਾਂ ਸਮੇਤ 26 ਜਿੰਦਾ ਕਾਰਤੂਸ ਬਰਾਮਦ ਕੀਤੇ ਹਨ।

ਗ੍ਰਿਫ਼ਤਾਰ ਕੀਤੇ ਗਏ ਬਾਕੀ 10 ਵਿਅਕਤੀਆਂ ਦੀ ਪਛਾਣ ਹੁਸਨਪ੍ਰੀਤ ਸਿੰਘ ਉਰਫ਼ ਹੁਸਨ ਵਾਸੀ ਪਿੰਡ ਪਿਧੀ, ਤਰਨਤਾਰਨ; ਗੁਲਾਬ ਸਿੰਘ ਉਰਫ਼ ਗੁਲਾਬ ਵਾਸੀ ਪਿੰਡ ਬਛੜੇ, ਤਰਨਤਾਰਨ; ਅੰਮ੍ਰਿਤਪਾਲ ਸਿੰਘ ਉਰਫ਼ ਚਿੜੀ ਵਾਸੀ ਮੁਹੱਲਾ ਜਸਵੰਤ ਸਿੰਘ, ਤਰਨਤਾਰਨ; ਬਲਜਿੰਦਰ ਸਿੰਘ ਉਰਫ਼ ਲੋਕਾ ਵਾਸੀ ਪਿੰਡ ਲੋਕਾ; ਬੌਬੀ ਵਾਸੀ ਅਜਨਾਲਾ; ਲਵਪ੍ਰੀਤ ਸਿੰਘ ਉਰਫ਼ ਲਵ, ਅੰਮ੍ਰਿਤਪਾਲ ਸਿੰਘ ਉਰਫ਼ ਸੰਦੀਪ ਸਿੰਘ ਅਤੇ ਸੱਜਨ ਉਰਫ਼ ਕਾਲੂ ਦਿਨੋਂ ਵਾਸੀ ਪਿੰਡ ਠੱਠੀਆਂ ਮਹੰਤਾਂ, ਤਰਨਤਾਰਨ; ਸੁਖਚੈਨ ਸਿੰਘ ਉਰਫ਼ ਮੋਗਲੀ ਅਤੇ ਹਰਮੇਸ਼ ਸਿੰਘ ਉਰਫ਼ ਚੀਚੂ ਦੋਵੇਂ ਵਾਸੀ ਸ੍ਰੀ ਪਿੰਡ ਵਡੀਆ, ਮੁਕਤਸਰ ਸਾਹਿਬ ਵਜੋਂ ਹੋਈ ਹੈ।

ਜਾਣਕਾਰੀ ਮੁਤਾਬਿਕ ਗੈਂਗਸਟਰ ਰਾਜੂ ਸ਼ੂਟਰ ਮਾਝਾ ਖੇਤਰ ਵਿਚ ਮੁੱਖ ਤੌਰ 'ਤੇ ਤਰਨਤਾਰਨ, ਅੰਮ੍ਰਿਤਸਰ ਅਤੇ ਅੰਮ੍ਰਿਤਸਰ ਦਿਹਾਤੀ ਸਮੇਤ ਜ਼ਿਲ੍ਹਿਆਂ ਵਿਚ ਸਰਗਰਮ ਇੱਕ ਸੰਗਠਿਤ ਅਪਰਾਧੀ ਗਿਰੋਹ ਦਾ ਸਰਗਨਾ ਹੈ। ਗ੍ਰਿਫ਼ਤਾਰ ਕੀਤੇ ਗਏ ਸਾਰੇ ਮੁਲਜ਼ਮ ਇਰਾਦਾ ਕਤਲ, ਡਕੈਤੀ, ਨਸ਼ਾ ਤਸਕਰੀ ਸਮੇਤ ਅਪਰਾਧਿਕ ਗਤੀਵਿਧੀਆਂ ਵਿਚ ਸ਼ਾਮਲ ਸਨ।

ਦੱਸਣਯੋਗ ਹੈ ਕਿ ਸਤੰਬਰ 2023 ਵਿਚ, ਇਸ ਗਿਰੋਹ ਵੱਲੋਂ ਪਿੰਡ ਢੋਟੀਆਂ, ਤਰਨਤਾਰਨ ਵਿਖੇ ਬੈਂਕ ਨੂੰ ਲੁੱਟਣ ਦੀ ਅਸਫਲ ਕੋਸ਼ਿਸ਼ ਕੀਤੀ ਗਈ ਸੀ, ਜਿਸ ਵਿਚ ਮੁਲਜ਼ਮਾਂ ਵੱਲੋਂ ਕੀਤੀ ਗੋਲੀਬਾਰੀ ਦੌਰਾਨ ਇੱਕ ਪੁਲਿਸ ਮੁਲਾਜ਼ਮ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ ਸੀ। 16 ਅਪ੍ਰੈਲ 2024 ਨੂੰ ਰਾਜੂ ਸ਼ੂਟਰ ਦੇ ਸਾਥੀ ਸਿਵਲ ਹਸਪਤਾਲ ਤਰਨਤਾਰਨ ਜਿੱਥੇ ਉਸ ਦਾ ਇਲਾਜ ਚੱਲ ਰਿਹਾ ਸੀ, ਤੋਂ ਉਸ ਨੂੰ ਫਰਾਰ ਕਰਕੇ ਲੈ ਗਏ ਸਨ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਭਰੋਸੇਮੰਦ ਸੂਹ 'ਤੇ ਕਾਰਵਾਈ ਕਰਦਿਆਂ ਏ.ਡੀ.ਜੀ.ਪੀ. ਪ੍ਰਮੋਦ ਬਾਨ ਦੀ ਅਗਵਾਈ ਵਾਲੀ ਏ.ਜੀ.ਟੀ.ਐੱਫ. ਪੰਜਾਬ ਨੇ ਗੈਂਗਸਟਰ ਰਾਜੂ ਸ਼ੂਟਰ ਅਤੇ ਉਸਦੇ ਗੁਰਗਿਆਂ ਦਾ ਪਤਾ ਲਗਾਉਣ ਲਈ ਏ.ਆਈ.ਜੀ. ਸੰਦੀਪ ਗੋਇਲ ਦੀ ਨਿਗਰਾਨੀ ਅਧੀਨ 12 ਪੁਲਿਸ ਟੀਮਾਂ ਗਠਿਤ ਕੀਤੀਆਂ। ਡੀ.ਐੱਸ.ਪੀ. ਰਾਜਨ ਪਰਮਿੰਦਰ, ਡੀ.ਐੱਸ.ਪੀ. ਬਿਕਰਮਜੀਤ ਸਿੰਘ ਬਰਾੜ, ਡੀ.ਐੱਸ.ਪੀ. ਹਰਮਿੰਦਰ ਸਿੰਘ ਅਤੇ ਡੀ.ਐੱਸ.ਪੀ. ਜਸਪਾਲ ਸਿੰਘ ਵੀ ਇਸ ਕਾਰਵਾਈ ਵਿਚ ਸ਼ਾਮਲ ਸਨ।

ਡੀ.ਜੀ.ਪੀ. ਨੇ ਜੰਮੂ-ਕਸ਼ਮੀਰ ਪੁਲਿਸ ਅਤੇ ਕੇਂਦਰੀ ਏਜੰਸੀਆਂ ਵੱਲੋਂ ਇਸ ਆਪ੍ਰੇਸ਼ਨ ਨੂੰ ਨੇਪਰੇ ਚਾੜ੍ਹਨ ਵਿੱਚ ਭਰਪੂਰ ਸਹਿਯੋਗ ਦੇਣ ਲਈ ਉਨ੍ਹਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ 48 ਘੰਟੇ ਤੋਂ ਵੱਧ ਸਮਾਂ ਚੱਲੇ ਆਪ੍ਰੇਸ਼ਨ, ਜਿਸ ਵਿਚ ਸੂਝ-ਬੂਝ ਨਾਲ ਖੁਫੀਆ ਜਾਣਕਾਰੀ ਇਕੱਠੀ ਕਰਨ, ਤਕਨੀਕੀ ਵਿਸ਼ਲੇਸ਼ਣ ਅਤੇ ਤੁਰੰਤ ਕਾਰਵਾਈ ਸ਼ਾਮਲ ਸੀ, ਦੌਰਾਨ ਪੰਜਾਬ ਤੇ ਜੰਮੂ-ਕਸ਼ਮੀਰ ਦੇ ਵੱਖ-ਵੱਖ ਹਿੱਸਿਆਂ ਤੋਂ ਗੈਂਗਸਟਰ ਰਾਜੂ ਸ਼ੂਟਰ ਅਤੇ ਉਸਦੇ 10 ਗੁਰਗਿਆਂ ਨੂੰ ਗ੍ਰਿਫਤਾਰ ਕੀਤਾ ਗਿਆ।

ਹੋਰ ਵੇਰਵੇ ਦਿੰਦਿਆਂ ਏ.ਆਈ.ਜੀ. ਸੰਦੀਪ ਗੋਇਲ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਰਾਜੂ ਸ਼ੂਟਰ ਦੇ ਛੇ ਗੁਰਗਿਆਂ ਨੇ ਉਸ ਨੂੰ ਹਸਪਤਾਲ ਤੋਂ ਭੱਜਣ ਵਿਚ ਮਦਦ ਕੀਤੀ ਸੀ।

# ਸਲਮਾਨ ਖਾਨ ਦੇ ਘਰ ਬਾਹਰ ਗੋਲੀਬਾਰੀ ਦਾ ਮਾਮਲਾ: ਅਨਮੋਲ ਬਿਸ਼ਨੋਈ ਖਿਲਾਫ਼ ਲੁੱਕਆਊਟ ਸਰਕੂਲਰ ਜਾਰੀ



**ਮੁੰਬਈ, (ਪੰਜਾਬ ਮੇਲ)-** ਇਥੇ ਇਸ ਮਹੀਨੇ ਅਦਾਕਾਰ ਸਲਮਾਨ ਖ਼ਾਨ ਦੀ ਰਿਹਾਇਸ਼ ਦੇ ਬਾਹਰ ਗੋਲੀਬਾਰੀ ਦੇ ਮਾਮਲੇ ਵਿਚ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਛੋਟੇ ਭਰਾ ਅਨਮੋਲ ਬਿਸ਼ਨੋਈ ਖ਼ਿਲਾਫ਼ 'ਲੁੱਕਆਊਟ ਸਰਕੂਲਰ' (ਐੱਲ.ਓ.ਸੀ.) ਜਾਰੀ ਕੀਤਾ ਗਿਆ ਹੈ। ਪੁਲਿਸ ਲਾਰੈਂਸ ਬਿਸ਼ਨੋਈ ਨੂੰ ਵੀ ਹਿਰਾਸਤ ਵਿਚ ਲੈ ਸਕਦੀ ਹੈ, ਜੋ ਇਸ ਸਮੇਂ ਗੁਜਰਾਤ ਦੀ ਸਾਬਰਮਤੀ ਜੇਲ੍ਹ ਵਿਚ ਬੰਦ ਹੈ ਅਤੇ ਇਸ ਮਾਮਲੇ ਵਿਚ ਉਸ 'ਤੇ ਮਹਾਰਾਸ਼ਟਰ ਕੰਟਰੋਲ ਆਫ਼ ਆਰਗੇਨਾਈਜ਼ਡ ਕ੍ਰਾਈਮ ਐਕਟ (ਮਕੋਕਾ) ਨੂੰ ਲਾਗੂ ਕਰਨ ਬਾਰੇ ਵੀ ਵਿਚਾਰ ਚੱਲ ਰਿਹਾ ਹੈ। ਅਨਮੋਲ ਬਿਸ਼ਨੋਈ ਨੇ ਗੋਲੀਬਾਰੀ ਦੀ ਜ਼ਿੰਮੇਵਾਰੀ ਲਈ ਸੀ ਅਤੇ ਜਾਂਚ ਵਿਚ ਉਸ ਦੀ ਸ਼ਮੂਲੀਅਤ ਵੀ ਸਾਹਮਣੇ ਆਈ ਹੈ, ਜਿਸ ਤੋਂ ਬਾਅਦ ਮੁੰਬਈ ਪੁਲਿਸ ਨੇ ਐੱਲ.ਓ.ਸੀ. ਜਾਰੀ ਕੀਤਾ। ਅਨਮੋਲ ਅਤੇ ਲਾਰੈਂਸ ਬਿਸ਼ਨੋਈ ਨੂੰ ਇਸ ਮਾਮਲੇ 'ਚ ਲੋੜੀਂਦੇ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ। ਅਨਮੋਲ ਬਿਸ਼ਨੋਈ ਕੈਨੇਡਾ 'ਚ ਰਹਿੰਦਾ ਹੈ ਅਤੇ ਅਕਸਰ ਅਮਰੀਕਾ ਜਾਂਦਾ ਰਹਿੰਦਾ ਹੈ ਪਰ ਜਿਸ ਖਾਤੇ ਤੋਂ ਉਸ ਨੇ ਫੇਸਬੁੱਕ 'ਤੇ ਪੋਸਟ ਕੀਤੀ ਸੀ ਅਤੇ ਗੋਲੀਬਾਰੀ ਦੀ ਜ਼ਿੰਮੇਵਾਰੀ ਲਈ ਸੀ, ਉਸ ਦਾ ਆਈ.ਪੀ. ਪਤਾ ਪੁਰਤਗਾਲ ਦਾ ਹੈ।

# ਅਮਰੀਕਾ ਵੱਲੋਂ ਵੀ ਐੱਮ.ਡੀ.ਐੱਚ. ਤੇ ਐਵਰੈਸਟ ਦੇ ਉਤਪਾਦਾਂ ਦੀ ਜਾਂਚ ਸ਼ੁਰੂ

**ਹੈਦਰਾਬਾਦ, (ਪੰਜਾਬ ਮੇਲ)-** ਅਮਰੀਕਾ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ (ਐੱਫ.ਡੀ.ਏ) ਭਾਰਤੀ ਮਸਾਲੇ ਨਿਰਮਾਤਾਵਾਂ ਐੱਮ.ਡੀ.ਐੱਚ. ਅਤੇ ਐਵਰੈਸਟ ਦੇ ਉਤਪਾਦਾਂ ਬਾਰੇ ਜਾਂਚ ਸ਼ੁਰੂ ਕਰ ਦਿੱਤੀ ਹੈ। ਹਾਂਗਕਾਂਗ ਨੇ ਕੈਂਸਰ ਪੈਦਾ ਕਰਨ ਵਾਲੇ ਕੀਟਨਾਸ਼ਕ ਦੇ ਉੱਚ ਪੱਧਰ ਇਨ੍ਹਾਂ ਕੰਪਨੀਆਂ ਦੇ ਮਸਾਲਿਆਂ 'ਚ ਹੋਣ ਦਾ ਦਾਅਵਾ ਕਰਨ ਬਾਅਦ ਕੁਝ ਉਤਪਾਦਾਂ ਦੀ ਵਿਕਰੀ ਨੂੰ ਰੋਕ ਦਿੱਤਾ ਹੈ। ਇਸ ਕਾਰਨ ਐੱਫ.ਡੀ.ਏ. ਨੇ ਜਾਂਚ ਸ਼ੁਰੂ ਕੀਤੀ ਹੈ। ਸਿੰਗਾਪੁਰ ਨੇ ਵੀ ਐਵਰੈਸਟ ਸਪਾਈਸ ਮਿਕਸ ਨੂੰ ਵਾਪਸ ਬੁਲਾਉਣ ਦਾ ਆਦੇਸ਼ ਦਿੱਤਾ। ਦੂਜੇ ਪਾਸੇ ਐਵਰੈਸਟ ਨੇ ਕਿਹਾ ਹੈ ਕਿ ਇਸ ਦੇ ਮਸਾਲੇ ਖਪਤ ਲਈ ਸੁਰੱਖਿਅਤ ਹਨ। ਐੱਮ.ਡੀ.ਐੱਚ. ਨੇ ਫਿਲਹਾਲ ਕੋਈ ਜਵਾਬ ਨਹੀਂ ਦਿੱਤਾ ਹੈ। ਭਾਰਤ ਸਰਕਾਰ ਨੇ ਵੀ ਇਨ੍ਹਾਂ ਕੰਪਨੀਆਂ ਦੇ ਮਸਾਲਿਆਂ ਬਾਰੇ ਜਾਂਚ ਸ਼ੁਰੂ ਕੀਤੀ ਹੈ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com






# ਗ੍ਰਿਫ਼ਤਾਰੀ ਤੋਂ ਬਾਅਦ ਵੀ ਮੁੱਖ ਮੰਤਰੀ ਬਣੇ ਰਹਿਣਾ ਕੇਜਰੀਵਾਲ ਦਾ 'ਨਿੱਜੀ' ਫੈਸਲਾ: ਹਾਈ ਕੋਰਟ





**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਹਾਈ ਕੋਰਟ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਵੱਲੋਂ ਗ੍ਰਿਫ਼ਤਾਰੀ ਤੋਂ ਬਾਅਦ ਵੀ ਮੁੱਖ ਮੰਤਰੀ ਬਣੇ ਰਹਿਣਾ ਉਨ੍ਹਾਂ ਦਾ 'ਨਿੱਜੀ' ਫੈਸਲਾ ਹੈ, ਪਰ ਇਸ ਦਾ ਇਹ ਮਤਲਬ ਨਹੀਂ ਕਿ ਸਕੂਲ ਜਾਂਦੇ ਬੱਚਿਆਂ ਦੇ ਬੁਨਿਆਦੀ ਹੱਕਾਂ ਨੂੰ ਪੈਰਾਂ ਹੇਠ ਮਧੋਲਿਆ ਜਾਵੇ। ਹਾਈ ਕੋਰਟ ਨੇ ਕਿਹਾ ਕਿ ਕੇਜਰੀਵਾਲ ਦੀ ਗੈਰਮੌਜੂਦਗੀ ਕਰਕੇ ਨਗਰ ਨਿਗਮ ਦਿੱਲੀ (ਐੱਮ.ਸੀ.ਡੀ.) ਅਧੀਨ ਆਉਂਦੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਪਹਿਲੀ ਟਰਮ ਮੁਫ਼ਤ ਕਿਤਾਬਾਂ, ਲਿਖਣ ਸਮੱਗਰੀ ਤੇ ਵਰਦੀਆਂ ਤੋਂ ਬਿਨਾਂ ਹੀ ਕੱਢਣੀ ਪਈ।

ਹਾਈ ਕੋਰਟ ਨੇ ਕਿਹਾ ਕਿ ਜੇਕਰ ਰਾਜਧਾਨੀ ਦਿੱਲੀ ਨੂੰ ਛੱਡ ਦੇਈਏ ਤਾਂ ਕਿਸੇ ਵੀ ਰਾਜ ਵਿਚ ਮੁੱਖ ਮੰਤਰੀ ਦਾ ਅਹੁਦਾ ਰਸਮੀ ਪੋਸਟ ਨਹੀਂ ਹੈ। ਇਹ ਉਹ ਅਹੁਦਾ ਹੈ, ਜਿੱਥੇ ਇਸ 'ਤੇ ਬੈਠਣ ਵਾਲਾ ਕਿਸੇ ਵੀ ਸੰਕਟ ਜਾਂ ਹੜ੍ਹ, ਅੱਗ ਤੇ ਬਿਮਾਰੀ ਜਿਹੀ ਕੁਦਰਤੀ ਆਫ਼ਤ ਨਾਲ ਨਜਿੱਠਣ ਲਈ ਹਫ਼ਤੇ ਦੇ ਸੱਤ ਦਿਨ 24 ਘੰਟੇ ਵਰਚੁਅਲੀ ਹਾਜ਼ਰ ਹੁੰਦਾ ਹੈ। ਕਾਰਜਕਾਰੀ ਚੀਫ ਜਸਟਿਸ ਮਨਮੋਹਨ ਤੇ ਜਸਟਿਸ ਮਨਮੀਤ ਪੀ.ਐੱਸ. ਅਰੋੜਾ ਦੇ ਬੈਂਚ ਨੇ ਕਿਹਾ, "ਕੌਮੀ ਹਿੱਤ ਤੇ ਲੋਕ ਹਿੱਤ ਇਹੀ ਮੰਗ ਕਰਦਾ ਹੈ ਕਿ ਇਕ ਵਿਅਕਤੀ ਜੋ ਇਸ (ਮੁੱਖ ਮੰਤਰੀ) ਅਹੁਦੇ 'ਤੇ ਬੈਠਾ ਹੈ, ਲੰਮੇ ਸਮੇਂ ਤੱਕ ਜਾਂ ਅਣਮਿੱਥੇ ਸਮੇਂ ਲਈ ਗੈਰਹਾਜ਼ਰ ਨਾ ਰਹੇ। ਇਹ ਕਹਿਣਾ ਕਿ ਚੋਣ ਜ਼ਾਬਤਾ ਅਮਲ ਵਿਚ ਹੋਣ ਕਰਕੇ ਕੋਈ ਅਹਿਮ ਫੈਸਲਾ ਨਹੀਂ ਲਿਆ ਜਾ ਸਕਦਾ, ਗ਼ਲਤ ਹੈ।" ਕੋਰਟ ਐੱਨ.ਜੀ.ਓ. ਸੋਸ਼ਲ ਜਿਊਰਿਸਟ ਵੱਲੋਂ ਦਾਇਰ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਐੱਨ.ਜੀ.ਓ. ਵੱਲੋਂ ਪੇਸ਼ ਐਡਵੋਕੇਟ ਅਸ਼ੋਕ ਅਗਰਵਾਲ ਨੇ ਦਾਅਵਾ ਕੀਤਾ ਸੀ ਕਿ ਐੱਮ.ਸੀ.ਡੀ. ਅਧੀਨ ਆਉਂਦੇ ਦਿੱਲੀ ਦੇ ਸਕੂਲਾਂ ਵਿਚ ਨਵਾਂ ਅਕਾਦਮਿਕ ਸੈਸ਼ਨ ਸ਼ੁਰੂ ਹੋਣ ਦੇ ਬਾਵਜੂਦ ਬੱਚਿਆਂ ਨੂੰ ਮੁਫ਼ਤ ਸਿੱਖਿਆ ਸਮੱਗਰੀ ਤੇ ਹੋਰ ਕਾਨੂੰਨੀ ਲਾਭ ਨਹੀਂ ਮਿਲ ਰਹੇ। ਹਾਈ ਕੋਰਟ ਨੇ ਕਿਹਾ ਕਿ ਐੱਮ.ਸੀ.ਡੀ. ਸਕੂਲਾਂ ਦੇ ਵਿਦਿਆਰਥੀ ਆਪਣੇ ਸੰਵਿਧਾਨਕ ਤੇ ਕਾਨੂੰਨੀ ਹੱਕਾਂ ਮੁਤਾਬਕ ਮੁਫਤ ਕਿਤਾਬਾਂ, ਲਿਖਣ ਸਮੱਗਰੀ ਤੇ ਵਰਦੀ ਦੇ ਹੱਕਦਾਰ ਹਨ। ਕੋਰਟ ਨੇ ਕਿਹਾ ਕਿ ਗਰਮੀ ਦੀਆਂ ਛੁੱਟੀਆਂ ਲਈ ਸਕੂਲ ਜਲਦੀ ਬੰਦ ਹੋਣ ਜਾ ਰਹੇ ਹਨ, ਲਿਹਾਜ਼ਾ ਐੱਮ.ਸੀ.ਡੀ. ਕਮਿਸ਼ਨਰ ਨੂੰ ਪੰਜ ਕਰੋੜ ਰੁਪਏ ਦੀ ਖਰਚਾ ਹੱਦ ਵਿਚ ਨਾ ਪੈ ਕੇ ਲੋੜੀਂਦਾ ਖਰਚਾ ਕਰਨ ਦੇ ਨਿਰਦੇਸ਼ ਜਾਂਦੇ ਹਨ।

# 30 ਲੱਖ ਖਰਚ ਕੇ ਕੈਨੇਡਾ ਭੇਜੀ ਪਤਨੀ ਨੇ ਪਤੀ ਅੱਗੇ ਰੱਖ'ਤੀ ਤਲਾਕ ਦੀ ਮੰਗ!



**ਦੋਰਾਹਾ, (ਪੰਜਾਬ ਮੇਲ)-** ਲੁਧਿਆਣਾ ਜ਼ਿਲ੍ਹੇ ਦੇ ਪਾਇਲ ਇਲਾਕੇ ਤੋਂ ਇਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਸਹੁਰੇ ਪਰਿਵਾਰ ਨੇ 30 ਲੱਖ ਰੁਪਏ ਖ਼ਰਚ ਕਰਕੇ ਨੂੰਹ ਨੂੰ ਵਿਦੇਸ਼ ਭੇਜਿਆ ਸੀ ਤੇ ਨੂੰਹ ਨੇ ਬਾਅਦ 'ਚ ਆਪਣੇ ਪਤੀ ਨੂੰ ਸੱਦਣ ਤੋਂ ਇਨਕਾਰ ਕਰ ਦਿੱਤਾ। ਇਹੀ ਨਹੀਂ, ਜਦੋਂ ਸਹੁਰਾ ਪਰਿਵਾਰ ਵੱਲੋਂ ਉਸ ਦੇ ਪਤੀ ਨੂੰ ਵਿਦੇਸ਼ ਬੁਲਾਉਣ ਦੀ ਵਾਰ-ਵਾਰ ਮੰਗ ਰੱਖੀ ਗਈ, ਤਾਂ ਉਸ ਨੇ ਅੱਗੋਂ ਤਲਾਕ ਦੀ ਮੰਗ ਰੱਖ ਦਿੱਤੀ। ਇਸ ਸਬੰਧੀ ਸ਼ਿਕਾਇਤ ਦੀ ਪੜਤਾਲ ਉਪਰੰਤ ਦੋਰਾਹਾ ਪੁਲਿਸ ਨੇ ਵਿਦੇਸ਼ 'ਚ ਰਹਿੰਦੀ ਨੂੰਹ ਦੇ ਖਿਲਾਫ਼ ਧਾਰਾ 420, 406 ਆਈ.ਪੀ.ਸੀ. ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਸ਼ਿਕਾਇਤਕਰਤਾ ਅਮਰਜੀਤ ਸਿੰਘ (ਪ੍ਰਧਾਨ) ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਬਰਮਾਲੀਪੁਰ ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਨੇ ਪੰਜਾਬ ਪੁਲਿਸ ਦੇ ਪਬਲਿਕ ਸ਼ਿਕਾਇਤ ਪੋਰਟਲ 'ਤੇ ਸ਼ਿਕਾਇਤ ਨੰਬਰ 318386 ਮਿਤੀ 14.03.2024 ਦਰਜ ਕਰਵਾਉਂਦੇ ਹੋਏ ਦੱਸਿਆ ਕਿ ਉਸ ਦੇ ਲੜਕੇ ਮਨਦੀਪ ਸਿੰਘ ਦਾ ਰਿਸ਼ਤਾ ਮਨਦੀਪ ਕੌਰ ਪੁੱਤਰੀ ਅਮਰਜੀਤ ਸਿੰਘ ਵਾਸੀ ਜ਼ਿਲ੍ਹਾ ਲੁਧਿਆਣਾ ਨਾਲ 11.11.2009 ਨੂੰ ਹੋਇਆ ਸੀ, ਜਿਸ ਤੋਂ ਬਾਅਦ ਉਸ ਦੇ ਸਹੁਰਾ ਅਮਰਜੀਤ ਸਿੰਘ ਨੇ ਸਾਰਾ ਖਰਚਾ ਕਰਕੇ ਮਨਦੀਪ ਕੌਰ ਨੂੰ 20.04.2010 ਕੈਨੇਡਾ ਭੇਜ ਦਿੱਤਾ।

ਇਸ ਦੌਰਾਨ ਵਾਪਸ ਆ ਕੇ ਮਨਦੀਪ ਕੌਰ ਨੇ 23.12.11 ਨੂੰ ਉਸ ਦੇ ਲੜਕੇ ਮਨਦੀਪ ਸਿੰਘ ਨਾਲ ਵਿਆਹ ਕਰਵਾ ਲਿਆ। ਇਸ 'ਤੇ ਉਸ ਦਾ ਕੁੱਲ 30 ਲੱਖ ਰੁਪਏ ਖਰਚਾ ਆਇਆ। ਵਿਆਹ ਤੋਂ ਇਕ ਮਹੀਨੇ ਬਾਅਦ ਮਨਦੀਪ ਕੌਰ ਕੈਨੇਡਾ ਚਲੀ ਗਈ ਅਤੇ 30.10.2013 ਨੂੰ ਮਨਦੀਪ ਕੌਰ ਭਾਰਤ ਵਾਪਸ ਆਪਣੇ ਸਹੁਰੇ ਘਰ ਆ ਗਈ ਅਤੇ ਕਰੀਬ 3 ਮਹੀਨੇ ਰਹਿਣ ਤੋਂ ਬਾਅਦ ਉਹ ਮੁੜ ਕੈਨੇਡਾ ਚਲੀ ਗਈ। ਜਿਸ ਤੋਂ ਬਾਅਦ ਮਨਦੀਪ ਕੌਰ ਨੇ ਆਪਣੇ ਪਤੀ ਮਨਦੀਪ ਸਿੰਘ ਨੂੰ ਕੈਨੇਡਾ ਬੁਲਾਉਣ ਤੋਂ ਸਹੁਰਾ ਪਰਿਵਾਰ ਨੂੰ ਸਾਫ਼ ਇਨਕਾਰ ਕਰ ਦਿੱਤਾ ਅਤੇ ਹੁਣ ਆਪਣੇ ਪਤੀ ਮਨਦੀਪ ਸਿੰਘ ਤੋਂ ਤਲਾਕ ਦੀ ਮੰਗ ਕਰਨ ਲੱਗੀ।

ਇਸ ਸਬੰਧੀ ਮਾਮਲੇ ਦੀ ਜਾਂਚ ਕਰ ਰਹੇ ਪੁਲਿਸ ਅਧਿਕਾਰੀ ਨੇ ਇਸ ਮਾਮਲੇ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ ਮਹਿਲਾ ਮੁਲਜ਼ਮ ਖਿਲਾਫ਼ ਧੋਖਾਧੜੀ ਦੀਆ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅੱਗੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮਹਿਲਾ ਮੁਲਜ਼ਮ ਨੂੰ ਗ੍ਰਿਫਤਾਰ ਕਰਨ ਲਈ ਯਤਨ ਕੀਤੇ ਜਾਣਗੇ।

# ਗਿਆਨੀ ਕਰਤਾਰ ਸਿੰਘ ਭਿੰਡਰਾਂ ਵਾਲਿਆਂ ਦੇ ਭਤੀਜੇ ਬਾਬਾ ਬਲਵਿੰਦਰ ਸਿੰਘ ਦਾ ਕਤਲ

**ਘੁਮਾਣ, (ਪੰਜਾਬ ਮੇਲ)-** ਗਿਆਨੀ ਕਰਤਾਰ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਦੇ ਭਤੀਜੇ ਬਾਬਾ



ਬਲਵਿੰਦਰ ਸਿੰਘ ਦਾ ਕਤਲ ਕਰ ਦਿੱਤਾ ਗਿਆ ਹੈ। ਬਾਬਾ ਬਲਵਿੰਦਰ ਸਿੰਘ ਸੰਤ ਸਮਾਜ ਦੇ ਜਨਰਲ ਸਕੱਤਰ ਤੇ ਦਮਦਮੀ ਟਕਸਾਲ ਦੇ ਮੁੱਖ ਬੁਲਾਰਾ ਸਨ। ਮਿਲੀ ਜਾਣਕਾਰੀ ਮੁਤਾਬਕ ਉਨ੍ਹਾਂ ਦਾ ਕਤਲ ਇੱਕ ਸੇਵਾਦਾਰ ਨੇ ਤੇਜ਼ਧਾਰ ਹਥਿਆਰ ਨਾਲ ਕੀਤਾ ਹੈ। ਇਹ ਕਤਲ ਘੁਮਾਣ ਦੇ ਨਜ਼ਦੀਕ ਉਨ੍ਹਾਂ ਦੀ ਰਿਹਾਇਸ਼ ਵਿਖੇ ਕੀਤਾ ਗਿਆ ਹੈ।

# 2 ਵਿਧਾਨ ਸਭਾ ਹਲਕਿਆਂ 'ਚ ਜ਼ਿਮਨੀ ਚੋਣ ਤੈਅ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਚ ਇਕ ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਇਕ ਦਰਜਨ ਦੇ ਕਰੀਬ ਵਿਧਾਇਕ ਲੋਕ ਸਭਾ ਦੀਆਂ ਪੌੜੀਆਂ ਚੜ੍ਹਨ ਲਈ ਚੋਣ ਮੈਦਾਨ ਵਿਚ ਉਤਰੇ ਹਨ। ਕੌਣ ਜਿੱਤੇਗਾ ਜਾਂ ਕੌਣ ਹਾਰੇਗਾ, ਇਸ ਦਾ ਫੈਸਲਾ ਸੂਬੇ ਦੇ ਵੋਟਰਾਂ ਵੱਲੋਂ 4 ਜੂਨ ਤੱਕ ਹੋ ਜਾਵੇਗਾ। ਪਰ ਸੂਬੇ ਦੀਆਂ ਦੋ ਵਿਧਾਨ ਸਭਾ ਹਲਕਿਆਂ ਵਿਚ ਜ਼ਿਮਨੀ ਚੋਣ ਤੈਅ ਹੈ।

ਵਿਧਾਨ ਸਭਾ ਹਲਕਾ ਚੱਬੇਬਾਲ (ਹੁਸ਼ਿਆਰਪੁਰ) ਦੇ ਵਿਧਾਇਕ ਡਾ. ਰਾਜ ਕੁਮਾਰ ਚੱਬੇਬਾਲ ਕਾਂਗਰਸ ਨੂੰ ਛੱਡ ਆਪ ਵਿਚ ਸ਼ਾਮਲ ਹੋਏ ਹਨ, ਜਦਕਿ ਜਲੰਧਰ ਪੱਛਮੀ ਦੇ ਵਿਧਾਇਕ ਸ਼ੀਤਲ ਅੰਗੁਰਾਲ ਆਪ ਛੱਡ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਡਾ. ਚੱਬੇਬਾਲ ਅਤੇ ਅੰਗੁਰਾਲ ਵਿਧਾਇਕ ਦੇ ਅਹੁਦੇ ਤੋਂ ਅਸਤੀਫ਼ਾ ਦੇ ਚੁੱਕੇ ਹਨ। ਇਸੇ ਤਰ੍ਹਾਂ ਦੋ ਹਲਕਿਆਂ ਵਿਚ ਉਪ ਚੋਣ ਹੋਣਾ ਤੈਅ ਹੈ, ਜੇਕਰ ਚੋਣ ਮੈਦਾਨ 'ਚ ਉੱਤਰੇ ਵਿਧਾਇਕਾਂ ਵਿਚ ਕੋਈ ਜਿੱਤ ਜਾਂਦਾ ਹੈ, ਤਾਂ ਉਪ ਚੋਣ ਹਲਕਿਆਂ ਦੀ ਗਿਣਤੀ ਹੋਰ ਵੱਧ ਸਕਦੀ ਹੈ। ਸਿਆਸੀ ਪਾਰਟੀਆਂ ਵੱਲੋਂ ਚੋਣ ਪਿੜ ਵਿਚ ਉਤਾਰੇ ਉਮੀਦਵਾਰਾਂ 'ਤੇ ਨਜ਼ਰ ਮਾਰੀ ਜਾਵੇ, ਤਾਂ ਆਮ ਆਦਮੀ ਪਾਰਟੀ ਨੇ ਪੰਜ ਮੰਤਰੀਆਂ ਸਮੇਤ 9 ਵਿਧਾਇਕਾਂ ਨੂੰ ਚੋਣ ਮੈਦਾਨ 'ਚ ਉਤਾਰਿਆ ਹੈ, ਇਨ੍ਹਾਂ ਵਿਚ ਇਕ ਡਾ. ਰਾਜ ਕੁਮਾਰ ਚੱਬੇਵਾਲ ਵੀ ਸ਼ਾਮਲ ਹੈ, ਜੋ ਪਿਛਲੇ ਦਿਨੀਂ ਕਾਂਗਰਸ ਛੱਡ ਕੇ ਆਪ ਵਿਚ ਸ਼ਾਮਲ ਹੋਏ ਸਨ ਅਤੇ ਆਪ ਨੇ ਹੁਸ਼ਿਆਰਪੁਰ ਹਲਕੇ ਤੋਂ ਉਮੀਦਵਾਰ ਬਣਾਇਆ ਹੈ। ਇਸੇ ਤਰ੍ਹਾਂ ਕਾਂਗਰਸ ਨੇ ਤਿੰਨ ਵਿਧਾਇਕਾਂ ਨੂੰ ਉਮੀਦਵਾਰਾਂ ਬਣਾਇਆ ਹੈ।




# ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਵੱਲੋਂ ਜਲਦੀ ਆਮ ਚੋਣਾਂ ਕਰਵਾਉਣ ਦੀ ਸੰਭਾਵਨਾ ਤੋਂ ਇਨਕਾਰ

**ਲੰਡਨ, (ਪੰਜਾਬ ਮੇਲ)-** ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਅਤੇ ਉਨ੍ਹਾਂ ਦੀ ਕੰਜ਼ਰਵੇਟਿਵ ਪਾਰਟੀ ਵੱਖ-ਵੱਖ ਓਪੀਨੀਅਨ ਪੋਲਾਂ ਵਿਚ ਲੇਬਰ ਪਾਰਟੀ ਤੋਂ ਪਛੜਦੀ ਨਜ਼ਰ ਆ ਰਹੀ ਹੈ। ਅਜਿਹੇ ਵਿਚ ਚਰਚਾ ਸੀ ਕਿ ਬ੍ਰਿਟੇਨ ਵਿਚ ਜਲਦੀ ਚੋਣਾਂ ਹੋ ਸਕਦੀਆਂ ਹਨ, ਪਰ ਹੁਣ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਜਲਦੀ ਆਮ ਚੋਣਾਂ ਕਰਵਾਉਣ ਦੀ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ ਹੈ।



ਰਿਸ਼ੀ ਸੁਨਕ ਦੀ ਪਾਰਟੀ ਦੇ ਸੰਸਦ ਮੈਂਬਰ ਡੈਨ ਪੋਲਟਰ, ਜੋ ਕਿ ਡਾਕਟਰ ਹਨ, ਨੇ ਨੈਸ਼ਨਲ ਹੈਲਥ ਸਰਵਿਸਿਜ਼ (ਐੱਨ.ਐੱਸ.ਐੱਸ.) ਦੇ ਮੁੱਦੇ 'ਤੇ ਕੰਜ਼ਰਵੇਟਿਵ ਪਾਰਟੀ ਛੱਡ ਕੇ ਲੇਬਰ ਪਾਰਟੀ 'ਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਬ੍ਰਿਟੇਨ 'ਚ 2 ਮਈ ਨੂੰ ਸਥਾਨਕ ਅਤੇ ਮੇਅਰ ਦੀਆਂ ਚੋਣਾਂ ਹੋਣੀਆਂ ਹਨ। ਅਜਿਹੇ 'ਚ ਚੋਣਾਂ ਤੋਂ ਠੀਕ ਪਹਿਲਾਂ ਕੰਜ਼ਰਵੇਟਿਵ ਪਾਰਟੀ ਦੇ ਸੰਸਦ ਮੈਂਬਰ ਦੇ ਵਿਰੋਧੀ ਪਾਰਟੀ 'ਚ ਸ਼ਾਮਲ ਹੋਣ 'ਤੇ ਸੁਨਕ ਸਰਕਾਰ ਦੀ ਆਲੋਚਨਾ ਹੋ ਰਹੀ ਹੈ। ਹਾਲਾਂਕਿ, ਜਦੋਂ ਸੁਨਕ ਨੂੰ ਪੁੱਛਿਆ ਗਿਆ ਕਿ ਕੀ ਜੁਲਾਈ ਵਿਚ ਆਮ ਚੋਣਾਂ ਹੋ ਸਕਦੀਆਂ ਹਨ? ਇਸ ਲਈ ਉਸ ਨੇ ਸਾਫ਼ ਇਨਕਾਰ ਕਰ ਦਿੱਤਾ। ਰਿਸ਼ੀ ਸੁਨਕ ਨੇ ਰਾਸ਼ਟਰੀ ਸਿਹਤ ਸੇਵਾਵਾਂ ਵਿਚ ਸੁਧਾਰਾਂ ਦੀ ਗਿਣਤੀ ਕਰਦਿਆਂ ਕਿਹਾ ਕਿ ਹੁਣ ਮਰੀਜ਼ਾਂ ਦੀ ਉਡੀਕ ਦਾ ਸਮਾਂ ਘੱਟ ਗਿਆ ਹੈ। ਸੁਨਕ ਨੇ ਆਪਣੀ ਸਰਕਾਰ ਦੀਆਂ ਹੋਰ ਪ੍ਰਾਪਤੀਆਂ ਨੂੰ ਵੀ ਸੂਚੀਬੱਧ ਕਰਦਿਆਂ ਕਿਹਾ ਕਿ ਮਹਿੰਗਾਈ ਘਟੀ ਹੈ, ਦੇਸ਼ ਦਾ ਰੱਖਿਆ ਬਜਟ ਵਧਿਆ ਹੈ ਅਤੇ ਰਿਸ਼ੀ ਸੁਨਕ ਨੇ ਰਵਾਂਡਾ ਬਿੱਲ ਨੂੰ ਵੀ ਆਪਣੀ ਸਰਕਾਰ ਦੀ ਪ੍ਰਾਪਤੀ ਦੱਸਿਆ। ਸੁਨਕ ਨੇ ਵਿਰੋਧੀ ਲੇਬਰ ਪਾਰਟੀ 'ਤੇ ਰਵਾਂਡਾ ਬਿੱਲ ਨੂੰ ਰੋਕਣ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਉਹ ਨਹੀਂ ਚਾਹੁੰਦੇ ਕਿ ਗੈਰ-ਕਾਨੂੰਨੀ ਢੰਗ ਨਾਲ ਬ੍ਰਿਟੇਨ ਆਉਣ ਵਾਲੇ ਪ੍ਰਵਾਸੀ ਰਹਿਣ। ਸੁਨਕ ਨੇ ਕਿਹਾ ਕਿ ਲੇਬਰ ਪਾਰਟੀ ਦੇ ਸੱਤਾ 'ਚ ਆਉਣ 'ਤੇ ਟੈਕਸਾਂ 'ਚ ਵਾਧਾ ਹੋਵੇਗਾ ਅਤੇ ਉਹ ਵੀ ਭਲਾਈ ਪ੍ਰਣਾਲੀ 'ਚ ਸੁਧਾਰ ਦੇ ਪੱਖ 'ਚ ਨਹੀਂ ਹੈ, ਜਿਸ ਨਾਲ ਦੇਸ਼ ਦੇ ਕਿਰਤੀ ਲੋਕਾਂ ਨੂੰ ਫ਼ਾਇਦਾ ਹੋਵੇ।

ਹਾਲਾਂਕਿ ਬ੍ਰਿਟਿਸ਼ ਮੀਡੀਆ ਵਿਚ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਅਕਤੂਬਰ/ਨਵੰਬਰ ਵਿਚ ਉੱਥੇ ਆਮ ਚੋਣਾਂ ਹੋ ਸਕਦੀਆਂ ਹਨ। ਬ੍ਰਿਟੇਨ ਦੀ ਮੌਜੂਦਾ ਸੰਸਦ ਦਾ ਕਾਰਜਕਾਲ ਅਗਲੇ ਸਾਲ ਜਨਵਰੀ ਤੱਕ ਹੈ। ਅਜਿਹੇ 'ਚ ਉਸ ਤੋਂ ਪਹਿਲਾਂ ਬ੍ਰਿਟੇਨ 'ਚ ਆਮ ਚੋਣਾਂ ਹੋਣੀਆਂ ਹਨ। ਮੀਡੀਆ ਰਿਪੋਰਟਾਂ 'ਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਸੁਨਕ ਸਰਕਾਰ 'ਚ ਬਗਾਵਤ ਦੀ ਸੰਭਾਵਨਾ ਦੇ ਮੱਦੇਨਜ਼ਰ ਛੇਤੀ ਚੋਣਾਂ ਕਰਵਾਈਆਂ ਜਾ ਸਕਦੀਆਂ ਹਨ।

# ਵਟਸਐਪ ਵੱਲੋਂ ਦਿੱਲੀ ਹਾਈ ਕੋਰਟ 'ਚ ਐਨਕ੍ਰਿਪਸ਼ਨ ਹਟਾਉਣ ਤੋਂ ਇਨਕਾਰ

**ਨਵੀਂ ਦਿੱਲੀ, (ਪੰਜਾਬ ਮੇਲ)-** ਸੋਸ਼ਲ ਮੀਡੀਆ ਪਲੇਟਫਾਰਮ ਵਟਸਐਪ ਨੇ ਦਿੱਲੀ ਹਾਈ ਕੋਰਟ 'ਚ ਐਨਕ੍ਰਿਪਸ਼ਨ ਹਟਾਉਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਸਾਫ਼ ਤੌਰ 'ਤੇ ਕਿਹਾ ਹੈ ਕਿ ਜੇ ਉਸ ਨੂੰ ਐਨਕ੍ਰਿਪਸ਼ਨ ਹਟਾਉਣ ਲਈ ਕਿਹਾ ਗਿਆ, ਤਾਂ ਉਹ ਭਾਰਤ ਛੱਡ ਦੇਵੇਗਾ। ਵਟਸਐਪ ਨੇ ਦਿੱਲੀ ਹਾਈ ਕੋਰਟ ਨੂੰ ਕਿਹਾ ਹੈ ਕਿ ਜੇ ਮੈਸੇਜ ਇਨਕ੍ਰਿਪਸ਼ਨ ਨੂੰ ਤੋੜਨ ਲਈ ਮਜ਼ਬੂਰ ਕੀਤਾ ਜਾਂਦਾ ਹੈ, ਤਾਂ ਇਸ ਨੂੰ ਭਾਰਤ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਬੰਦ ਕਰ ਦਿੱਤਾ ਜਾਵੇਗਾ। ਮੈਟਾ ਦੀ ਮਾਲਕੀ ਵਾਲੀ ਕੰਪਨੀ ਵਟਸਐਪ ਨੇ ਕਿਹਾ ਕਿ ਇਹ ਐਂਡ-ਟੂ-ਐਂਡ ਐਨਕ੍ਰਿਪਸ਼ਨ ਨੂੰ ਯਕੀਨੀ ਬਣਾ ਕੇ ਉਪਭੋਗਤਾਵਾਂ ਦੀ ਨਿੱਜਤਾ ਦੀ ਰੱਖਿਆ ਕਰਦਾ ਹੈ। ਇਸ ਦੇ ਜ਼ਰੀਏ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਸਿਰਫ ਭੇਜਣ ਵਾਲੇ ਅਤੇ ਪ੍ਰਾਪਤ ਕਰਨ ਵਾਲੇ ਹੀ ਅੰਦਰ ਦੀ ਸਮੱਗਰੀ ਨੂੰ ਜਾਣ ਸਕਦੇ ਹਨ।




# ਅਮਰੀਕਾ ਵੱਲੋਂ ਮਦਦ ਮੰਗਣ ਬਾਅਦ ਈ.ਡੀ. ਵੱਲੋਂ ਕੌਮਾਂਤਰੀ ਨਸ਼ਾ ਤਸਕਰੀ ਮਾਮਲੇ 'ਚ ਹਲਦਵਾਨੀ ਤੋਂ ਪਰਵਿੰਦਰ ਸਿੰਘ ਗ੍ਰਿਫ਼ਤਾਰ

**ਨਵੀਂ ਦਿੱਲੀ, (ਪੰਜਾਬ ਮੇਲ)-** ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ 'ਡਾਰਕ ਵੈੱਬ' ਦੀ ਮਦਦ ਨਾਲ ਚੱਲ ਰਹੇ ਕੌਮਾਂਤਰੀ ਨਸ਼ਾ ਤਸਕਰੀ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿਚ ਉੱਤਰਾਖੰਡ ਦੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। 'ਡਾਰਕ ਵੈੱਬ' ਇੰਟਰਨੈੱਟ ਦਾ ਉਹ ਹਿੱਸਾ ਹੈ, ਜੋ ਆਮ ਸਰਚ ਇੰਜਣਾਂ ਲਈ ਪਹੁੰਚਯੋਗ ਨਹੀਂ ਹੈ ਅਤੇ ਸਿਰਫ਼ ਵਿਸ਼ੇਸ਼ 'ਵੈੱਬ ਬ੍ਰਾਊਜ਼ਰਾਂ' ਰਾਹੀਂ ਹੀ ਪਹੁੰਚਿਆ ਜਾ ਸਕਦਾ ਹੈ। ਅਮਰੀਕਾ ਦੇ ਨਸ਼ੀਲੇ ਪਦਾਰਥ ਵਿਰੋਧੀ ਅਧਿਕਾਰੀਆਂ ਵੱਲੋਂ ਇਸ ਗਰੋਹ ਦਾ ਪਰਦਾਫਾਸ਼ ਕਰਨ ਲਈ ਭਾਰਤ ਦੀ ਮਦਦ ਮੰਗੇ ਜਾਣ ਤੋਂ ਬਾਅਦ ਈ.ਡੀ. ਨੇ ਇਹ ਕਾਰਵਾਈ ਕੀਤੀ ਹੈ। ਈ.ਡੀ. ਨੇ ਪਰਵਿੰਦਰ ਸਿੰਘ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ ਤਹਿਤ ਹਲਦਵਾਨੀ ਸ਼ਹਿਰ ਤੋਂ ਹਿਰਾਸਤ ਵਿਚ ਲਿਆ। ਏਜੰਸੀ ਨੇ ਸ਼ੁੱਕਰਵਾਰ ਨੂੰ ਮੁਲਜ਼ਮ ਦੇ ਟਿਕਾਣੇ 'ਤੇ ਛਾਪਾ ਮਾਰਿਆ ਸੀ ਅਤੇ ਥੋੜ੍ਹੀ ਜਿਹੀ ਪੁੱਛ ਪੜਤਾਲ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ। ਸੂਤਰਾਂ ਨੇ ਕਿਹਾ ਕਿ ਇਹ ਦੋਸ਼ ਹੈ ਕਿ ਮੁਲਜ਼ਮ 'ਦਿ ਸਿੰਘ ਆਰਗੇਨਾਈਜੇਸ਼ਨ' ਨਾਮਕ ਕੌਮਾਂਤਰੀ ਨਸ਼ਾ ਤਸਕਰੀ ਗਰੋਹ ਚਲਾਉਂਦਾ ਹੈ ਅਤੇ ਡਾਰਕ ਵੈੱਬ ਲਿੰਕਾਂ ਦੀ ਵਰਤੋਂ ਕਰਕੇ ਨਸ਼ੇ ਵੇਚਦਾ ਹੈ। ਨਸ਼ਿਆਂ ਦੀ ਵਿਕਰੀ ਤੋਂ ਪ੍ਰਾਪਤ ਪੈਸਾ 'ਕ੍ਰਿਪਟੋ ਕਰੰਸੀ' ਰਾਹੀਂ ਇਕੱਠਾ ਕੀਤਾ ਗਿਆ ਸੀ।

# ਅਮਰੀਕੀ ਅਖਬਾਰ 'ਦਿ ਵਾਸ਼ਿੰਗਟਨ ਪੋਸਟ' ਨੇ ਪਨੂੰ ਬਾਰੇ ਕੀਤੇ ਖੁਲਾਸੇ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਖ਼ਬਾਰ 'ਦਿ ਵਾਸ਼ਿੰਗਟਨ ਪੋਸਟ' 'ਚ ਛਪੀ ਖੋਜੀ ਰਿਪੋਰਟ ਮੁਤਾਬਕ ਅਮਰੀਕਾ 'ਚ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਕੋਸ਼ਿਸ਼ 'ਚ ਭਾਰਤ ਦੀ ਖੁਫ਼ੀਆ ਏਜੰਸੀ 'ਰਾਅ' ਦਾ ਅਧਿਕਾਰੀ ਵਿਕਰਮ ਯਾਦਵ ਸ਼ਾਮਲ ਸੀ। ਰਿਪੋਰਟ ਦੀ ਮੰਨੀਏ ਦਾ 'ਰਾਅ' ਦੇ ਤਤਕਾਲੀ ਮੁਖੀ ਸਾਮੰਤ ਗੋਇਲ ਨੇ ਇਸ ਪੂਰੀ ਸਾਜ਼ਿਸ਼ ਨੂੰ ਮਨਜ਼ੂਰੀ ਦਿੱਤੀ ਸੀ। ਗੁਰਪਤਵੰਤ ਪੰਨੂ, ਸਿੱਖਸ ਫਾਰ ਜਸਟਿਸ (ਐੱਸ.ਐੱਫ.ਜੇ.) ਦਾ ਕਾਨੂੰਨੀ ਸਲਾਹਕਾਰ ਤੇ ਤਰਜਮਾਨ ਹੈ। ਐੱਸ.ਐੱਫ.ਜੇ. ਦਾ ਮੁੱਖ ਮੰਤਵ ਵੱਖਰੇ ਸਿੱਖ ਰਾਜ ਦੇ ਵਿਚਾਰ ਦਾ ਪ੍ਰਚਾਰ ਪਾਸਾਰ ਕਰਨਾ ਹੈ। ਭਾਰਤ ਸਰਕਾਰ ਨੇ ਪੰਨੂ ਨੂੰ ਦਹਿਸ਼ਤਗਰਦ ਐਲਾਨਿਆ ਹੋਇਆ ਹੈ।



ਅਖ਼ਬਾਰ ਨੇ ਇਕ ਖੋਜੀ ਰਿਪੋਰਟ ਵਿਚ ਕਿਹਾ, "ਭਾਰਤ ਉੱਤਰੀ ਅਮਰੀਕਾ ਵਿਚ ਆਪਣੇ ਘਾਤਕ ਅਪਰੇਸ਼ਨਾਂ (ਕਾਰਵਾਈਆਂ) ਨੂੰ ਜਾਰੀ ਰੱਖ ਸਕਦਾ ਹੈ ਤੇ ਇਸ ਨੇ ਪੱਛਮੀ ਸੁਰੱਖਿਆ ਅਧਿਕਾਰੀਆਂ ਨੂੰ ਹੈਰਾਨ ਕੀਤਾ ਹੋਇਆ ਹੈ। ਯਾਦਵ ਦੀ ਪਛਾਣ ਤੇ ਸਾਂਝ, ਜਿਸ ਬਾਰੇ ਪਹਿਲਾਂ ਰਿਪੋਰਟ ਨਹੀਂ ਕੀਤਾ ਗਿਆ ਸੀ, ਪੰਨੂ ਦੇ ਕਤਲ ਦੀ ਸਾਜ਼ਿਸ਼ (ਜਿਸ ਨੂੰ ਅਮਰੀਕੀ ਅਥਾਰਿਟੀਜ਼ ਨੇ ਅਸਫ਼ਲ ਕਰ ਦਿੱਤਾ ਸੀ) ਘੜੇ ਜਾਣ ਨੂੰ ਲੈ ਕੇ ਅੱਜ ਦੀ ਤਰੀਕ ਵਿਚ ਸਭ ਤੋਂ ਪੁਖਤਾ ਸਬੂਤ ਹੈ। ਇਹ ਸਾਜ਼ਿਸ਼ ਭਾਰਤੀ ਖੁਫੀਆ ਏਜੰਸੀ ਦੀਆਂ ਹਦਾਇਤਾਂ 'ਤੇ ਘੜੀ ਗਈ ਸੀ।" ਰਿਪੋਰਟ ਵਿਚ ਕਿਹਾ ਗਿਆ, "ਪੱਛਮੀ ਸੁਰੱਖਿਆ ਬਾਰੇ ਮੌਜੂਦਾ ਤੇ ਸਾਬਕਾ ਅਧਿਕਾਰੀਆਂ ਮੁਤਾਬਕ ਸੀ.ਆਈ.ਏ., ਐੱਫ.ਬੀ.ਆਈ. ਤੇ ਹੋਰਨਾਂ ਏਜੰਸੀਆਂ ਵੱਲੋਂ ਕੀਤੀ ਜਾਂਚ ਵਿਚ 'ਰਾਅ' ਦੇ ਸਿਖਰਲੇ ਅਧਿਕਾਰੀਆਂ 'ਤੇ ਉਂਗਲ ਧਰੀ ਗਈ ਹੈ ਤੇ ਸਾਜ਼ਿਸ਼ ਦੇ ਸੰਭਾਵੀ ਤਾਰ ਮੋਦੀ (ਪ੍ਰਧਾਨ ਮੰਤਰੀ ਨਰਿੰਦਰ ਮੋਦੀ) ਦੇ ਅੰਦਰੂਨੀ ਸਰਕਲ ਨਾਲ ਜੁੜੇ ਹੋਣ ਦਾ ਦਾਅਵਾ ਕੀਤਾ ਗਿਆ ਹੈ।" ਐਮਾਜ਼ੋਨ ਦੇ ਬਾਨੀ ਤੇ ਮੁਖੀ ਜੈੱਫ ਬੈਜ਼ੋਸ ਦੀ ਮਾਲਕੀ ਵਾਲੇ ਅਖ਼ਬਾਰ ਨੇ ਦਾਅਵਾ ਕੀਤਾ, "ਅਮਰੀਕੀ ਸਰਕਾਰ ਕੋਲ ਮੌਜੂਦ ਰਿਪੋਰਟਾਂ ਮੁਤਾਬਕ ਅਮਰੀਕੀ ਖੁਫੀਆ ਏਜੰਸੀਆਂ ਨੇ ਮੁਲਾਂਕਣ ਕੀਤਾ ਹੈ ਕਿ ਪੰਨੂ ਨੂੰ ਨਿਸ਼ਾਨਾ ਬਣਾਉਣ ਵਾਲੇ ਅਪਰੇਸ਼ਨ ਨੂੰ ਉਸ ਸਮੇਂ ਦੇ 'ਰਾਅ' ਮੁਖੀ ਸਾਮੰਤ ਗੋਇਲ ਨੇ ਮਨਜ਼ੂਰੀ ਦਿੱਤੀ ਸੀ।" ਰਿਪੋਰਟ ਮੁਤਾਬਕ ਅਮਰੀਕੀ ਜਾਸੂਸੀ ਏਜੰਸੀਆਂ ਨੇ ਇਸ ਗੱਲ ਦਾ ਵੀ ਮੁਲਾਂਕਣ ਕੀਤਾ ਕਿ ਮੋਦੀ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਸਿੱਖ ਕਾਰਕੁੰਨ ਦੇ ਕਤਲ ਬਾਰੇ 'ਰਾਅ' ਦੀ ਯੋਜਨਾ ਤੋਂ ਜਾਣੂ ਸਨ ਪਰ ਅਧਿਕਾਰੀਆਂ ਨੇ ਜ਼ੋਰ ਦੇ ਕੇ ਆਖਿਆ ਇਸ ਬਾਰੇ ਕੋਈ ਸਬੂਤ ਨਹੀਂ ਮਿਲਿਆ।" ਰੋਜ਼ਨਾਮਚੇ ਨੇ ਕਿਹਾ ਕਿ 'ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਵਿਚ ਭਾਰਤ ਸਰਕਾਰ ਦੇ ਜਿਨ੍ਹਾਂ ਸੀਨੀਅਰ ਅਧਿਕਾਰੀਆਂ ਦੇ ਨਾਮ ਲਏ ਗਏ ਹਨ, ਜਦੋਂ ਉਨ੍ਹਾਂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕੋਈ ਜਵਾਬ ਨਹੀਂ ਦਿੱਤਾ। ਉਧਰ ਪੰਨੂ ਕੇਸ ਵਿਚ ਅਮਰੀਕਾ ਵੱਲੋਂ ਲਾਏ ਦੋਸ਼ਾਂ ਬਾਰੇ ਪੁੱਛੇ ਜਾਣ 'ਤੇ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਪਿਛਲੇ ਹਫ਼ਤੇ ਕਿਹਾ ਸੀ, "ਅਸੀਂ ਉੱਚ ਪੱਧਰੀ ਕਮੇਟੀ ਬਣਾਈ ਹੈ, ਜੋ ਅਮਰੀਕਾ ਵੱਲੋਂ ਸਾਂਝੀ ਕੀਤੀ ਜਾਣਕਾਰੀ ਦੀ ਘੋਖ ਕਰ ਰਹੀ ਹੈ।"


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਲਹਿੰਦੇ ਪੰਜਾਬ ਵੱਲੋਂ ਸ਼ਾਦਮਾਨ ਚੌਕ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਲਈ ਸਮੇਂ ਦੀ ਮੰਗ

**ਲਾਹੌਰ, (ਪੰਜਾਬ ਮੇਲ)-** ਪਾਕਿਸਤਾਨ ਦੀ ਪੰਜਾਬ ਸਰਕਾਰ ਨੇ ਬੀਤੇ ਦਿਨ ਇੱਥੇ ਸ਼ਾਦਮਾਨ ਚੌਕ ਦਾ ਨਾਮ ਆਜ਼ਾਦੀ ਘੁਲਾਟੀਏ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਰੱਖਣ ਦੇ ਮੁੱਦੇ 'ਤੇ ਹਾਈ ਕੋਰਟ ਕੋਲੋਂ ਹੋਰ ਸਮਾਂ ਮੰਗਿਆ ਹੈ। ਲਾਹੌਰ ਹਾਈ ਕੋਰਟ ਦੇ ਜੱਜ ਜਸਟਿਸ ਸ਼ਮਸ ਮਹਿਮੂਦ ਮਿਰਜ਼ਾ ਵੱਲੋਂ 'ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਪਾਕਿਸਤਾਨ' ਦੀ ਇਕ ਪਟੀਸ਼ਨ 'ਤੇ ਸੁਣਵਾਈ ਕੀਤੀ ਜਾ ਰਹੀ ਸੀ। ਪਟੀਸ਼ਨ ਵਿਚ ਸ਼ਾਦਮਾਨ ਚੌਕ ਦਾ ਨਾਮ ਬਦਲ ਕੇ ਭਗਤ ਸਿੰਘ ਦੇ ਨਾਮ 'ਤੇ ਰੱਖਣ ਦੇ ਅਦਾਲਤ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਲਈ ਪ੍ਰਾਂਤ ਅਤੇ ਜ਼ਿਲ੍ਹਾ ਸਰਕਾਰਾਂ ਦੇ ਤਿੰਨ ਚੋਟੀ ਦੇ ਅਧਿਕਾਰੀਆਂ ਖ਼ਿਲਾਫ਼ ਮਾਣਹਾਨੀ ਦੀ ਕਾਰਵਾਈ ਦੀ ਮੰਗ ਕੀਤੀ ਗਈ। ਪੰਜਾਬ ਸਰਕਾਰ ਦੇ ਸਹਾਇਕ ਐਡਵੋਕੇਟ ਜਨਰਲ ਇਮਰਾਨ ਖਾਨ ਨੇ ਸੁਣਵਾਈ ਦੌਰਾਨ ਅਦਾਲਤ ਨੂੰ ਕਿਹਾ ਕਿ ਸ਼ਾਦਮਾਨ ਚੌਕ ਦਾ ਨਾਮ ਆਜ਼ਾਦੀ ਘੁਲਾਟੀਏ ਦੇ ਨਾਮ 'ਤੇ ਰੱਖਣ ਦਾ ਨੋਟੀਫਿਕੇਸ਼ਨ ਜਾਰੀ ਕਰਨ ਵਾਸਤੇ ਸਰਕਾਰ ਨੂੰ ਹੋਰ ਸਮਾਂ ਦਿੱਤਾ ਜਾਣਾ ਚਾਹੀਦਾ ਹੈ।



ਪਟੀਸ਼ਨਰ ਦੇ ਵਕੀਲ ਖਾਲਿਦ ਜ਼ਮਾ ਕਾਕੜ ਨੇ ਦਲੀਲ ਦਿੱਤੀ ਕਿ ਇਸ ਮਾਮਲੇ ਵਿਚ ਪਹਿਲਾਂ ਹੀ ਕਾਫੀ ਦੇਰ ਹੋ ਚੁੱਕੀ ਹੈ। ਅਦਾਲਤ ਨੇ ਖਾਨ ਦੀ ਦਲੀਲ ਨੂੰ ਮਨਜ਼ੂਰ ਕਰ ਲਿਆ ਅਤੇ ਮਾਮਲੇ ਦੀ ਅਗਲੀ ਸੁਣਵਾਈ 7 ਜੂਨ ਤੱਕ ਲਈ ਮੁਲਤਵੀ ਕਰ ਦਿੱਤੀ।

ਜ਼ਿਕਰਯੋਗ ਹੈ ਕਿ ਹਾਈ ਕੋਰਟ ਨੇ 2018 ਵਿਚ ਸਰਕਾਰ ਨੂੰ ਲਾਹੌਰ ਸਥਿਤ ਸ਼ਾਦਮਾਨ ਚੌਕ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਰੱਖਣ ਦਾ ਹੁਕਮ ਦਿੱਤਾ ਸੀ।

ਇਹ ਵੀ ਜ਼ਿਕਰਯੋਗ ਹੈ ਕਿ ਦੇਸ਼ ਦੀ ਆਜ਼ਾਦੀ ਲਈ ਲੜਨ ਵਾਲੇ ਭਗਤ ਸਿੰਘ ਨੂੰ ਬਰਤਾਨਵੀ ਸ਼ਾਸਕਾਂ ਵੱਲੋਂ 93 ਸਾਲ ਪਹਿਲਾਂ 23 ਮਾਰਚ 1931 ਨੂੰ ਲਾਹੌਰ ਵਿਚ ਉਨ੍ਹਾਂ ਦੇ ਸਾਥੀਆਂ ਸ਼ਿਵਰਾਮ ਰਾਜਗੁਰੂ ਅਤੇ ਸੁਖਦੇਵ ਥਾਪਰ ਸਣੇ ਫਾਂਸੀ ਦੇ ਦਿੱਤੀ ਗਈ ਸੀ। ਉਨ੍ਹਾਂ ਨੂੰ ਬਰਤਾਨਵੀ ਸ਼ਾਸਨ ਖ਼ਿਲਾਫ਼ ਸਾਜ਼ਿਸ਼ ਰਚਣ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰਕੇ ਮੁਕੱਦਮਾ ਚਲਾਇਆ ਗਿਆ ਸੀ। ਪਹਿਲਾਂ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ ਪਰ ਬਾਅਦ ਵਿਚ ਇਕ ਹੋਰ ਮਨਘੜਤ ਕੇਸ ਵਿਚ ਮੌਤ ਦੀ ਸਜ਼ਾ ਸੁਣਾ ਦਿੱਤੀ ਗਈ। ਭਾਰਤ ਤੇ ਪਾਕਿਸਤਾਨ ਵਿਚ ਨਾ ਸਿਰਫ਼ ਸਿੱਖ ਤੇ ਹਿੰਦੂ, ਬਲਕਿ ਮੁਸਲਮਾਨ ਭਾਈਚਾਰੇ ਦੇ ਲੋਕ ਵੀ ਭਗਤ ਸਿੰਘ ਦਾ ਬਹੁਤ ਸਨਮਾਨ ਕਰਦੇ ਹਨ।

# ਦਿੱਲੀ ਹਾਈ ਕੋਰਟ ਵੱਲੋਂ ਡੀ.ਜੀ.ਸੀ.ਏ. ਨੂੰ 54 ਜਹਾਜ਼ਾਂ ਦੀ ਰਜਿਸਟਰੇਸ਼ਨ ਰੱਦ ਕਰਨ ਬਾਰੇ ਅਰਜ਼ੀਆਂ 'ਤੇ ਕਾਰਵਾਈ ਦੇ ਨਿਰਦੇਸ਼

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਹਾਈ ਕੋਰਟ ਨੇ ਸ਼ੁੱਕਰਵਾਰ ਨੂੰ ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ (ਡੀ.ਜੀ.ਸੀ.ਏ.) ਨੂੰ 54 ਜਹਾਜ਼ਾਂ ਦੀ ਰਜਿਸਟ੍ਰੇਸ਼ਨ ਰੱਦ ਕਰਨ ਲਈ ਕਿਰਾਏਦਾਰਾਂ ਦੀਆਂ ਅਰਜ਼ੀਆਂ 'ਤੇ ਤੁਰੰਤ ਕਾਰਵਾਈ ਕਰਨ ਦਾ ਨਿਰਦੇਸ਼ ਦਿੱਤਾ ਹੈ। ਏਅਰਕ੍ਰਾਫਟ ਲੀਜ਼ 'ਤੇ ਦੇਣ ਵਾਲੀਆਂ ਕੰਪਨੀਆਂ ਨੇ ਸੰਕਟਗ੍ਰਸਤ ਏਅਰਲਾਈਨ ਗੋ ਫਸਟ ਤੋਂ ਜਹਾਜ਼ ਵਾਪਸ ਲੈਣ ਦੀ ਕੋਸ਼ਿਸ਼ 'ਚ ਇਹ ਐਪਲੀਕੇਸ਼ਨ ਕੀਤੀ ਹੈ।

ਇਸ ਸਬੰਧ ਵਿਚ ਹਾਈ ਕੋਰਟ ਨੇ ਕਿਹਾ ਕਿ ਇਹ ਪ੍ਰਕਿਰਿਆ ਪੰਜ ਕੰਮਕਾਜੀ ਦਿਨਾਂ ਜਾਂ ਇਸ ਤੋਂ ਘੱਟ ਸਮੇਂ ਵਿਚ ਪੂਰੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜਸਟਿਸ ਤਾਰਾ ਵਿਤਾਸਤਾ ਗੰਜੂ ਨੇ ਏਅਰਲਾਈਨ ਅਤੇ ਉਸਦੇ ਨਿਰਦੇਸ਼ਕਾਂ ਦੇ ਪ੍ਰਬੰਧਨ ਲਈ ਦਿਵਾਲੀਆ ਕਾਨੂੰਨ ਦੇ ਤਹਿਤ ਨਿਯੁਕਤ ਨਿਯੁਕਤ ਕੀਤੇ ਰੈਜ਼ੋਲਿਊਸ਼ਨ ਪ੍ਰੋਫੈਸ਼ਨਲ (ਆਰ.ਪੀ.) ਨੂੰ ਜਹਾਜ਼ ਜਾਂ ਸਪੇਅਰ ਪਾਰਟਸ, ਦਸਤਾਵੇਜ਼ਾਂ, ਰਿਕਾਰਡਾਂ ਅਤੇ ਕਿਸੇ ਹੋਰ ਸਮੱਗਰੀ ਨੂੰ ਲੈ ਕੇ ਜਾਣ ਜਾਂ ਕੀਤੇ ਸਟੋਰ ਕਰਨ ਤੋਂ ਵੀ ਰੋਕ ਦਿੱਤਾ ਹੈ

ਅਦਾਲਤ ਨੇ ਕਿਹਾ, "ਡੀ.ਜੀ.ਸੀ.ਏ. 54 ਜਹਾਜ਼ਾਂ ਦੀ ਰਜਿਸਟਰੇਸ਼ਨ ਰੱਦ ਕਰਨ ਬਾਰੇ ਅਰਜ਼ੀਆਂ 'ਤੇ ਤੁਰੰਤ ਅਤੇ ਪੰਜ ਕਾਰਜਕਾਰੀ ਦਿਨਾਂ ਦੇ ਅੰਦਰ ਕਾਰਵਾਈ ਕਰੇਗਾ।" ਹਾਈ ਕੋਰਟ ਨੇ ਕਿਹਾ ਕਿ ਡੀ.ਜੀ.ਸੀ.ਏ., ਏ.ਏ.ਆਈ. (ਏਅਰਪੋਰਟ ਅਥਾਰਟੀ ਆਫ਼ ਇੰਡੀਆ) ਅਤੇ ਇਸ ਦੇ ਅਧਿਕਾਰਤ ਪ੍ਰਤੀਨਿਧੀ ਪਟੀਸ਼ਨਰ ਪਟੇਦਾਰਾਂ ਦੀ ਸਹਾਇਤਾ ਕਰਨਗੇ ਅਤੇ ਉਨ੍ਹਾਂ ਨੂੰ ਹਵਾਈ ਅੱਡਿਆਂ ਤੱਕ ਪਹੁੰਚ ਪ੍ਰਦਾਨ ਕਰਨਗੇ। ਅਦਾਲਤ ਨੇ ਕਿਹਾ ਕਿ ਕਿਰਾਏ 'ਤੇ ਲੈਣ ਵਾਲਿਆਂ ਨੂੰ ਲਾਗੂ ਨਿਯਮਾਂ ਅਤੇ ਕਾਨੂੰਨਾਂ ਤਹਿਤ ਜਹਾਜ਼ ਬਰਾਮਦ ਕਰਨ ਦੀ ਇਜਾਜ਼ਤ ਹੈ। ਧਿਆਨ ਯੋਗ ਹੈ ਕਿ ਗੋ ਫਸਟ ਨੇ 3 ਮਈ 2023 ਤੋਂ ਆਪਣੀਆਂ ਏਅਰਲਾਈਨ ਸੇਵਾਵਾਂ ਬੰਦ ਕਰ ਦਿੱਤੀਆਂ ਸਨ।

# ਵਾਈਟ ਰੌਕ 'ਚ ਵਾਪਰੀਆਂ ਦੋ ਘਟਨਾਵਾਂ 'ਚ ਇਕ ਪੰਜਾਬੀ ਨੌਜਵਾਨ ਦੀ ਮੌਤ; ਇਕ ਗੰਭੀਰ ਜ਼ਖ਼ਮੀ

**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਪਿਛਲੇ ਦਿਨਾਂ 'ਚ ਵਾਈਟ ਰੌਕ, ਸਰੀ ਵਿਖੇ ਵਾਪਰੀਆਂ ਦੋ ਘਟਨਾਵਾਂ ਵਿਚ ਇਕ ਪੰਜਾਬੀ ਨੌਜਵਾਨ ਦੀ ਮੌਤ ਹੋ ਗਈ ਅਤੇ ਦੂਸਰਾ ਪੰਜਾਬੀ ਨੌਜਵਾਨ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। 21 ਅਪ੍ਰੈਲ ਅਤੇ 23 ਅਪ੍ਰੈਲ ਨੂੰ ਹੋਈਆਂ ਦੋਵੇਂ ਵਾਰਦਾਤਾਂ ਦਾ ਸ਼ੱਕੀ ਹਮਲਾਵਰ ਇਕ ਲੰਬਾ ਕਾਲਾ ਆਦਮੀ ਦੱਸਿਆ ਜਾਂਦਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਪਹਿਲੀ ਘਟਨਾ 21 ਅਪ੍ਰੈਲ ਐਤਵਾਰ ਦੀ ਰਾਤ ਨੂੰ ਵਾਪਰੀ, ਜਦੋਂ ਇਕ ਅਣਪਛਾਤੇ ਹਮਲਾਵਰ ਵੱਲੋਂ ਕੀਤੇ ਗਏ ਹਮਲੇ ਵਿਚ ਇਕ ਨੌਜਵਾਨ ਜ਼ਖ਼ਮੀ ਹੋ ਗਿਆ ਅਤੇ ਉਹ ਗੰਭੀਰ ਹਾਲਤ ਵਿਚ ਹਸਪਤਾਲ ਵਿਚ ਦਾਖਲ ਹੈ। 23 ਅਪ੍ਰੈਲ ਮੰਗਲਵਾਰ ਦੀ ਰਾਤ ਨੂੰ ਇਕ ਅਣਪਛਾਤੇ ਹਮਲਾਵਰ ਵੱਲੋਂ ਵਾਈਟਰੌਕ ਬੀਚ ਦੇ ਇਕ ਬੈਂਚ ਉਪਰ ਬੈਠੇ ਨੌਜਵਾਨ ਉਪਰ ਚਾਕੂ ਨਾਲ ਹਮਲਾ ਕੀਤਾ ਗਿਆ। ਹਮਲਾ ਇੰਨਾ ਘਾਤਕ ਸੀ ਕਿ ਉਸ ਨੂੰ ਬਚਾਇਆ ਨਾ ਜਾ ਸਕਿਆ।

21 ਅਪ੍ਰੈਲ ਐਤਵਾਰ ਦੀ ਵਾਪਰੀ ਘਟਨਾ ਵਿਚ ਜ਼ਖ਼ਮੀ ਹੋਣ ਵਾਲੇ ਨੌਜਵਾਨ ਦੀ ਪਛਾਣ 28 ਸਾਲ ਜਤਿੰਦਰ ਸਿੰਘ ਵਜੋਂ ਦੱਸੀ ਗਈ ਹੈ। ਦੱਸਿਆ ਗਿਆ ਹੈ ਕਿ ਐਤਵਾਰ ਰਾਤ ਨੂੰ ਜਦੋਂ ਉਹ ਵਾਈਟ ਰੌਕ ਬੀਚ ਨੇੜੇ ਬੈਂਚ 'ਤੇ ਬੈਠਾ ਹੋਇਆ ਸੀ, ਤਾਂ ਉਸ ਉਪਰ ਚਾਕੂ ਨਾਲ ਹਮਲਾ ਕੀਤਾ ਗਿਆ ਸੀ। ਉਸ ਦੇ ਦੋਸਤ ਬਿਕਰਮ ਸੰਧੂ ਦਾ ਕਹਿਣਾ ਹੈ ਕਿ ਜਤਿੰਦਰ ਸਿੰਘ ਨੂੰ ਹਸਪਤਾਲ ਤੋਂ ਛੁੱਟੀ ਮਿਲ ਗਈ ਹੈ ਪਰ ਉਸ ਦੇ ਜ਼ਖਮ ਬਹੁਤ ਗੰਭੀਰ ਹਨ, ਜਿਸ ਨੂੰ ਠੀਕ ਹੋਣ ਲਈ ਸਮਾਂ ਲੱਗੇਗਾ। ਜਤਿੰਦਰ ਸਿੰਘ ਕੋਲ ਮੈਡੀਕਲ ਕਵਰੇਜ ਨਹੀਂ ਹੈ ਅਤੇ ਉਹ ਹਸਪਤਾਲ ਦੇ ਵੱਡੇ ਬਿੱਲ ਨੂੰ ਲੈ ਕੇ ਚਿੰਤਤ ਹੈ। ਸੋਸ਼ਲ ਮੀਡੀਆ ਉਪਰ ਜਤਿੰਦਰ ਸਿੰਘ ਦੀ ਸਹਾਇਤਾ ਲਈ ਗੋਫੰਡ ਮੁਹਿੰਮ ਸ਼ੁਰੂ ਕੀਤੀ ਗਈ ਹੈ। 23 ਅਪ੍ਰੈਲ ਨੂੰ ਹਮਲੇ 'ਚ ਮਾਰੇ ਗਏ ਨੌਜਵਾਨ ਦੀ ਪਛਾਣ ਪੁਲਿਸ ਵੱਲੋਂ ਤਾਂ ਅਜੇ ਜਾਰੀ ਨਹੀਂ ਕੀਤੀ ਪਰ ਸੋਸ਼ਲ ਮੀਡੀਆ ਰਿਪੋਰਟਾਂ ਮੁਤਾਬਿਕ ਮਾਰੇ ਗਏ ਨੌਜਵਾਨ ਦੀ ਪਛਾਣ 28 ਸਾਲਾ ਕੁਲਵਿੰਦਰ ਸਿੰਘ ਸੋਹੀ ਦੱਸੀ ਗਈ ਹੈ। ਉਹ ਪਿੰਡ ਤੋਲੇਵਾਲ ਜ਼ਿਲਾ ਸੰਗਰੂਰ ਦੇ ਨਾਲ ਸਬੰਧਿਤ ਸੀ। ਪੁਲਿਸ ਅਨੁਸਾਰ 23 ਅਪ੍ਰੈਲ ਨੂੰ ਰਾਤ 9:30 ਵਜੇ ਤੋਂ ਥੋੜ੍ਹੀ ਦੇਰ ਪਹਿਲਾਂ ਮੈਰੀਨ ਡਰਾਈਵ ਦੇ 15400-ਬਲਾਕ ਵਿਚ ਛੁਰੇਬਾਜ਼ੀ ਕਾਰਨ ਇਕ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਸੂਚਨਾ ਪੁਲਿਸ ਨੂੰ ਮਿਲੀ ਸੀ। ਮੌਕੇ 'ਤੇ ਪੁਲਿਸ ਦੀ ਟੀਮ ਪੁੱਜੀ ਪਰ ਮੁੱਢਲੀ ਸਹਾਇਤਾ ਦੇਣ ਦੇ ਬਾਵਜੂਦ ਜ਼ਖ਼ਮੀ ਦੀ ਜਾਨ ਨਹੀਂ ਬਚਾਈ ਜਾ ਸਕੀ। ਪੁਲਿਸ ਨੂੰ ਸ਼ੱਕੀ ਹਮਲਾਵਰ ਦੀ ਤਲਾਸ਼ ਹੈ, ਜਿਸ ਬਾਰੇ ਦੱਸਿਆ ਗਿਆ ਹੈ ਕਿ ਉਹ 5 ਫੁੱਟ 11 ਇੰਚ ਲੰਬਾ ਕਾਲਾ ਵਿਅਕਤੀ ਹੈ, ਜਿਸ ਨੇ ਟੋਪੀ ਅਤੇ ਸਲੇਟੀ ਰੰਗ ਦੀ ਹੂਡੀ ਪਾਈ ਹੋਈ ਹੈ। ਉਸ ਨੂੰ ਆਖਰੀ ਵਾਰ ਮਰੀਨ ਡਰਾਈਵ ਦੇ ਉੱਤਰ ਵੱਲ ਭੱਜਦਾ ਦੇਖਿਆ ਗਿਆ।

# ਕਾਫ਼ਲੇ ਵੱਲੋਂ ਡਾ. ਮੋਹਨਜੀਤ, ਹਰਬੰਸ ਹੀਓਂ ਨੂੰ ਸ਼ਰਧਾਂਜਲੀ ਅਤੇ ਮਲਵਿੰਦਰ ਦੀ ਕਿਤਾਬ 'ਤੇ ਭਰਵੀਂ ਗੱਲਬਾਤ

**ਬਰੈਂਪਟਨ, (ਪੰਜਾਬ ਮੇਲ)-** "ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ" ਦੀ ਮਹੀਨੇਵਾਰ ਮੀਟਿੰਗ ਨਵੇਂ ਬਣੇ ਸੰਚਾਲਕਾਂ ਕੁਲਵਿੰਦਰ ਖਹਿਰਾ, ਰਛਪਾਲ ਕੌਰ ਗਿੱਲ ਤੇ ਪਿਆਰਾ ਸਿੰਘ ਕੱਦੋਵਾਲ ਦੀ ਸਰਪ੍ਰਸਤੀ ਹੇਠ, ਭਰਵੀਂ ਹਾਜ਼ਰੀ ਵਿਚ 27 ਅਪ੍ਰੈਲ, 2024 ਨੂੰ ਸਪਰਿੰਗਡੇਲ ਲਾਇਬਰੇਰੀ ਵਿਖੇ ਸੰਪੂਰਨ ਹੋਈ।





ਅਪ੍ਰੈਲ ਮਹੀਨੇ ਦੀ ਮੀਟਿੰਗ ਤਸਵੀਰਾਂ ਦੀ ਜ਼ੁਬਾਨੀ।

ਪਹਿਲੇ ਸੈਸ਼ਨ ਵਿਚ ਕੁਲਵਿੰਦਰ ਖਹਿਰਾ ਨੇ ਸਟੇਜ ਸੰਭਾਲਦਿਆ ਕਾਫ਼ਲੇ ਦੇ ਸੰਵਿਧਾਨਕ ਨਿਯਮਾਂ ਤੇ ਲਾਇਬਰੇਰੀ ਦੇ ਨਿਯਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਸ ਤੋਂ ਬਾਦ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਡਾ. ਮੋਹਨਜੀਤ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਪਿਆਰਾ ਸਿੰਘ ਕੁੱਦੋਵਾਲ ਨੇ ਉਨ੍ਹਾਂ ਦੇ ਜੀਵਨ ਤੇ ਲਿਖਤਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਸ ਤੋਂ ਬਾਦ ਡਾ. ਨਾਹਰ ਸਿੰਘ ਨੇ ਡਾ. ਮੋਹਨਜੀਤ ਦੀਆਂ ਲਿਖਤਾਂ ਤੇ ਉਨ੍ਹਾਂ ਦੇ ਵਡੱਪਣ ਬਾਰੇ ਗੱਲਬਾਤ ਕੀਤੀ ਕਿ ਡਾ. ਮੋਹਨਜੀਤ ਵਾਸਤੇ ਸਨਮਾਨਾਂ ਦੀ ਅਹਿਮੀਅਤ ਨਹੀਂ ਸੀ, ਉਨ੍ਹਾਂ ਦਾ ਮੰਨਣਾ ਸੀ ਸਨਮਾਨ ਕਿਸੇ ਲੇਖਕ ਦਾ ਕੱਦ ਵੱਡਾ ਜਾਂ ਛੋਟਾ ਨਹੀਂ ਕਰਦੇ। ਕਿਸਾਨ ਅੰਦੋਲਨ ਸਮੇਂ ਸਭ ਤੋਂ ਪਹਿਲਾਂ ਆਪਣਾ ਸਨਮਾਨ ਚਿੰਨ੍ਹ ਵਾਪਸ ਕਰਨ ਵਾਲੇ ਡਾ. ਮੋਹਨਜੀਤ ਹੀ ਸਨ। ਸਾਰੇ ਮੈਂਬਰਾਂ ਵਲੋਂ ਇੱਕ ਮਿੰਟ ਦਾ ਮੋਨ ਵੀ ਰੱਖਿਆ ਗਿਆ।

ਰਛਪਾਲ ਕੌਰ ਗਿੱਲ ਨੇ ਪਿਛਲੇ ਦੋ ਸਾਲਾਂ ਤੋਂ ਰਹੇ ਕਾਫ਼ਲੇ ਦੇ ਸੰਚਾਲਕਾਂ ਭੁਪਿੰਦਰ ਦੂਲੇ, ਜਤਿੰਦਰ ਰੰਧਾਵਾ ਤੇ ਬਲਰਾਜ ਧਾਲੀਵਾਲ ਦਾ ਧੰਨਵਾਦ ਕੀਤਾ, ਜਿਨ੍ਹਾਂ ਬਹੁਤ ਸੁਹਿਰਦਤਾ ਤੇ ਬਾਖੂਬੀ ਆਪਣੀਆਂ ਸੇਵਾਵਾਂ ਨਿਭਾਈਆਂ। ਇਸ ਦੇ ਇਲਾਵਾ ਸਾਰੇ ਮੈਂਬਰ ਸਾਹਿਬਾਨ ਨੂੰ ਭਵਿੱਖ ਵਿਚ ਕਾਫ਼ਲੇ ਦੇ ਕਾਰਜਾਂ ਲਈ ਸਹਿਯੋਗ ਲਈ ਬੇਨਤੀ ਕੀਤੀ, ਤਾਂ ਕਿ ਕਾਫ਼ਲੇ ਵੱਲੋਂ ਪੰਜਾਬੀ ਦੀ ਪ੍ਰਫੁੱਲਤਾ ਲਈ ਵੱਧ ਤੋਂ ਵੱਧ ਕਾਰਜ ਕੀਤੇ ਜਾਣ।

ਦੂਸਰੇ ਸੈਸ਼ਨ ਵਿਚ ਮਲਵਿੰਦਰ ਦੀ ਵਾਰਤਿਕ ਦੀ ਪਲੇਠੀ ਕਿਤਾਬ, 'ਚੁੱਪ ਦਾ ਮਰਮ ਪਛਾਣੀਏ' ਬਾਰੇ ਖੁੱਲ੍ਹ ਕੇ ਗਲਬਾਤ ਹੋਈ, ਜਿਸ ਵਿਚ ਪਰਮਜੀਤ ਦਿਓਲ, ਸ਼ਮੀਲ, ਗੁਰਦੇਵ ਚੌਹਾਨ ਤੇ ਪਿਆਰਾ ਸਿੰਘ ਕੁੱਦੋਵਾਲ ਨੇ ਹਿੱਸਾ ਲਿਆ। ਇਸ ਦੇ ਇਲਾਵਾ ਪੂਰਨ ਸਿੰਘ ਪਾਂਧੀ ਨੇ ਵਾਰਤਿਕ ਦੇ ਨੁਕਤਿਆਂ ਬਾਰੇ ਗੱਲਬਾਤ ਕਰਦਿਆਂ ਕੁਝ ਕੁ ਵਧੀਆ ਵਾਰਤਿਕ ਲਿਖਾਰੀਆਂ, ਜਿਵੇਂ ਵਰਿਆਮ ਸਿੰਘ ਸੰਧੂ, ਪ੍ਰਿੰਸੀਪਲ ਸਰਵਣ ਸਿੰਘ ਤੇ ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਲਿਖਤਾਂ ਦੀ ਉਦਾਹਰਣ ਦਿੱਤੀ। ਇਸੇ ਤਰ੍ਹਾਂ ਪਿਆਰਾ ਸਿੰਘ ਕੁੱਦੋਵਾਲ ਨੇ ਵਾਰਤਿਕ ਦੀਆਂ ਕਿਸਮਾਂ ਬਾਰੇ ਗੱਲਬਾਤ ਕਰਦਿਆਂ ਹੋਇਆ ਮਲਵਿੰਦਰ ਦੀ ਵਾਰਤਿਕ ਦੀ ਕਿਤਾਬ ਦੀ ਭਰਪੂਰ ਸਿਫ਼ਤ ਕੀਤੀ। ਪਰਮਜੀਤ ਦਿਓਲ ਨੇ ਕਿਤਾਬ ਦੇ ਵੱਖ-ਵੱਖ ਵਿਸ਼ਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ।

ਸ਼ਮੀਲ ਨੇ ਕਿਤਾਬ 'ਚੋਂ ਵਾਰਤਿਕ ਦੀ ਵੰਨਗੀ ਸਾਂਝੀ ਕਰਦਿਆਂ ਹੋਇਆਂ ਆਪਣੇ ਵਿਚਾਰ ਸਾਂਝੇ ਕੀਤੇ। ਗੁਰਦੇਵ ਚੌਹਾਨ ਨੇ ਸੰਖੇਪ ਵਿਚ ਕਿਤਾਬ ਬਾਰੇ ਗੱਲਬਾਤ ਕੀਤੀ ਕਿਉਂਕਿ ਉਨ੍ਹਾਂ ਕਿਹਾ ਕਿ ਮੈਂ ਕਿਤਾਬ ਬਾਰੇ ਕਾਫੀ ਵਿਸਥਾਰ ਨਾਲ ਮੁੱਖਬੰਦ ਲਿਖ ਚੁੱਕਾ ਹਾਂ। ਇਸ ਸੈਸ਼ਨ ਦੇ ਅਖੀਰ 'ਤੇ ਮਲਵਿੰਦਰ ਨੇ ਕਿਤਾਬ ਬਾਰੇ ਬੋਲਣ ਵਾਲੇ ਬੁਲਾਰਿਆਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਸ ਤੋਂ ਪਹਿਲਾਂ ਉਨ੍ਹਾਂ ਦੀਆਂ ਕਵਿਤਾਵਾਂ ਦੀਆਂ ਛੇ ਕਿਤਾਬਾਂ ਛਪ ਚੁੱਕੀਆਂ ਹੋਣ ਦੇ ਬਾਵਜੂਦ ਉਹ ਆਪਣੀਆਂ ਕਵਿਤਾਵਾਂ ਤੋਂ ਏਨਾ ਸੰਤੁਸ਼ਟ ਨਹੀਂ ਹਨ ਅਤੇ ਹੁਣ ਉਨ੍ਹਾਂ ਵਾਰਤਿਕ ਵੱਲ ਮੁਹਾਰਾਂ ਮੋੜੀਆਂ ਹਨ।

ਬਲਦੇਵ ਰਹਿਪਾ ਨੇ 26 ਮਈ ਨੂੰ ਹੋ ਰਹੇ ਬਰੈਂਪਟਨ ਹਾਫ ਮੈਰਾਥਾਨ (**Brampton Half Marathon**) ਜੋ **Terry Fox stadium, Chinguacousy park** ਵਿਚ ਹੋ ਰਿਹਾ, ਬਾਰੇ ਜਾਣਕਾਰੀ ਦਿੱਤੀ ਅਤੇ ਉਸ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਤੀਸਰੇ ਸੈਸ਼ਨ ਵਿਚ ਕਵੀ ਦਰਬਾਰ ਕਰਵਾਇਆ ਗਿਆ, ਜਿਸਦੇ ਮੁੱਖ ਮਹਿਮਾਨ ਮਲੇਰਕੋਟਲਾ, ਪੰਜਾਬ ਤੋਂ ਆਏ ਨੂਰ ਮੁਹੰਮਦ ਨੂਰ ਸਨ। ਇਸ ਵਿਚ ਹਾਜ਼ਰ ਕਵੀਆਂ ਨੇ ਆਪੋ-ਆਪਣੀਆਂ ਕਵਿਤਾਵਾਂ, ਗ਼ਜ਼ਲਾਂ ਅਤੇ ਗੀਤ ਪੇਸ਼ ਕੀਤੇ। ਰਿੰਟੂ ਭਾਟੀਆ ਨੇ ਬੁਲੇਸ਼ਾਹ ਦੀ ਕਾਫ਼ੀ ਗਾ ਕੇ ਇਸ ਸੈਸ਼ਨ ਦੀ ਸ਼ੁਰੂਆਤ ਕੀਤੀ। ਮਨਰਾਜ ਬੈਨੀਪਾਲ, ਪ੍ਰਤੀਕ, ਸੁਖਚਰਨਜੀਤ ਕੌਰ ਗਿੱਲ, ਸੁਰਿੰਦਰਜੀਤ ਕੌਰ, ਨਰਿਤਮ ਕੌਰ, ਹਜ਼ਰਤ ਸ਼ਾਮ, ਜਸਪਾਲ ਦੇਸੂਵੀ, ਮੁਹਿੰਦਰ ਸਿੰਘ ਗਿੱਲ, ਹਰਜਿੰਦਰ ਸਿੰਘ ਗਿੱਲ, ਡਾ. ਕ੍ਰਿਸ਼ਨ ਚੰਦ, ਬਲਰਾਜ ਧਾਲੀਵਾਲ, ਜਤਿੰਦਰ ਰੰਧਾਵਾ, ਗਿਆਨ ਸਿੰਘ ਦਰਦੀ, ਗੁਰਦੇਵ ਸਿੰਘ ਚੌਹਾਨ, ਸੁਰਜੀਤ ਕੌਰ ਟੋਰੌਂਟੋ, ਪਰਮਜੀਤ ਦਿਓਲ, ਨਦੀਮ ਰਸ਼ੀਦ ਤੇ ਨੂਰ ਮੁਹੰਮਦ ਨੂਰ ਨੇ ਭਾਗ ਲਿਆ।

ਇਸ ਦੇ ਇਲਾਵਾ ਮੀਟਿੰਗ ਵਿਚ ਨਿਰਮਲ ਜਸਵਾਲ, ਜਰਨੈਲ ਸਿੰਘ ਕਹਾਣੀਕਾਰ, ਕੁਲਜੀਤ ਮਾਨ, ਕਿਰਪਾਲ ਸਿੰਘ ਪੰਨੂੰ, ਡਾ. ਬਲਜਿੰਦਰ ਸਿੰਘ ਸੇਖੋਂ, ਬਲਦੇਵ ਦੂਹੜੇ, ਗੁਰਜਿੰਦਰ ਸਿੰਘ ਸੰਘੇੜਾ, ਗੁਰਦੇਵ ਮਾਨ, ਮੁਰੀਦ ਸੰਧੂ, ਬਲਜੀਤ ਧਾਲੀਵਾਲ, ਸੁਰਿੰਦਰ ਖਹਿਰਾ, ਸੁਸ਼ਮਾ ਰਾਣੀ, ਗੁਰਦਿਆਲ ਸਿੰਘ ਬੱਲ, ਅਮਨਪ੍ਰੀਤ ਸਿੰਘ ਧਾਲੀਵਾਲ, ਗੁਰਚਰਨਜੀਤ ਬਟਾਲਾ, ਵਿਕਰਾਂਤ ਸਿੰਘ, ਬਲਵਿੰਦਰ ਕੌਰ ਰੰਧਾਵਾ, ਹਰਜਿੰਦਰ ਸਿੰਘ ਗਿੱਲ, ਡਾ. ਮਹਿੰਦਰ ਸਿੰਘ ਗਿੱਲ, ਡਾ. ਜਗਜੀਵਨ ਧਾਲੀਵਾਲ, ਸਿਕੰਦਰ ਸਿੰਘ ਗਿੱਲ, ਸ਼ਮਸ਼ੇਰ ਸਿੰਘ, ਸਰਪੰਚ ਸਤਨਾਮ ਸਿੰਘ, ਬਲਵਿੰਦਰ ਸਿੰਘ, ਹਰਜਿੰਦਰ ਸਿੰਘ ਸਿੱਧੂ, ਮੋਹਣ ਸਿੰਘ ਮਾਂਗਟ, ਮਨਮੋਹਨ ਗੁਲਾਟੀ, ਦਰਸ਼ਨ ਸਿੰਘ ਬੈਨੀਪਾਲ, ਨਵਰਾਜ ਸਿੰਘ ਬੈਨੀਪਾਲ, ਸੁਰਿੰਦਰ ਸਿੰਘ, ਪਰਮਜੀਤ ਗਿੱਲ ਕਲੋਨਾ ਬੀ.ਸੀ. ਤੋਂ, ਹੀਰਾ ਲਾਲ ਅਗਨੀਹੋਤਰੀ, ਗੁਰਬਖਸ਼ ਕੌਰ ਬੈਂਸ ਤੇ ਲਾਲ ਸਿੰਘ ਬੈਂਸ ਨੇ ਹਾਜ਼ਰੀ ਲਵਾਈ।

ਕੁਲਵਿੰਦਰ ਖਹਿਰਾ ਨੇ ਜਿਥੇ ਸਮੇਂ ਨੂੰ ਧਿਆਨ ਵਿਚ ਰੱਖਦਿਆਂ ਹੋਇਆ, ਸਟੇਜ ਦੀ ਕਾਰਵਾਈ ਬਾਖੂਬੀ ਨਿਭਾਈ, ਉਥੇ ਹਰਬੰਸ ਹੀਓ ਦੇ ਸਦੀਵੀ ਵਿਛੋੜੇ 'ਤੇ ਦੁੱਖ ਦਾ ਇਜ਼ਹਾਰ ਵੀ ਕੀਤਾ। ਮੀਟਿੰਗ ਦੇ ਅਖੀਰ 'ਤੇ ਪਿਆਰਾ ਸਿੰਘ ਕੁੱਦੋਵਾਲ ਨੇ ਮੀਟਿੰਗ 'ਚ ਆਏ ਸਾਰੇ ਲੇਖਕ, ਮੈਂਬਰ ਸਾਹਿਬਾਨ, ਮਹਿਮਾਨਾਂ ਤੇ ਵਿਦਵਾਨਾਂ ਦਾ ਧੰਨਵਾਦ ਕੀਤਾ।

# ਫੂਡ ਬੈਂਕਾਂ ਤੋਂ ਮੁਫਤ ਖਾਣਾ ਲੈਣ ਦੇ ਦੋਸ਼ ਹੇਠ ਭਾਰਤੀ ਮੂਲ ਦੇ ਡਾਟਾ ਵਿਗਿਆਨੀ ਨੂੰ ਕੰਪਨੀ ਨੇ ਨੌਕਰੀਓਂ ਕੱਢਿਆ

**ਟੋਰਾਂਟੋ, (ਪੰਜਾਬ ਮੇਲ)-** ਭਾਰਤੀ ਮੂਲ ਦਾ ਡਾਟਾ ਵਿਗਿਆਨੀ ਨੂੰ ਕੰਪਨੀ ਨੇ ਨੌਕਰੀ ਤੋਂ ਕੱਢ ਦਿੱਤਾ ਹੈ। ਉਸ ਵੱਲੋਂ ਫੂਡ ਬੈਂਕਾਂ ਤੋਂ ਮੁਫਤ ਖਾਣਾ ਲੈ ਕੇ ਪੈਸੇ ਬਚਾਉਣ ਦਾ ਦੋਸ਼ ਸੀ। ਫੂਡ ਬੈਂਕਾਂ ਵਿਚ 'ਮੁਫਤ ਭੋਜਨ' ਮਿਲਦਾ ਹੈ। ਇਸ ਨਾਲ ਜੁੜਿਆ ਇਕ ਵੀਡੀਓ ਸ਼ੇਅਰ ਕਰਨ 'ਤੇ ਮੇਹੁਲ ਪ੍ਰਜਾਪਤੀ ਨਾਂ ਦੇ ਉਕਤ ਸ਼ਖਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਦਰਅਸਲ ਮੇਹੁਲ ਪ੍ਰਜਾਪਤੀ ਟੀ.ਡੀ. ਬੈਂਕ ਵਿਚ ਕੰਮ ਕਰਦੇ ਹਨ। ਮੇਹੁਲ ਨੇ ਦੱਸਿਆ ਕਿ ਕਿਵੇਂ ਉਹ ਹਰ ਮਹੀਨੇ ਭੋਜਨ ਤੇ ਕਰਿਆਨੇ ਦੇ ਸਾਮਾਨ ਵਿਚ ਸੈਂਕੜੇ ਰੁਪਏ ਬਚਾਉਂਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਟਰੱਸਟਾਂ ਤੇ ਚਰਚਾਂ ਵੱਲੋਂ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ




ਸਥਾਪਤ ਖਾਣ ਬੈਂਕਾਂ ਤੋਂ ਕਰਿਆਨੇ ਦਾ ਸਾਮਾਨ ਮੁਫਤ ਮਿਲਦਾ ਹੈ।

ਇਸ ਵੀਡੀਓ ਵਿਚ ਮੇਹੁਲ ਪ੍ਰਜਾਪਤੀ ਨੇ ਆਪਣਾ ਭੋਜਨ ਵੀ ਦਿਖਾਇਆ ਜਿਸ ਵਿਚ ਫਲ, ਸਬਜ਼ੀਆਂ, ਬ੍ਰੈਡ, ਸੌਸ, ਪਾਸਤਾ ਤੇ ਡਿੱਬਾਬੰਦ ਸਬਜ਼ੀਆਂ ਸ਼ਾਮਲ ਸਨ। ਮੇਹੁਲ ਇਕ ਬੈਂਕ ਡਾਟਾ ਵਿਗਿਆਨਕ ਦੀ ਨੌਕਰੀ ਕਰਦੇ ਸਨ। ਇਸ ਅਹੁਦੇ 'ਤੇ ਪ੍ਰਤੀ ਸਾਲ ਔਸਤਨ ਸੈਲਰੀ 98000 ਰੁਪਏ ਹੈ। ਮੇਹੁਲ ਨੇ ਜਿਸ ਵੀਡੀਓ ਨੂੰ ਸੋਸ਼ਲ ਮੀਡੀਆ 'ਤੇ ਅਪਲੋਡ ਕੀਤਾ ਹੈ, ਉਸ ਵਿਚ ਦਿਖਾਇਆ ਗਿਆ ਹੈ ਕਿ ਉਸ ਨੂੰ ਚੈਰਿਟੀ ਫੂਡ ਬੈਂਕਾਂ ਤੋਂ ਕਿੰਨਾ 'ਮੁਫਤ ਭੋਜਨ' ਮਿਲਦਾ ਹੈ। ਇਸ ਵੀਡੀਓ ਨਾਲ ਯੂਜ਼ਰਜ਼ ਵਿਚ ਬਹਿਸ ਛਿੜ ਗਈ।

ਹਾਲਾਂਕਿ ਨੌਕਰੀ ਤੋਂ ਕੱਢੇ ਜਾਣ ਦੇ ਬਾਅਦ ਕੁਝ ਲੋਕਾਂ ਨੇ ਮੇਹੁਲ ਦਾ ਸਮਰਥਨ ਵੀ ਕੀਤਾ। ਇਕ ਯੂਜ਼ਰ ਨੇ ਲਿਖਿਆ ਕਿ ਇਹ ਦੁਖਦਾਈ ਹੈ। ਉਸ ਨੇ ਗਲਤੀ ਕੀਤੀ ਪਰ ਹੁਣ ਜਦੋਂ ਉਹ ਬੇਰੋਜ਼ਗਾਰ ਹੈ ਤਾਂ ਉਹ ਕੀ ਕਰੇਗਾ। ਇਕ ਹੋਰ ਨੇ ਕਿਹਾ ਕਿ ਸਿਰਫ ਇਸ ਲਈ ਤੁਸੀਂ ਜਾਣਦੇ ਹੋ ਕਿ ਉਸ ਦਾ ਕੰਮ ਕੀ ਹੈ। ਕਈ ਯੂਜ਼ਰਜ਼ ਨੇ ਮੇਹੁਲ ਦੀ ਆਲੋਚਨਾ ਕੀਤੀ ਤੇ ਕਿਹਾ ਕਿ ਫੂਡ ਬੈਂਕ ਗਰੀਬਾਂ ਤੇ ਲੋੜਵੰਦਾਂ ਲਈ ਹੈ।

# ਜਰਖੜ ਖੇਡਾਂ 2024: ਓਲੰਪੀਅਨ ਪ੍ਰਿਥੀਪਲ ਸਿੰਘ ਹਾਕੀ ਫੈਸਟੀਵਲ 4 ਮਈ ਤੋਂ; ਫਾਈਨਲ 9 ਜੂਨ ਨੂੰ

**■ ਸੀਨੀਅਰ ਅਤੇ ਜੂਨੀਅਰ ਵਰਗ ਵਿਚ ਕੁੱਲ 16 ਟੀਮਾਂ ਹਿੱਸਾ ਲੈਣਗੀਆਂ**

**ਲੁਧਿਆਣਾ, (ਪੰਜਾਬ ਮੇਲ)-** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਜਰਖੜ ਖੇਡਾਂ ਦੀ ਕੜੀ ਦਾ 14ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 4 ਮਈ ਤੋਂ ਜਰਖੜ ਖੇਡ ਸਟੇਡੀਅਮ ਵਿਖੇ ਸ਼ੁਰੂ ਹੋਵੇਗਾ ਤੇ ਇਸ ਹਾਕੀ ਫੈਸਟੀਵਲ ਦੇ ਫਾਈਨਲ ਮੁਕਾਬਲੇ 9 ਜੂਨ ਨੂੰ ਖੇਡੇ ਜਾਣਗੇ। ਇਸ ਹਫਤਾਵਰੀ ਹਾਕੀ ਲੀਗ ਵਿਚ ਜੂਨੀਅਰ ਅਤੇ ਸੀਨੀਅਰ ਵਰਗ ਦੀਆਂ ਕੁੱਲ 16 ਟੀਮਾਂ ਹਿੱਸਾ ਲੈਣਗੀਆਂ। ਇਸ ਫੈਸਟੀਵਲ ਦੇ ਮੁਕਾਬਲੇ ਹਰ ਸ਼ਨਿੱਚਰਵਾਰ ਅਤੇ ਐਤਵਾਰ ਨੂੰ ਸ਼ਾਮ 5 ਵਜੇ ਤੋਂ ਰਾਤ 9 ਵਜੇ ਤੱਕ ਫਲੱਡ ਲਾਈਟਾਂ ਦੀ ਰੌਸ਼ਨੀ ਵਿਚ ਖੇਡੇ ਜਾਣਗੇ।

ਜਰਖੜ ਟਰੱਸਟ ਦੇ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਅਤੇ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੀਨੀਅਰ ਵਰਗ ਵਿਚ ਹਿੱਸਾ ਲੈ ਰਹੀਆਂ 8 ਟੀਮਾਂ ਨੂੰ 2 ਪੂਲਾਂ ਵਿਚ ਵੰਡਿਆ ਗਿਆ ਹੈ। ਪੂਲ ਏ ਵਿਚ ਪਿਛਲੇ ਸਾਲ ਦੀ ਉਪ ਜੇਤੂ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ, ਸਪੋਰਟਸ ਸੈਂਟਰ ਕਿਲ੍ਹਾ ਰਾਏਪੁਰ, ਅਮਰਗੜ੍ਹ ਸੈਂਟਰ ਮਲੇਰਕੋਟਲਾ ਅਤੇ ਜਰਖੜ ਹਾਕੀ ਅਕੈਡਮੀ, ਜਦਕਿ ਪੂਲ ਬੀ ਵਿਚ ਪਿਛਲੇ ਸਾਲ ਦੀ ਚੈਂਪੀਅਨ ਐੱਚ.ਟੀ.ਸੀ. ਸੈਂਟਰ ਰਾਮਪੁਰ, ਸਟਿੱਕ ਸਟਾਰ ਬੇਕਰਜ਼ਫੀਲਡ ਕੈਲੀਫੋਰਨੀਆ, ਏਕ ਨੂਰ ਅਕੈਡਮੀ ਤੇਹਿੰਗ ਅਤੇ ਜੰਗ ਕਲੱਬ ਉਟਾਲਾ ਖੇਡਣਗੀਆਂ, ਜਦਕਿ ਸਬ ਜੂਨੀਅਰ ਵਰਗ ਅੰਡਰ 14 ਸਾਲ ਜਿਸ ਵਿਚ 1-1-2011 ਤੋਂ ਬਾਅਦ ਦੇ ਜਨਮੇ ਖਿਡਾਰੀ ਖੇਡਣਗੇ। ਸਬ ਜੂਨੀਅਰ ਵਰਗ ਵਿਚ ਪੂਲ ਏ ਵਿਚ ਪਿਛਲੇ ਸਾਲ ਦੀ ਚੈਂਪੀਅਨ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਛੰਨਾ, ਸਪੋਰਟ ਸੈਂਟਰ ਕਿਲ੍ਹਾ ਰਾਇਪੁਰ, ਗੁਰੂ ਤੇਗ ਬਹਾਦਰ ਅਕੈਡਮੀ ਚਚਰਾੜੀ ਅਤੇ ਘਵੱਦੀ ਹਾਕੀ ਸੈਂਟਰ ਖੇਡਣਗੇ, ਜਦਕਿ ਪੂਲ ਬੀ ਵਿਚ ਭਵਾਨੀਗੜ੍ਹ, ਐੱਚ.ਟੀ.ਸੀ. ਰਾਮਪੁਰ, ਏਕ ਨੂਰ ਅਕੈਡਮੀ ਤੇਹਿੰਗ ਅਤੇ ਜਰਖੜ ਅਕੈਡਮੀ ਨੂੰ ਰੱਖਿਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਸ ਹਾਕੀ ਫੈਸਟੀਵਲ ਦੇ ਮੁਕਾਬਲੇ ਹਰ ਹਫਤੇ ਸ਼ਨਿੱਚਰਵਾਰ ਅਤੇ ਐਤਵਾਰ ਨੂੰ ਹੋਇਆ ਕਰਨਗੇ, ਜਿਨ੍ਹਾਂ ਵਿਚ ਪਹਿਲੇ ਗੇੜ ਦੇ ਮੁਕਾਬਲੇ 4 ਅਤੇ 5 ਮਈ ਨੂੰ, ਫਿਰ ਦੂਜਾ ਗੇੜ 11 ਅਤੇ 12 ਮਈ ਨੂੰ, ਤੀਜਾ ਗੇੜ 18 ਅਤੇ 19 ਮਈ ਨੂੰ, ਜਦਕਿ ਆਖਰੀ ਸੈਮੀਫਾਈਨਲ ਅਤੇ ਫਾਈਨਲ ਗੇੜ ਦੇ ਮੁਕਾਬਲੇ 6 ਤੋਂ 9 ਜੂਨ ਤੱਕ ਖੇਡੇ ਜਾਣਗੇ। 19 ਮਈ ਨੂੰ ਓਲੰਪੀਅਨ ਪ੍ਰਿਥੀਪਾਲ ਸਿੰਘ ਸਾਲਾਨਾ ਵਰਸੀ ਖਿਡਾਰੀਆਂ ਦੀ ਸ਼ਰਧਾ ਅਤੇ ਸਤਿਕਾਰ ਦੇ ਨਾਲ ਮਨਾਈ ਜਾਵੇਗੀ। ਹਰ ਰੋਜ਼ ਚਾਰ ਮੈਚ ਹੋਇਆ ਕਰਨਗੇ, ਜਿਸ ਵਿਚ 2 ਜੂਨੀਅਰ ਵਰਗ ਦੇ ਮੁਕਾਬਲੇ ਅਤੇ 2 ਸੀਨੀਅਰ ਵਰਗ ਦੇ ਮੁਕਾਬਲੇ ਹੋਣਗੇ। ਸੀਨੀਅਰ ਵਰਗ ਦੀ ਚੈਂਪੀਅਨ ਟੀਮ ਨੂੰ ਓਲੰਪੀਅਨ ਪ੍ਰਿਥੀਪਾਲ ਸਿੰਘ ਗੋਲਡ ਕੱਪ ਟਰਾਫੀ ਅਤੇ 41000 ਦੀ ਨਗਦ ਰਾਸ਼ੀ ਉਪਜੇਤੂ ਟੀਮ ਨੂੰ 31000 ਦੀ ਨਗਦ ਰਾਸ਼ੀ ਅਤੇ ਸਰਵੋਤਮ ਖਿਡਾਰੀਆਂ ਨੂੰ ਏਵਨ ਸਾਈਕਲਾਂ ਨਾਲ ਸਨਮਾਨਿਆ ਜਾਵੇਗਾ। ਇਸ ਤਰ੍ਹਾਂ ਜੂਨੀਅਰ ਵਰਗ ਦੀ ਜੇਤੂ ਟੀਮ ਨੂੰ 21000 ਦੀ ਨਗਦ ਰਾਸ਼ੀ, ਉਪਜੇਤੂ ਟੀਮ ਨੂੰ 16000 ਦੀ ਨਗਦ ਰਾਸ਼ੀ ਅਤੇ ਸਰਵੋਤਮ ਖਿਡਾਰੀਆਂ ਨੂੰ ਸਾਈਕਲ ਦਿੱਤੇ ਜਾਣਗੇ। ਹਰ ਮੈਚ ਦੇ ਸਰਵੋਤਮ ਖਿਡਾਰੀ ਨੂੰ ਹੀਰੋ ਆਫ ਦਾ ਮੈਚ ਵਜੋਂ ਸਨਮਾਨਿਆ ਜਾਵੇਗਾ। ਟੂਰਨਾਮੈਂਟ ਦਾ ਉਦਘਾਟਨੀ ਸਮਾਰੋਹ ਲਾਜਵਾਬ ਹੋਵੇਗਾ, ਜਿੱਥੇ ਹਾਕੀ ਓਲੰਪੀਅਨ ਰਜਿੰਦਰ ਸਿੰਘ ਸੀਨੀਅਰ ਟੂਰਨਾਮੈਂਟ ਦਾ ਉਦਘਾਟਨ ਕਰਨਗੇ, ਉਥੇ ਜਰਖੜ ਪ੍ਰਾਇਮਰੀ ਸਕੂਲ ਦੇ ਬੱਚਿਆਂ ਵੱਲੋਂ ਸੱਭਿਆਚਾਰਕ ਵੰਨਗੀਆਂ ਵੀ ਪੇਸ਼ ਕੀਤੀਆਂ ਜਾਣਗੀਆਂ। ਹਾਕੀ ਫੈਸਟੀਵਲ ਦਾ ਉਦਘਾਟਨੀ ਮੈਚ 4 ਮਈ ਨੂੰ ਸ਼ਾਮ 6 ਵਜੇ ਸਪੋਰਟਸ ਸੈਂਟਰ ਕਿਲ੍ਹਾ ਰਾਏਪੁਰ ਅਤੇ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ ਵਿਚਕਾਰ ਖੇਡਿਆ ਜਾਵੇਗਾ।

# ਵੈਨਕੂਵਰ ਵਿਚਾਰ ਮੰਚ ਵੱਲੋਂ ਸਰੀ ਵਿਚ ਕਰਵਾਇਆ ਵਿਸਾਖੀ ਨੂੰ ਸਮਰਪਿਤ ਕਵੀ ਦਰਬਾਰ






**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਬੀਤੇ ਐਤਵਾਰ ਵੈਨਕੂਵਰ ਵਿਚਾਰ ਮੰਚ ਵੱਲੋਂ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਦੇ ਸਹਿਯੋਗ ਨਾਲ ਵਿਸਾਖੀ ਨੂੰ ਸਮਰਪਿਤ ਸਾਲਾਨਾ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿਚ ਸਰੀ, ਕੋਕੁਇਟਲਮ, ਵੈਨਕੂਵਰ ਦੇ ਉੱਘੇ ਕਵੀਆਂ ਨੇ ਵਿਸਾਖੀ, ਸਮਾਜ, ਦੇਸ਼-ਵਿਦੇਸ਼ ਦੇ ਅਨੇਕਾਂ ਰੰਗ ਆਪਣੀਆਂ ਵੱਖ ਵੱਖ ਕਾਵਿ-ਰਚਨਾਵਾਂ ਰਾਹੀਂ ਪੇਸ਼ ਕੀਤੇ।

ਕਵੀ ਦਰਬਾਰ ਦੇ ਆਗਾਜ਼ ਵਿਚ ਮੰਚ ਵੱਲੋਂ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਪੰਜਾਬੀ ਸ਼ਾਇਰ ਮੋਹਨਜੀਤ ਅਤੇ ਵਿਜੇ ਮਿਊਜ਼ਿਕ ਅਕੈਡਮੀ ਦੇ ਵਿਜੇ ਕੁਮਾਰ ਦੀ ਮੌਤ ਉਪਰ ਦੁੱਖ ਦਾ ਪ੍ਰਗਟਾਵਾ ਕਰਦਿਆਂ ਵਿਛੜੀਆਂ ਸ਼ਖ਼ਸੀਅਤਾਂ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ। ਉਪਰੰਤ ਮੰਚ ਦੇ ਸਰਪ੍ਰਸਤ ਜਰਨੈਲ ਸਿੰਘ ਸੇਖਾ ਨੇ ਸਭਨਾਂ ਨੂੰ ਜੀ ਆਇਆਂ ਕਿਹਾ ਅਤੇ ਉਨ੍ਹਾਂ ਪੰਜਾਬ ਦੇ ਇਤਿਹਾਸ, ਸੱਭਿਆਚਾਰ, ਧਰਮ, ਸਮਾਜ ਅਤੇ ਸਾਹਿਤ ਵਿਚ ਵਿਸਾਖੀ ਦੀ ਮਹੱਤਤਾ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਵਿਸਾਖੀ ਪੰਜਾਬੀਆਂ ਦੀ ਖ਼ੁਸ਼ੀ ਅਤੇ ਖ਼ੁਸ਼ਹਾਲੀ ਦਾ ਤਿਓਹਾਰ ਹੈ। ਉਨ੍ਹਾਂ ਮਰਹੂਮ ਸ਼ਾਇਰ ਧਨੀ ਰਾਮ ਚਾਤ੍ਰਿਕ ਵੱਲੋਂ ਵਿਸਾਖੀ ਦੀ ਕਾਵਿਕ ਤਸਵੀਰ ਰਾਹੀਂ ਪੰਜਾਬੀਆਂ ਦੇ ਵਿਸਾਖੀ ਨਾਲ ਜੁੜੇ ਜਜ਼ਬਾਤ ਦੀ ਗੱਲ ਕੀਤੀ।

ਕਵੀ ਦਰਬਾਰ ਦਾ ਆਗਾਜ਼ ਬਿੱਲਾ ਤੱਖੜ ਅਤੇ ਗੁਰਨਾਮ ਥਾਂਦੀ ਦੀ ਸਾਰੰਗੀ ਦੇ ਸੁਰਾਂ ਨਾਲ ਹੋਇਆ ਅਤੇ ਉਨ੍ਹਾਂ ਆਪਣੇ ਸੁਰੀਲੇ ਸੁਰਾਂ ਵਿਚ ਕਵੀਸ਼ਰੀ ਪੇਸ਼ ਕੀਤੀ। ਫਿਰ ਦਵਿੰਦਰ ਕੌਰ ਜੌਹਲ, ਪਰਮਿੰਦਰ ਸਵੈਚ, ਗੁਰਮੀਤ ਸਿੰਘ ਸਿੱਧੂ, ਬਲਰਾਜ ਬਾਸੀ, ਇੰਦਰਜੀਤ ਧਾਮੀ, ਬਿੰਦੂ ਮਠਾੜੂ, ਗੁਰਦਰਸ਼ਨ ਬਾਦਲ, ਮਹਿੰਦਰਪਾਲ ਸਿੰਘ ਪਾਲ, ਦਵਿੰਦਰ ਗੌਤਮ, ਜਗਜੀਤ ਸੰਧੂ, ਨਰਿੰਦਰ ਬਾਈਆ, ਰਾਜਵੰਤ ਰਾਜ, ਮੀਨੂੰ ਬਾਵਾ, ਅਸ਼ੋਕ ਭਾਰਗਵਾ, ਮਸਹਨ ਗਿੱਲ ਅਤੇ ਅੰਗਰੇਜ਼ ਬਰਾੜ ਨੇ ਆਪਣੀਆਂ ਕਾਵਿ ਰਚਨਾਵਾਂ ਰਾਹੀਂ ਖ਼ੂਬ ਰੰਗ ਬੰਨ੍ਹਿਆਂ। ਕਵੀ ਦਰਬਾਰ ਦੀ ਸਮਾਪਤੀ ਚਮਕੌਰ ਸਿੰਘ ਸੇਖੋਂ ਵੱਲੋਂ ਪੇਸ਼ ਕੀਤੀ ਕਵੀਸ਼ਰੀ ਨਾਲ ਹੋਈ।

ਅੰਤ ਵਿਚ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਸਾਰੇ ਕਵੀਆਂ ਦਾ ਧੰਨਵਾਦ ਕੀਤਾ ਅਤੇ ਸਭ ਨੂੰ ਵਿਸਾਖੀ ਦੀ ਵਧਾਈ ਦਿੱਤੀ। ਕਵੀ ਦਰਬਾਰ ਦਾ ਸੰਚਾਲਨ ਮੋਹਨ ਗਿੱਲ ਅਤੇ ਅੰਗਰੇਜ਼ ਬਰਾੜ ਨੇ ਬਾਖ਼ੂਬੀ ਕੀਤਾ।

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਇਕ ਹੋਰ ਪਹਿਲਕਦਮੀ

**ਚੰਡੀਗੜ੍ਹ, (ਪੰਜਾਬ ਮੇਲ)-** ਲੋਕ ਸਭਾ ਚੋਣਾਂ-2024 ਵਿਚ 'ਇਸ ਵਾਰ 70 ਪਾਰ' ਦੇ ਟੀਚੇ ਨੂੰ ਹਾਸਲ ਕਰਨ ਦੀ ਮੁਹਿੰਮ ਤਹਿਤ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦਫ਼ਤਰ ਵੱਲੋਂ ਇਕ ਹੋਰ ਨਿਵੇਕਲੀ ਪਹਿਲਕਦਮੀ ਕੀਤੀ ਗਈ ਹੈ। ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਇਸ ਵਾਰ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਵੱਲੋਂ ਬੀ.ਐੱਲ.ਓਜ਼ (ਬੂਥ ਪੱਧਰੀ ਅਧਿਕਾਰੀ) ਰਾਹੀਂ ਵੋਟਰਾਂ ਨੂੰ ਘਰ-ਘਰ 'ਚੋਣ ਸੱਦਾ' ਕਾਰਡ ਭੇਜੇ ਜਾਣਗੇ।

ਇਸ ਸਬੰਧੀ ਜਾਣਕਾਰੀ ਦਿੰਦਿਆ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਲੋਕਤੰਤਰ ਦੇ ਸਭ ਤੋਂ ਵੱਡੇ ਤਿਉਹਾਰ ਵਿਚ ਵੋਟਰਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਉਣ ਵਾਸਤੇ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਵੱਲੋਂ ਵੋਟਰਾਂ ਨੂੰ 'ਚੋਣ ਸੱਦਾ' ਦਿੱਤਾ ਜਾਵੇਗਾ, ਜਿਸ ਵਿਚ ਵੋਟਰਾਂ ਨੂੰ 1 ਜੂਨ 2024 ਨੂੰ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਗਈ ਹੈ। ਇਹ ਕਾਰਡ ਬੀ.ਐੱਲ.ਓਜ਼ ਵੱਲੋਂ ਘਰ-ਘਰ ਦਿੱਤੇ ਜਾਣਗੇ। ਸਿਬਿਨ ਸੀ ਨੇ ਅੱਗੇ ਦੱਸਿਆ ਕਿ ਸੂਬੇ ਦੇ ਹਰੇਕ ਜ਼ਿਲ੍ਹੇ ਵਿਚ ਵੱਡੇ ਪੱਧਰ 'ਤੇ ਪਹਿਲਾਂ ਹੀ ਸਵੀਪ (ਸਿਸਟੇਮੈਟਿਕ ਵੋਟਰਜ਼ ਐਜੂਕੇਸ਼ਨ ਅਤੇ ਇਲੈਕਟੋਰਲ ਪਾਰਟੀਸੀਪੇਸ਼ਨ) ਗਤੀਵਿਧੀਆਂ ਤਹਿਤ ਚੋਣ ਜਾਗਰੂਕਤਾ ਸਬੰਧੀ ਵਿਸ਼ੇਸ਼ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ ਅਤੇ ਇਸ ਪਹਿਲਕਦਮੀ ਦਾ ਮਕਸਦ ਵੀ 'ਇਸ ਵਾਰ 70 ਪਾਰ' ਦੇ ਟੀਚੇ ਨੂੰ ਹਾਸਲ ਕਰਨਾ ਤੇ ਵੋਟਿੰਗ ਪ੍ਰਕਿਰਿਆ ਦੌਰਾਨ ਵੋਟਰਾਂ ਦੇ ਸਮੁੱਚੇ ਤਜ਼ਰਬੇ ਨੂੰ ਅਨੰਦਦਾਇਕ ਅਤੇ ਤਸੱਲੀਬਖਸ਼ ਬਣਾਉਣਾ ਹੈ।

ਉਨ੍ਹਾਂ ਦੱਸਿਆ ਕਿ ਕਾਰਡ ਵਿਚ ਇਕ ਕਿਊ ਆਰ ਕੋਡ ਵੀ ਦਿੱਤਾ ਗਿਆ ਹੈ, ਜਿਸ ਨੂੰ ਸਕੈਨ ਕਰਕੇ ਵੋਟਰ ਆਪਣੇ ਪੋਲਿੰਗ ਬੂਥ ਬਾਬਤ ਵੀ ਜਾਣਕਾਰੀ ਹਾਸਲ ਕਰ ਸਕਦੇ ਹਨ। ਸਿਬਿਨ ਸੀ ਨੇ ਦੱਸਿਆ ਕਿ ਵੋਟਿੰਗ ਵਾਲੇ ਦਿਨ ਹਰੇਕ ਬੂਥ ਉੱਤੇ ਵੋਟਰਾਂ ਦੀ ਸਹੂਲਤ ਲਈ ਢੁੱਕਵੇਂ ਪ੍ਰਬੰਧ ਯਕੀਨੀ ਬਣਾਏ ਜਾ ਰਹੇ ਹਨ, ਜਿਸ ਵਿਚ ਪੀਣ ਵਾਲਾ ਪਾਣੀ, ਵੇਟਿੰਗ ਏਰੀਆ, ਪੁਰਸ਼ਾਂ ਅਤੇ ਮਹਿਲਾਵਾਂ ਲਈ ਸਾਫ਼-ਸੁਥਰੇ ਪਖਾਨੇ ਅਤੇ ਸ਼ੈੱਡ ਆਦਿ ਸ਼ਾਮਲ ਹਨ।

ਮੁੱਖ ਚੋਣ ਅਧਿਕਾਰੀ ਨੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਵੱਧ-ਚੜ੍ਹ ਕੇ ਲੋਕ ਸਭਾ ਚੋਣਾਂ-2024 ਵਿਚ ਹਿੱਸਾ ਲੈਣ ਅਤੇ ਆਪਣੀ ਵੋਟ ਦਾ ਸਹੀ ਇਸਤਮਾਲ ਕਰਕੇ ਲੋਕਤੰਤਰ ਨੂੰ ਹੋਰ ਮਜ਼ਬੂਤ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ।

# ਪਾਕਿਸਤਾਨੀ ਵਿਦੇਸ਼ ਮੰਤਰੀ ਇਸਹਾਕ ਡਾਰ ਬਣੇ ਉਪ ਪ੍ਰਧਾਨ ਮੰਤਰੀ



**ਇਸਲਾਮਾਬਾਦ, (ਪੰਜਾਬ ਮੇਲ)-** ਪਾਕਿਸਤਾਨ ਦੇ ਵਿਦੇਸ਼ ਮੰਤਰੀ ਇਸਹਾਕ ਡਾਰ ਨੂੰ ਕੈਬਨਿਟ ਸਕੱਤਰੇਤ ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਅਨੁਸਾਰ ਦੇਸ਼ ਦਾ ਉਪ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ। ਡਾਰ (73) ਇੱਕ ਚਾਰਟਰਡ ਅਕਾਊਂਟੈਂਟ ਅਤੇ ਇੱਕ ਅਨੁਭਵੀ ਸਿਆਸਤਦਾਨ, ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ.ਐੱਮ.ਐੱਲ.-ਐੱਨ.) ਪਾਰਟੀ ਨਾਲ ਸਬੰਧਤ ਹੈ। ਨੋਟੀਫਿਕੇਸ਼ਨ ਅਨੁਸਾਰ ਪ੍ਰਧਾਨ ਮੰਤਰੀ ਸ਼ਰੀਫ਼ ਵੱਲੋਂ ਇਹ ਨਿਯੁਕਤੀ 'ਤੁਰੰਤ ਪ੍ਰਭਾਵ ਨਾਲ ਅਤੇ ਅਗਲੇ ਹੁਕਮਾਂ' ਤੱਕ ਕੀਤੀ ਗਈ ਹੈ।

ਸ਼ਰੀਫ਼ ਪਰਿਵਾਰ ਦੇ ਕਰੀਬੀ ਸਹਿਯੋਗੀ ਡਾਰ ਪਿਛਲੀਆਂ ਦੋ ਸਰਕਾਰਾਂ ਦੌਰਾਨ ਵਿੱਤ ਮੰਤਰੀ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ। ਉਨ੍ਹਾਂ ਨੂੰ ਪਿਛਲੇ ਮਹੀਨੇ ਸੰਸਦ ਦੇ ਉੱਚ ਸਦਨ ਸੈਨੇਟ ਦਾ ਚੇਅਰਮੈਨ ਬਣਾਏ ਜਾਣ ਦੀ ਸੰਭਾਵਨਾ ਸੀ ਪਰ ਪੀ.ਐੱਮ.ਐੱਲ.-ਐੱਨ. ਵੱਲੋਂ ਗੱਠਜੋੜ ਸਰਕਾਰ ਲਈ ਸਮਰਥਨ ਹਾਸਲ ਕਰਨ ਵਾਸਤੇ ਸਾਬਕਾ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਜ਼ਰਦਾਰੀ ਦੀ ਅਗਵਾਈ ਵਾਲੀ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਨਾਲ ਸਮਝੌਤਾ ਕਰਨ ਮਗਰੋਂ ਉਹ ਦੌੜ ਤੋਂ ਪੱਛੜ ਗਏ। ਪਾਰਟੀ ਪੀ.ਪੀ.ਪੀ. ਨੂੰ ਪ੍ਰਧਾਨ ਅਤੇ ਸੈਨੇਟ ਚੇਅਰਮੈਨ ਦਾ ਅਹੁਦਾ ਦੇਣ 'ਤੇ ਸਹਿਮਤ ਹੋ ਗਈ, ਜਿਸ ਕਾਰਨ ਡਾਰ ਕੋਲ ਸਰਕਾਰ ਵਿਚ ਕੋਈ ਹੋਰ ਭੂਮਿਕਾ ਲਈ ਸਮਝੌਤਾ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਿਆ।



# ਜਦੋਂ ਸਾਹਿਤਕਾਰਾਂ ਲਈ ਮੰਗਾਏ ਸਮੋਸਿਆਂ ਨੇ ਭਸੂੜੀ ਪਾਈ



-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਗੱਲ 1975 ਦੀ ਹੈ, ਜਦੋਂ ਮੈਂ ਲੋਕ ਸੰਪਰਕ ਵਿਭਾਗ ਪੰਜਾਬ ਦੇ ਮਾਸਕ ਰਸਾਲੇ 'ਜਾਗ੍ਰਤੀ ਪੰਜਾਬੀ' ਦਾ ਸਹਾਇਕ ਸੰਪਾਦਕ ਲੱਗਿਆ ਹੋਇਆ ਸੀ। ਮਰਹੂਮ ਸੁਖਪਾਲਵੀਰ ਸਿੰਘ ਹਸਰਤ ਜੋ ਪੰਜਾਬੀ ਦੇ ਕਵੀ ਸਨ, ਉਹ ਲੋਕ ਸੰਪਰਕ ਅਧਿਕਾਰੀ ਪੰਜਾਬੀ ਅਤੇ ਲੋਕ ਸੰਪਰਕ ਵਿਭਾਗ ਦੇ ਜਾਗ੍ਰਤੀ ਪੰਜਾਬੀ ਰਸਾਲੇ ਦੇ ਸੰਪਾਦਕ ਸਨ। ਪੰਜਾਬ ਸਕੱਤਰੇਤ ਦੀ ਪੰਜਵੀਂ ਮੰਜ਼ਲ ਤੇ ਲੋਕ ਸੰਪਰਕ ਵਿਭਾਗ ਦਾ ਦਫਤਰ ਸੀ। ਸੁਖਪਾਲਵੀਰ ਸਿੰਘ ਹਸਰਤ ਦਾ ਕੈਬਿਨ ਇਮਾਰਤ ਦੇ ਬਿਲਕੁਲ ਨੁਕਰ 'ਤੇ ਸੀ। ਅਸੀਂ ਪੰਜਾਬੀ ਸ਼ੈਕਸ਼ਨ ਵਿਚ ਦੋ ਨਿਬੰਧਕਾਰ ਮਰਹੂਮ ਸੁਰਿੰਦਰ ਮੋਹਨ ਸਿੰਘ ਅਤੇ ਮੈਂ, ਦੋ ਅਨੁਵਾਦਕ ਮਰਹੂਮ ਬੰਸੀ ਲਾਲ ਤੇ ਬਲਵਿੰਦਰ ਕੌਰ, ਇਕ ਪਰੂਫ ਰੀਡਰ ਪ੍ਰੀਤਮ ਸਿੰਘ, ਇਕ ਸਟੈਨੋ ਟਾਈਪਿਸਟ ਗੁਰਦਾਸ ਸਿੰਘ ਅਤੇ ਇਕ ਸੇਵਾਦਾਰ ਦੇਸ ਰਾਜ ਹੁੰਦਾ ਸੀ। ਦੇਸ ਰਾਜ ਵੇਖਣ ਪਾਖਣ ਨੂੰ ਸੇਵਾਦਾਰ ਨਹੀਂ, ਸਗੋਂ ਅਧਿਕਾਰੀ ਲੱਗਦਾ ਸੀ। ਉਹ ਬਣ-ਠਣ ਕੇ ਰਹਿੰਦਾ ਸੀ। ਅਨੁਵਾਦਕਾਂ ਦਾ ਕੀਤਾ ਅਨੁਵਾਦ ਨਿਬੰਧਕਾਰ ਦਰੁੱਸਤ ਕਰਦੇ ਸਨ। ਸੁਰਿੰਦਰ ਮੋਹਨ ਸਿੰਘ ਅਨੁਵਾਦ ਕਰਨ ਦੇ ਮਾਹਿਰ ਸਨ ਕਿਉਂਕਿ ਉਹ ਪਹਿਲਾਂ ਅਨੁਵਾਦਕ ਵੀ ਰਹੇ ਸਨ। ਉਨ੍ਹਾਂ ਦਾ ਸਾਡੇ ਸਾਰਿਆਂ ਨਾਲੋਂ ਤਜ਼ਰਬਾ ਜ਼ਿਆਦਾ ਸੀ। ਅਖੀਰ ਵਿਚ ਪੀ.ਆਰ.ਓ. ਪੰਜਾਬੀ ਅਨੁਵਾਦ ਦਰੁੱਸਤ ਕਰਕੇ ਆਪਣੀ ਮੋਹਰ ਲਾਉਂਦਾ ਸੀ। ਪੰਜਾਬੀ ਸ਼ਾਖਾ ਦੀ ਜਾਗ੍ਰਤੀ ਪੰਜਾਬੀ ਦੇ ਰਸਾਲੇ ਅਤੇ ਲੋਕ ਸੰਪਰਕ ਵਿਭਾਗ ਵੱਲੋਂ ਪ੍ਰਕਾਸ਼ਤ ਕੀਤੀ ਜਾਣ ਵਾਲੀ ਪੰਜਾਬੀ ਦੀ ਪ੍ਰਚਾਰ ਸਮੱਗਰੀ ਨੂੰ ਪ੍ਰਕਾਸ਼ਤ ਕਰਵਾਉਣ ਦੀ ਜ਼ਿੰਮੇਵਾਰੀ ਹੁੰਦੀ ਸੀ। ਰਸਾਲੇ ਵਿਚ ਕਿਹੜਾ ਮੈਟਰ ਪ੍ਰਕਾਸ਼ਤ ਕਰਨਾ ਹੈ, ਇਸ ਦੀ ਚੋਣ ਇਕੱਲਾ ਸੁਖਪਾਲਵੀਰ ਸਿੰਘ ਹਸਰਤ ਹੀ ਕਰਦਾ ਸੀ। ਮੈਟਰ ਦੀ ਚੋਣ ਵਿਚ ਉਹ ਹੋਰ ਕਿਸੇ 'ਤੇ ਵਿਸ਼ਵਾਸ ਨਹੀਂ ਕਰਦਾ ਸੀ। ਉਹ ਪੰਜਾਬੀ ਦਾ ਪ੍ਰਗਤੀਵਾਦੀ/ਸ਼ਕਤੀਵਾਦ ਲਹਿਰ ਦਾ ਮੰਨਿਆਂ ਪ੍ਰਮੰਨਿਆਂ ਕਵੀ ਸੀ, ਜਿਸ ਨੂੰ ਸਾਹਿਤ ਅਕਾਡਮੀ ਦਾ ਅਵਾਰਡ ਮਿਲਿਆ ਹੋਇਆ ਸੀ। ਸਹਾਇਕ ਸੰਪਾਦਕ ਅਤੇ ਪਰੂਫ ਰੀਡਰ ਦਾ ਕੰਮ ਪ੍ਰਿੰਟਿੰਗ ਪ੍ਰੈੱਸ ਵਿਚ ਜਾ ਕੇ ਰਸਾਲਾ ਪ੍ਰਕਾਸ਼ਤ ਕਰਵਾਉਣਾ ਹੁੰਦਾ ਸੀ। ਉਦੋਂ ਰਸਾਲਾ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ 18 ਸੈਕਟਰ ਦੀ ਸਰਕਾਰੀ ਪ੍ਰੈੱਸ ਵਿਚ ਪ੍ਰਕਾਸ਼ਤ ਹੁੰਦਾ ਸੀ। ਸਿੱਕੇ ਦੀ ਕੰਪੋਜ਼ਿੰਗ ਹੱਥ ਨਾਲ ਕੀਤੀ ਜਾਂਦੀ ਸੀ। ਉਦੋਂ ਕੰਪਿਊਟਰ ਅਜੇ ਆਏ ਨਹੀਂ ਸਨ। ਪ੍ਰੈੱਸ ਵਿਚ ਖੱਜਲ-ਖ਼ੁਆਰੀ ਬੜੀ ਹੁੰਦੀ ਸੀ। ਇਸ ਸ਼ਾਖਾ ਵਿਚ ਬਹੁਤ ਸਾਰੇ ਸਾਹਿਤਕਾਰ ਅਤੇ ਪ੍ਰੈੱਸਾਂ ਵਾਲੇ ਮਾਲਕ ਤੇ ਕਰਮਚਾਰੀ ਆਉਂਦੇ ਰਹਿੰਦੇ ਸਨ। ਇਸ ਲਈ ਉਨ੍ਹਾਂ ਦੀ ਆਓ ਭਗਤ ਲਈ ਚਾਹ-ਪਾਣੀ ਆਪਣੀ ਜੇਬ ਵਿਚੋਂ ਪਿਲਾਉਣਾ ਪੈਂਦਾ ਸੀ। ਹੁਣ ਤਾਂ ਸਰਕਾਰ ਚਾਹ-ਪਾਣੀ ਪਿਲਾਉਣ ਲਈ ਸਰਕਾਰੀ ਖ਼ਰਚੇ ਵਿਚੋਂ ਕਰਨ ਦੇ ਅਧਿਕਾਰ ਅਧਿਕਾਰੀਆਂ ਨੂੰ ਦਿੱਤੇ ਹੋਏ ਹਨ। ਸੁਖਪਾਲਵੀਰ ਸਿੰਘ ਹਸਰਤ ਬੜਾ ਕੰਜੂਸ ਕਿਸਮ ਦਾ ਅਧਿਕਾਰੀ ਸੀ। ਉਦੋਂ ਲੋਕ ਸੰਪਰਕ ਅਧਿਕਾਰੀ ਦੀ ਤਨਖ਼ਾਹ ਵੀ ਪੁਰਾਣੇ ਗਰੇਡ ਵਿਚ ਥੋੜ੍ਹੀ ਹੁੰਦੀ ਸੀ। ਉਹ ਪੰਜਾਬੀ ਦਾ ਕਵੀ ਹੋਣ ਕਰਕੇ, ਉਸ ਕੋਲ ਬਹੁਤ ਸਾਰੇ ਸਾਹਿਤਕਾਰ ਆਪਣੀਆਂ ਰਚਨਾਵਾਂ ਜਾਗ੍ਰਤੀ ਪੰਜਾਬੀ ਵਿਚ ਪ੍ਰਕਾਸ਼ਤ ਕਰਵਾਉਣ ਲਈ ਦੇਣ ਵਾਸਤੇ ਆਉਂਦੇ-ਜਾਂਦੇ ਰਹਿੰਦੇ ਸਨ। ਉਦੋਂ ਈ ਮੇਲ ਦਾ ਰਿਵਾਜ਼ ਨਹੀਂ ਹੁੰਦਾ ਸੀ। ਸਰਕਾਰੀ ਰਸਾਲਾ ਹੋਣ ਕਰਕੇ ਲੇਖਕਾਂ ਨੂੰ ਸੇਵਾ ਫਲ ਵੀ ਦਿੱਤਾ ਜਾਂਦਾ ਸੀ। ਜਿਸ ਕਰਕੇ ਬਹੁਤੇ ਸਾਹਿਤਕਾਰ ਸਰਕਾਰੀ ਰਸਾਲੇ ਵਿਚ ਰਚਨਾਵਾਂ ਪ੍ਰਕਾਸ਼ਤ ਕਰਵਾਉਣ ਦੇ ਚਾਹਵਾਨ ਆਉਂਦੇ ਰਹਿੰਦੇ ਸਨ। ਵੈਸੇ ਤਾਂ ਇਹ ਰਸਾਲਾ ਸਰਕਾਰੀ ਪ੍ਰਚਾਰ ਲਈ ਹੀ ਸ਼ੁਰੂ ਕੀਤਾ ਸੀ ਪ੍ਰੰਤੂ ਸੁਖਪਾਲਵੀਰ ਸਿੰਘ ਹਸਰਤ ਨੇ ਆਪਣਾ ਅਸਰ ਰਸੂਖ ਵਰਤਕੇ ਵਿਭਾਗ ਤੋਂ ਸਾਹਿਤਕ ਰਚਨਾਵਾਂ ਪ੍ਰਕਾਸ਼ਤ ਕਰਨ ਦੀ ਪ੍ਰਵਾਨਗੀ ਲੈ ਲਈ ਸੀ। ਉਸ ਦੀ ਦਲੀਲ ਵੀ ਵਾਜਬ ਸੀ ਕਿਉਂਕਿ ਪ੍ਰਚਾਰ ਸਮੱਗਰੀ ਨੂੰ ਲੋਕ ਪੜ੍ਹਦੇ ਨਹੀਂ, ਜੇਕਰ ਸਾਹਿਤਕ ਰਚਨਾਵਾਂ ਹੋਣਗੀਆਂ, ਤਾਂ ਲੋਕ ਪੜ੍ਹ ਲੈਣਗੇ। ਰਸਾਲੇ ਦੇ ਟਾਈਟਲ ਦੇ ਚਾਰੇ ਪੰਨਿਆਂ 'ਤੇ ਮੰਤਰੀਆਂ ਦੀਆਂ ਤਸਵੀਰਾਂ ਪ੍ਰਕਾਸ਼ਤ ਹੁੰਦੀਆਂ ਸਨ। ਸੁਖਪਾਲਵੀਰ ਸਿੰਘ ਹਸਰਤ ਨੇ ਟਾਈਟਲ ਦੇ ਪਹਿਲੇ ਅਤੇ ਚੌਥੇ ਪੰਨੇ 'ਤੇ ਕੋਈ ਹੋਰ ਦਿਲਚਸਪ ਤਸਵੀਰ ਪ੍ਰਕਾਸ਼ਤ ਕਰਨ ਦੀ ਵੀ ਪ੍ਰਵਾਨਗੀ ਲੈ ਲਈ ਸੀ। ਇਸ ਪ੍ਰਕਾਰ ਫੋਟੋਗ੍ਰਾਫਰ ਤਸਵੀਰਾਂ ਦੇਣ ਲਈ ਵੀ ਆਉਣ ਲੱਗ ਪਏ। ਜਾਣੀ ਕਿ ਪੰਜਾਬੀ ਸੈਕਸ਼ਨ ਵਿਚ ਕੋਈ ਨਾ ਕੋਈ ਮਹਿਮਾਨ ਆਇਆ ਹੀ ਰਹਿੰਦਾ ਸੀ। ਉਸ ਸਮੇਂ ਸਕੱਤਰੇਤ ਦੀ ਕੰਨਟੀਨ ਵਿਚ ਚਾਹ ਅਤੇ ਖਾਣ-ਪੀਣ ਦਾ ਸਾਮਾਨ ਸਬਸੀਡਾਈਜ਼ਡ ਦਰਾਂ 'ਤੇ ਬਹੁਤ ਹੀ ਸਸਤਾ ਹੁੰਦਾ ਸੀ। ਆਮ ਤੌਰ 'ਤੇ ਹਸਰਤ ਸਾਹਿਬ ਮਹਿਮਾਨਾਂ ਨੂੰ ਚਾਹ ਪਿਲਾਉਣ ਦੇ ਬਹੁਤਾ ਹੱਕ ਵਿਚ ਨਹੀਂ ਸਨ। ਜੇਕਰ ਪਿਲਾਉਣੀ ਪਵੇ, ਤਾਂ ਬਹੁਤੀ ਵਾਰ ਮਹਿਮਾਨਾਂ ਨੂੰ ਕੰਨਟੀਨ ਵਿਚ ਹੀ ਚਾਹ ਪਿਲਾਉਣ ਲਈ ਲੈ ਜਾਂਦੇ ਸਨ ਕਿਉਂਕਿ ਦਫ਼ਤਰ ਵਿਚ ਮੌਕੇ 'ਤੇ ਹੋਰ ਸਾਹਿਤਕਾਰ ਆ ਜਾਂਦੇ ਸਨ। ਕੰਨਟੀਨ ਵਿਚ ਉਸਦੀ ਕੋਸਿਸ਼ ਹੁੰਦੀ ਸੀ ਕਿ ਮਹਿਮਾਨ ਈ ਚਾਹ ਦੇ ਪੈਸੇ ਦੇ ਦੇਵੇ। ਅਸਲ ਵਿਚ ਉਦੋਂ ਪੀ.ਆਰ.ਓ. ਦੀ ਤਨਖ਼ਾਹ ਵੀ ਤਿੰਨ ਫਿਗਰਾਂ ਵਿਚ ਹੀ ਹੁੰਦੀ ਸੀ। ਦੇਸ ਰਾਜ ਸੇਵਾਦਾਰ ਵਾਰ-ਵਾਰ ਚਾਹ ਲੈਣ ਜਾਣ ਤੋਂ ਕੰਨੀ ਕਤਰਾਉਂਦਾ ਸੀ। ਉਹ ਦਫ਼ਤਰ ਤੋਂ ਬਾਹਰਲੇ ਲੋਕਾਂ ਨੂੰ ਆਪਣੇ ਆਪ ਨੂੰ ਅਧਿਕਾਰੀ ਹੀ ਦੱਸਦਾ ਸੀ। ਉਨ੍ਹਾਂ ਦਿਨਾਂ ਵਿਚ ਸਰਕਾਰੀ ਕੰਨਟੀਨ ਵਿਚ ਚਾਹ ਦਾ ਕੱਪ 10 ਪੈਸੇ, ਹਾਫਸੈਟ 40 ਪੈਸੇ, ਫੁਲ ਸੈਟ 60 ਪੈਸੇ, ਸਮੋਸਾ, ਬੇਸਣ, ਗੁਲਾਬ ਜਾਮਣ, ਜਲੇਬੀਆਂ ਆਦਿ ਵੀ ਬਹੁਤ ਘੱਟ ਦਰਾਂ 20-20 ਪੈਸੇ ਦੀਆਂ ਹੀ ਮਿਲਦੀਆਂ ਸਨ। ਸੇਵਾਦਾਰ ਦੇਸ ਰਾਜ ਅੱਕਿਆ ਰਹਿੰਦਾ ਸੀ। ਕਈ ਵਾਰੀ ਚਾਹ ਪਾਣੀ ਲੈਣ ਗਿਆ ਮਹਿਮਾਨਾਂ ਦੇ ਜਾਣ ਤੋਂ ਬਾਅਦ ਆਉਂਦਾ ਸੀ, ਤਾਂ ਜੋ ਉਸ ਨੂੰ ਚਾਹ ਲੈਣ ਲਈ ਅੱਗੇ ਤੋਂ ਭੇਜਿਆ ਨਾ ਜਾਵੇ। ਦੇਸ ਰਾਜ ਦਾ ਬਹਾਨਾਂ ਇਹ ਹੁੰਦਾ ਸੀ ਕਿ ਕੰਨਟੀਨ ਵਿਚ ਭੀੜ ਬਹੁਤ ਸੀ। ਸੁਖਪਾਲਵੀਰ ਸਿੰਘ ਹਸਰਤ ਸਾਹਿਬ ਦੀ ਵੀ ਕੋਸ਼ਿਸ਼ ਹੁੰਦੀ ਸੀ ਕਿ ਦੇਸ ਰਾਜ ਨੂੰ ਚਾਹ ਲੈਣ ਭੇਜਿਆ ਨਾ ਜਾਵੇ। ਸਾਰੇ ਸੇਵਾਦਾਰ ਚੰਡੀਗੜ੍ਹ ਦੇ ਆਸ-ਪਾਸ ਦੇ ਪਿੰਡਾਂ ਦੇ ਸਨ। ਪੰਜਾਬੀ ਸੈਕਸ਼ਨ ਵਿਚ ਹੋਰ ਕੋਈ ਸੇਵਾਦਾਰ ਆਉਣ ਨੂੰ ਤਿਆਰ ਹੀ ਨਹੀਂ ਸੀ। ਸਵੇਰੇ ਪਹਿਲਾਂ ਉਹ ਆਪੋ ਆਪਣੇ ਪਿੰਡਾਂ ਤੋਂ ਦੁੱਧ ਅਤੇ ਸਬਜ਼ੀਆਂ ਲੈ ਕੇ ਵੱਡੇ ਪ੍ਰਬੰਧਕੀ ਅਧਿਕਾਰੀਆਂ ਦੇ ਘਰਾਂ ਵਿਚ ਦੇ ਕੇ ਆਉਂਦੇ ਸਨ ਅਤੇ ਉਨ੍ਹਾਂ ਦੀਆਂ ਸਿਫ਼ਾਰਸ਼ਾਂ ਨਾਲ ਹੀ ਭਰਤੀ ਹੋਏ ਹੁੰਦੇ ਸਨ। ਸਰਕਾਰੀ ਨੌਕਰੀ ਤਾਂ ਉਹ ਰੂੰਘੇ ਵਿਚ ਹੀ ਕਰਦੇ ਸਨ। ਇਸ ਲਈ ਉਹ ਬਹੁਤਾ ਵਿਭਾਗ ਦੇ ਅਧਿਕਾਰੀਆਂ ਨੂੰ ਗੌਲਦੇ ਨਹੀਂ ਸਨ। ਇਕ ਦਿਨ ਸੁਖਪਾਲਵੀਰ ਸਿੰਘ ਹਸਰਤ ਕੋਲ ਪ੍ਰਿੰਸੀਪਲ ਤਖ਼ਤ ਸਿੰਘ ਗ਼ਜ਼ਲਗੋ ਅਤੇ ਇਕ ਹੋਰ ਦੋ ਵੱਡੇ ਸਾਹਿਤਕਾਰ ਆ ਗਏ। ਹਸਰਤ ਸਾਹਿਬ ਨੇ ਦੇਸ ਰਾਜ ਨੂੰ ਬੁਲਾਇਆ ਅਤੇ ਪੰਜ ਰੁਪਏ ਦਾ ਨੋਟ ਦੇ ਕੇ ਕਿਹਾ ਕਿ ਚਾਹ ਅਤੇ ਖਾਣ ਲਈ ਸਮੋਸੇ ਤੇ ਮਿੱਠਾ ਲੈ ਆ। ਦੇਸ ਰਾਜ ਜਦੋਂ ਕਾਫੀ ਦੇਰ ਨਾ ਆਇਆ, ਤਾਂ ਹਸਰਤ ਨੇ ਆਪਣੇ ਬਜ਼ੁਰਗ ਸਟੈਨੋ ਗੁਰਦਾਸ ਸਿੰਘ ਨੂੰ ਦੇਸ ਰਾਜ ਦਾ ਪਤਾ ਕਰਨ ਲਈ ਭੇਜਿਆ। ਜਦੋਂ ਦੇਸ ਰਾਜ ਆਇਆ, ਤਾਂ ਉਸ ਨੇ ਦੋ ਵੱਡੇ ਲਿਫਾਫੇ ਮੇਜ 'ਤੇ ਰੱਖ ਦਿੱਤੇ ਅਤੇ ਚਾਹ ਕੱਪਾਂ ਵਿਚ ਪਾਉਣ ਲੱਗ ਪਿਆ। ਸੁਖਪਾਲਵੀਰ ਸਿੰਘ ਹਸਰਤ ਲਿਫਾਫੇ ਵੇਖ ਕੇ ਅੱਗ ਬਬੂਲਾ ਹੋ ਗਿਆ ਕਿਉਂਕਿ ਦੇਸ ਰਾਜ ਚਾਹ ਦਾ ਫੁਲਸੈਟ ਅਤੇ ਬਾਕੀ ਸਾਰੇ ਪੈਸਿਆਂ ਦੇ 11-11 ਸਮੋਸੇ ਅਤੇ ਮੱਠੀਆਂ ਲੈ ਆਇਆ ਸੀ। ਦੇਸ ਰਾਜ ਨੇ ਕਿਹਾ ਕਿ ਤੁਸੀਂ ਤਾਂ ਚਾਹ ਅਤੇ ਸਮੋਸੇ ਲਿਆਉਣ ਲਈ ਕਿਹਾ ਸੀ, ਮੈਂ ਲੈ ਆਇਆ, ਤੁਸੀਂ ਇਹ ਤਾਂ ਨਹੀਂ ਕਿਹਾ ਕਿ ਕਿਤਨੇ ਲਿਆਉਣੇ ਹਨ। ਮੈਂ ਤਾਂ ਸਮੋਸੇ ਬਣਵਾ ਕੇ ਲਿਆਇਆ ਹਾਂ, ਤਾਂ ਹੀ ਦੇਰੀ ਹੋ ਗਈ। ਬੇਸਣ ਖ਼ਤਮ ਹੋ ਗਿਆ ਸੀ, ਇਸ ਕਰਕੇ ਮੈਂ ਮੱਠੀਆਂ ਲੈ ਕੇ ਆਇਆ ਹਾਂ। ਪਹਿਲੀ ਵਾਰੀ ਸਾਰੀ ਪੰਜਾਬੀ ਸੈਕਸ਼ਨ ਨੂੰ ਸੁਖਪਾਲਵੀਰ ਸਿੰਘ ਹਸਰਤ ਨੇ ਦੇਸ ਰਾਜ ਦੀ ਬਦਨੀਤੀ ਕਰਕੇ ਸਮੋਸੇ ਅਤੇ ਮੱਠੀਆਂ ਖਿਲਾਈਆਂ।

ਸਫਾ 1 ਦਾ ਬਾਕੀ

## ਵੱਡੇ ਆਗੂਆਂ ਨੂੰ ਹਲਕੇ ਬਦਲ ਕੇ ਅਜ਼ਮਾਇਆ ਜਾ ਰਿਹੈ ਚੋਣਾਂ 'ਚ...

ਹੈ, ਜੋ ਕਿ ਭੁਲੱਥ ਹਲਕੇ ਦੇ ਰਹਿਣ ਵਾਲੇ ਹਨ। ਸਿਮਰਨਜੀਤ ਸਿੰਘ ਮਾਨ ਦੀ ਜੱਦੀ ਰਿਹਾਇਸ਼ ਹਲਕਾ ਫ਼ਤਿਹਗੜ੍ਹ ਸਾਹਿਬ ਵਿਚ ਹੈ ਪਰ ਚੋਣ ਉਹ ਸੰਗਰੂਰ ਹਲਕੇ ਤੋਂ ਲੜ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਇਕਬਾਲ ਸਿੰਘ ਝੂੰਦਾ ਦੀ ਰਿਹਾਇਸ਼ ਵੀ ਫ਼ਤਿਹਗੜ੍ਹ ਸਾਹਿਬ ਹਲਕੇ ਵਿਚ ਪੈਂਦੀ ਹੈ, ਜਦੋਂ ਕਿ ਚੋਣ ਉਹ ਸੰਗਰੂਰ ਹਲਕੇ ਤੋਂ ਲੜ ਰਹੇ ਹਨ। 'ਆਪ' ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਨੇ ਪਿਛਲੇ ਦਿਨਾਂ ਵਿਚ ਸੁਖਪਾਲ ਖਹਿਰਾ ਨੂੰ ਚੁਣੌਤੀ ਦਿੱਤੀ ਸੀ ਕਿ ਉਹ ਹਲਕੇ ਦੇ ਦਸ ਪਿੰਡਾਂ ਦੇ ਨਾਮ ਲੈ ਕੇ ਦਿਖਾਵੇ। ਆਨੰਦਪੁਰ ਸਾਹਿਬ ਹਲਕੇ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਹਾਲਾਂਕਿ ਚੰਦੂਮਾਜਰਾ ਇੱਥੋਂ ਪਹਿਲਾਂ ਇੱਕ ਵਾਰ ਚੋਣ ਜਿੱਤੇ ਚੁੱਕੇ ਹਨ ਪ੍ਰੰਤੂ ਉਨ੍ਹਾਂ ਦੀ ਰਿਹਾਇਸ਼ ਲੋਕ ਸਭਾ ਹਲਕਾ ਪਟਿਆਲਾ ਵਿਚ ਪੈਂਦੀ ਹੈ। ਇਸੇ ਤਰ੍ਹਾਂ ਕਾਂਗਰਸ ਨੇ ਹਲਕਾ ਅਨੰਦਪੁਰ ਸਾਹਿਬ ਤੋਂ ਸਾਬਕਾ ਮੰਤਰੀ ਵਿਜੇ ਇੰਦਰ ਸਿੰਗਲਾ ਨੂੰ ਉਮੀਦਵਾਰ ਬਣਾਇਆ ਹੈ, ਜੋ ਹਲਕੇ ਤੋਂ ਬਾਹਰਲੇ ਹਨ। ਹਲਕਾ ਫ਼ਰੀਦਕੋਟ ਵਿਚ ਵੀ ਬਾਹਰਲੇ ਉਮੀਦਵਾਰ ਹਨ। ਭਾਜਪਾ ਨੇ ਹਲਕਾ ਫ਼ਰੀਦਕੋਟ ਤੋਂ ਜਲੰਧਰ ਦੇ ਬਾਸ਼ਿੰਦੇ ਹੰਸ ਰਾਜ ਹੰਸ ਨੂੰ ਉਮੀਦਵਾਰ ਬਣਾਇਆ ਹੈ ਅਤੇ ਆਮ ਆਦਮੀ ਪਾਰਟੀ ਨੇ ਸੰਗਰੂਰ ਜ਼ਿਲ੍ਹੇ ਦੇ ਵਸਨੀਕ ਕਰਮਜੀਤ ਅਨਮੋਲ ਨੂੰ ਫ਼ਰੀਦਕੋਟ ਤੋਂ ਟਿਕਟ ਦਿੱਤੀ ਹੈ।

ਕਰਮਜੀਤ ਅਨਮੋਲ ਹਲਕਾ ਫ਼ਰੀਦਕੋਟ ਨਾਲ ਆਪਣਾ ਨਾਤਾ ਜੋੜਦਾ ਹੈ ਅਤੇ ਹਲਕੇ ਦੇ ਪਿੰਡ ਜਲਾਲ ਦਾ ਦੋਹਤਾ ਹੋਣ ਦੀ ਗੱਲ ਸਟੇਜਾਂ ਤੋਂ ਕਰਦਾ ਹੈ। ਜਦੋਂ ਸਿਆਸੀ ਧਿਰਾਂ ਨੂੰ ਕੋਈ ਉਮੀਦਵਾਰ ਲੱਭਦਾ ਨਹੀਂ ਤਾਂ ਬਾਹਰਲੇ ਉਮੀਦਵਾਰ ਦਾ ਸਹਾਰਾ ਲੈਣਾ ਪੈਂਦਾ ਹੈ। ਸਿਆਸੀ ਮਾਹਿਰ ਆਖਦੇ ਹਨ ਕਿ ਅਗਰ ਹਲਕੇ ਦਾ ਉਮੀਦਵਾਰ ਚੋਣਾਂ ਵਿਚ ਉਤਾਰਿਆ ਜਾਂਦਾ ਹੈ, ਤਾਂ ਘੱਟੋ ਘੱਟ ਲੋਕਾਂ ਦੀ ਉਮੀਦਵਾਰ ਤੱਕ ਪਹੁੰਚ ਤਾਂ ਬਣੀ ਰਹਿੰਦੀ ਹੈ ਅਤੇ ਉਮੀਦਵਾਰ ਦਾ ਚੋਣਾਂ ਜਿੱਤਣ ਮਗਰੋਂ ਹਲਕੇ ਨਾਲ ਇੱਕ ਭਾਵੁਕ ਲਗਾਓ ਵੀ ਬਣਿਆ ਰਹਿੰਦਾ ਹੈ। ਬਾਹਰਲੇ ਜੇਤੂ ਰਹੇ ਉਮੀਦਵਾਰਾਂ ਬਾਰੇ ਅਕਸਰ ਇਹੋ ਸ਼ਿਕਾਇਤ ਰਹਿੰਦੀ ਹੈ ਕਿ ਉਨ੍ਹਾਂ ਨੇ ਜਿੱਤਣ ਮਗਰੋਂ ਹਲਕੇ ਵਿਚ ਕਦੇ ਮੂੰਹ ਨਹੀਂ ਦਿਖਾਇਆ।

ਸਫਾ 1 ਦਾ ਬਾਕੀ

## ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ

ਵਿਚ ਕੁੱਲ 40 ਅੰਤਰਰਾਸ਼ਟਰੀ ਅਤੇ 95 ਘਰੇਲੂ ਹਵਾਈ ਅੱਡੇ ਸ਼ਾਮਲ ਹਨ।

ਹਵਾਈ ਅੱਡੇ 'ਤੋਂ ਜਹਾਜ਼ਾਂ ਦੀ ਆਵਾਜਾਈ ਵਿਚ ਵੀ 10.9 ਫੀਸਦੀ ਵਾਧਾ ਹੋਇਆ, ਜੋ ਕਿ ਵਿੱਤੀ ਸਾਲ 2022-23 ਦੌਰਾਨ ਕੁੱਲ 19,251 ਤੋਂ ਵਧ ਕੇ ਵਿੱਤੀ ਸਾਲ 2023-24 ਦੌਰਾਨ 21,648 ਹੋ ਗਈ। ਯਾਤਰੀ ਅਤੇ ਹਵਾਈ ਜਹਾਜ਼ਾਂ ਦੀ ਆਵਾਜਾਈ ਵਿਚ ਇਹ ਵਾਧਾ ਸ਼ੁਰੂ ਹੋਈਆਂ ਨਵੀਆਂ ਅੰਤਰਰਾਸ਼ਟਰੀ ਤੇ ਘਰੇਲੂ ਉਡਾਣਾਂ ਅਤੇ ਪਹਿਲਾਂ ਤੋਂ ਹੀ ਚੱਲ ਰਹੀਆਂ ਉਡਾਣਾਂ 'ਚ ਵੱਧ ਯਾਤਰੀਆਂ ਵੱਲੋਂ ਸਫਰ ਕਾਰਨ ਹੋਇਆ ਹੈ। ਗੁਮਟਾਲਾ ਨੇ ਅੱਗੇ ਦੱਸਿਆ ਕਿ ਮਾਰਚ 2024 ਵਿਚ, ਅੰਮ੍ਰਿਤਸਰ ਹਵਾਈ ਅੱਡੇ ਤੋਂ ਕੁੱਲ 3,16,495 ਯਾਤਰੀਆਂ ਨੇ ਉਡਾਣ ਭਰੀ, ਜਿਸ ਵਿਚ 2,17,495 ਘਰੇਲੂ ਅਤੇ 99,000 ਅੰਤਰਰਾਸ਼ਟਰੀ ਯਾਤਰੀ ਸਨ। ਇਹ ਗਿਣਤੀ ਮਾਰਚ 2023 ਦੇ ਮੁਕਾਬਲੇ 22.6 ਫੀਸਦੀ ਵੱਧ ਹੈ। ਅੰਕੜਿਆਂ ਤੋਂ ਸਾਹਮਣੇ ਆਇਆ ਕਿ ਏਅਰਪੋਰਟ ਦੇ ਇਤਿਹਾਸ ਵਿਚ ਦਸੰਬਰ 2023 ਵਿਚ 3,38,512 ਯਾਤਰੀਆਂ ਤੋਂ ਬਾਦ ਇਹ ਦੂਜੀ ਸਭ ਤੋਂ ਵੱਡੀ ਗਿਣਤੀ ਹੈ।

ਵਰਤਮਾਨ ਵਿਚ ਅੰਮ੍ਰਿਤਸਰ ਹਵਾਈ ਅੱਡੇ ਦਾ ਸੰਪਰਕ ਦੁਬਈ, ਸ਼ਾਰਜਾਹ, ਦੋਹਾ, ਰੋਮ, ਮਿਲਾਨ, ਲੰਡਨ ਗੈਟਵਿਕ, ਬਰਮਿੰਘਮ, ਸਿੰਗਾਪੁਰ ਅਤੇ ਕੁਆਲਾਲੰਪੁਰ ਸਮੇਤ 9 ਅੰਤਰਰਾਸ਼ਟਰੀ ਅਤੇ 13 ਘਰੇਲੂ ਹਵਾਈ ਅੱਡਿਆਂ ਨਾਲ ਜੁੜਿਆ ਹੋਇਆ ਹੈ। ਇੱਥੋਂ ਰੋਜ਼ਾਨਾ ਔਸਤਨ 10,000 ਤੋਂ ਵੱਧ ਯਾਤਰੀ ਉਡਾਣਾਂ ਲੈਂਦੇ ਹਨ ਅਤੇ ਲਗਭਗ 65 ਉਡਾਣਾਂ ਦੀ ਰਵਾਨਗੀ ਅਤੇ ਆਮਦ ਹੁੰਦੀ ਹੈ।

ਗੁਮਟਾਲਾ ਨੇ ਹਵਾਈ ਅੱਡੇ ਤੋਂ ਯਾਤਰੀਆਂ ਦੀ ਆਵਾਜਾਈ 30 ਲੱਖ ਪਾਰ ਕਰਨ ਨਾਲ ਇਹ ਆਸ ਪ੍ਰਗਟਾਈ ਕਿ ਇੱਥੋਂ ਹੁਣ ਹੋਰ ਏਅਰਲਾਈਨਾਂ ਵੀ ਆਕਰਸ਼ਿਤ ਹੋਣਗੀਆਂ। ਉਨ੍ਹਾਂ ਨੇ ਇਸ ਮੀਲ ਪੱਥਰ ਨੂੰ ਹਾਸਲ ਕਰਨ ਵਿਚ ਸਹਿਯੋਗ ਦੇਣ ਲਈ ਯਾਤਰੀਆਂ, ਵਿਦੇਸ਼ ਵੱਸਦੇ ਪੰਜਾਬੀ ਭਾਈਚਾਰੇ, ਏਅਰਲਾਈਨ ਅਤੇ ਏਅਰਪੋਰਟ ਅਥਾਰਟੀ ਸਮੇਤ ਸਾਰੇ ਹਿੱਸੇਦਾਰਾਂ ਦਾ ਧੰਨਵਾਦ ਕੀਤਾ।

ਵਾਧੇ ਦੇ ਨਾਲ-ਨਾਲ, ਗੁਮਟਾਲਾ ਨੇ ਪੰਜਾਬ ਦੇ ਹੋਰ ਸ਼ਹਿਰਾਂ ਨਾਲ ਬੱਸ ਸੇਵਾ ਸ਼ੁਰੂ ਕਰਨ ਦੀ ਲੰਮੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਉਜਾਗਰ ਕੀਤਾ, ਜਿਸ ਨੂੰ ਰਾਜ ਸਰਕਾਰ ਨੇ ਅਜੇ ਤੱਕ ਪੂਰਾ ਨਹੀਂ ਕੀਤਾ ਹੈ। ਉਨ੍ਹਾਂ ਨਿਰਾਸ਼ਾ ਪ੍ਰਗਟ ਕੀਤੀ ਕਿ ਬੱਸ ਸੇਵਾ ਸ਼ੁਰੂ ਕਰਨ ਦੀ ਬਜਾਏ ਪੰਜਾਬ ਦੀ ਮਾਨ ਸਰਕਾਰ ਪੰਜਾਬ ਦੇ ਸ਼ਹਿਰਾਂ ਤੋਂ ਦਿੱਲੀ ਹਵਾਈ ਅੱਡੇ ਤੱਕ ਬੱਸ ਸੰਪਰਕ ਨੂੰ ਵਧਾ ਅਤੇ ਉਤਸ਼ਾਹਤ ਕਰ ਰਹੀ ਹੈ।

ਸਫਾ 1 ਦਾ ਬਾਕੀ

## ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਵਟਸਐਪ...

ਤਰੀਕਾਂ, ਵੱਖ-ਵੱਖ ਅੰਕੜੇ ਅਤੇ ਲੋਕ ਸਭਾ ਚੋਣਾਂ-2024 ਨਾਲ ਸਬੰਧਤ ਹੋਰ ਬਹੁਤ ਸਾਰੀਆਂ ਜਾਣਕਾਰੀਆਂ ਸ਼ਾਮਲ ਹਨ। ਇਸ ਤੋਂ ਇਲਾਵਾ ਇਹ ਚੈਨਲ 'ਇਸ ਵਾਰ 70 ਪਾਰ' ਦੇ ਟੀਚੇ ਦੀ ਪ੍ਰਾਪਤੀ ਲਈ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਵੱਲੋਂ ਕੀਤੀਆਂ ਮਹੱਤਵਪੂਰਨ ਪਹਿਲਕਦਮੀਆਂ ਨੂੰ ਵੀ ਵੋਟਰਾਂ ਤੱਕ ਪੁੱਜਦਾ ਕਰੇਗਾ।

ਇਹ ਉਪਰਾਲਾ ਜਨਤਕ ਸ਼ਮੂਲੀਅਤ ਲਈ ਤਕਨਾਲੋਜੀ ਦਾ ਲਾਭ ਉਠਾਉਣ ਲਈ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਦੇ ਪਹਿਲਾਂ ਤੋਂ ਜਾਰੀ ਯਤਨਾਂ ਦਾ ਹਿੱਸਾ ਹੈ। ਸਿਬਿਨ ਸੀ ਨੇ ਦੱਸਿਆ ਕਿ ਜਾਣਕਾਰੀ ਅਤੇ ਹੋਰ ਗਤੀਵਿਧੀਆਂ ਦਾ ਪ੍ਰਸਾਰ ਕਰਨ ਅਤੇ ਵੋਟਰਾਂ ਦੇ ਸਵਾਲਾਂ ਦਾ ਜਵਾਬ ਦੇਣ ਲਈ ਇਸ ਤੋਂ ਪਹਿਲਾਂ ਨਿਯਮਤ ਪੋਡਕਾਸਟ ਸ਼ੁਰੂ ਕੀਤਾ ਗਿਆ ਹੈ ਅਤੇ "ਫੇਸਬੁੱਕ ਲਾਈਵ" ਸੈਸ਼ਨ ਵੀ ਕਰਵਾਏ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਵੱਲੋਂ @TheCEOPunjab ਹੈਂਡਲ ਨਾਲ ਫੇਸਬੁੱਕ, ਐਕਸ, ਇੰਸਟਾਗ੍ਰਾਮ ਅਤੇ ਯੂਟਿਊਬ ਚੈਨਲ ਵੀ ਚਲਾਏ ਜਾ ਰਹੇ ਹਨ। ਸਿਬਿਨ ਸੀ ਨੇ ਵਟਸਐਪ ਵਰਤਣ ਵਾਲਿਆਂ ਨੂੰ ਲੋਕ ਸਭਾ ਚੋਣਾਂ 2024 ਬਾਰੇ ਨਿਯਮਤ ਅਤੇ ਪ੍ਰਮਾਣਿਕ ਅੱਪਡੇਟ ਪ੍ਰਾਪਤ ਕਰਨ ਲਈ ਅਧਿਕਾਰਤ ਚੈਨਲ ਨਾਲ ਜੁੜਨ ਦੀ ਅਪੀਲ ਕੀਤੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਵਟਸਐਪ ਵਰਤਣ ਵਾਲਿਆਂ ਨੂੰ ਵੱਧ ਤੋਂ ਵੱਧ ਜਾਗਰੂਕਤਾ ਪੈਦਾ ਕਰਨ ਲਈ ਇਸ ਚੈਨਲ ਦੀ ਜਾਣਕਾਰੀ ਨੂੰ ਹੋਰ ਸਮੂਹਾਂ ਵਿੱਚ ਸਾਂਝਾ ਕਰਨ ਦੀ ਅਪੀਲ ਵੀ ਕੀਤੀ ਹੈ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਚੋਣਾਂ ਤੋਂ ਨਤੀਜੇ ਆਉਣ ਤੱਕ ਦਾ ਸਫ਼ਰ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
(Punjab Mail USA)





ਚੋਣਾਂ ਦਾ ਐਲਾਨ ਹੁੰਦੇ ਸਾਰ ਲੀਡਰਾਂ ਵਿਚ ਅਦਭੁੱਤ ਤਾਕਤ ਤੇ ਚੁਸਤੀ-ਫੁਰਤੀ ਆ ਜਾਂਦੀ ਹੈ। ਪਾਰਟੀ ਦੀ ਟਿਕਟ ਮਿਲਦੇ ਸਾਰ ਬਿਮਾਰ, ਬੁੱਢੇ ਤੇ ਮਰਨ ਕਿਨਾਰੇ ਪਏ ਨੇਤਾ ਵੀ 20 ਸਾਲ ਦੇ ਨੌਜਵਾਨਾਂ ਵਾਂਗ ਛਾਲਾਂ ਮਾਰਨ ਲੱਗ ਜਾਂਦੇ ਹਨ। ਪਿਛਲੀ ਚੋਣ ਨੂੰ ਆਪਣੀ ਆਖਰੀ ਚੋਣ ਕਹਿਣ ਵਾਲੇ ਦੁਬਾਰਾ ਚਿੱਟੇ ਕੁੜਤੇ ਪਜ਼ਾਮੇ ਪਹਿਨ ਕੇ ਚੋਣ ਜੰਗ ਵਿਚ ਡੱਟ ਜਾਂਦੇ ਹਨ। ਕਿਰਲੇ ਵਾਂਗ ਆਕੜੀਆਂ ਧੌਣਾਂ ਕਮਾਨ ਵਾਂਗ ਦੋਹਰੀਆਂ ਹੋ ਕੇ ਵੋਟਰ ਬਾਦਸ਼ਾਹ ਦੇ ਚਰਨਾਂ ਵਿਚ ਝੁੱਕ ਜਾਂਦੀਆਂ ਹਨ ਤੇ ਜ਼ੁਬਾਨ ਵਿਚ ਮਿਸ਼ਰੀ ਘੁਲ ਜਾਂਦੀ ਹੈ। ਲੋਕਾਂ ਨੂੰ ਟੁੱਟ-ਟੁੱਟ ਕੇ ਪੈਣ ਵਾਲੇ ਮੰਤਰੀ ਗੁੜ ਬਣ ਜਾਂਦੇ ਹਨ। ਭਾਰਤ ਵਿਚ ਚੋਣਾਂ ਹਮੇਸ਼ਾਂ ਦੋ ਚਰਨਾਂ ਵਿਚ ਹੁੰਦੀਆਂ ਹਨ, ਵੋਟਾਂ ਤੋਂ ਪਹਿਲਾਂ ਲੀਡਰ ਵੋਟਰ ਦੇ ਚਰਨਾਂ ਵਿਚ ਤੇ ਵੋਟਾਂ ਤੋਂ ਬਾਅਦ ਵੋਟਰ ਲੀਡਰ ਦੇ ਚਰਨਾਂ ਵਿਚ। ਹਰੇਕ ਪਾਰਟੀ ਚੁਣਾਵੀਂ ਜੰਗ ਜਿੱਤਣ ਦੀਆਂ ਤਿਆਰੀਆਂ ਕੱਸ ਲੈਂਦੀ ਹੈ। ਅਣਗੌਲੇ, ਤੋੜ-ਮਰੋੜ ਕੇ ਨੁੱਕਰਾਂ ਵਿਚ ਸੁੱਟੇ ਜੰਗਾਲ ਲੱਗੇ ਵਰਕਰਾਂ ਦਾ ਦੁਬਾਰਾ ਮੁੱਲ ਪੈਣਾ ਸ਼ੁਰੂ ਹੋ ਜਾਂਦਾ ਹੈ। ਰੁੱਸਿਆਂ ਨੂੰ ਦਸ ਰੁਪਏ ਦਾ ਪਲਾਸਟਿਕ ਦੇ ਫੁੱਲਾਂ ਵਾਲਾ ਹਾਰ ਪਹਿਨਾ ਕੇ ਤੇ ਪਾਰਟੀ ਦੀ ਇੱਜ਼ਤ ਦਾ ਵਾਸਤਾ ਦੇ ਕੇ ਕੁਝ ਦਿਨਾਂ ਲਈ ਦੁਬਾਰਾ ਗਲ ਨਾਲ ਲਗਾਇਆ ਜਾਂਦਾ ਹੈ।

ਸਭ ਤੋਂ ਵੱਧ ਮੌਜ ਦਲ ਬਦਲੂਆਂ ਦੀ ਲੱਗਦੀ ਹੈ। ਕਈ ਅਜਿਹੇ ਲੀਡਰ ਹੁੰਦੇ ਹਨ, ਜਿਨ੍ਹਾਂ ਦੀ ਆਪਣੀ ਪੁਰਾਣੀ ਪਾਰਟੀ ਦੀ ਹਾਰ ਹੁੰਦੇ ਸਾਰ ਆਤਮਾ ਜਾਗ ਪੈਂਦੀ ਹੈ ਤੇ ਉਹ ਸੱਤਾ ਵਿਚ ਆਈ ਪਾਰਟੀ ਵਿਚ ਸ਼ਾਮਲ ਹੋ ਜਾਂਦੇ ਹਨ। ਭਾਵੇਂ ਕਿ ਉਨ੍ਹਾਂ ਨੇ ਪੁਰਾਣੀ ਪਾਰਟੀ ਵਿਚ ਰੱਜ ਕੇ ਅਹੁਦੇ ਤੇ ਹੋਰ ਮੌਜਾਂ ਲੁੱਟੀਆਂ ਹੁੰਦੀਆਂ ਹਨ। ਪਰ ਪੰਜ ਸਾਲ ਨਵੀਂ ਪਾਰਟੀ ਵਿੱਚ ਮੌਜਾਂ ਮਾਨਣ ਅਤੇ ਪੁਰਾਣੀ ਪਾਰਟੀ ਨੂੰ ਰੱਜ ਕੇ ਗਾਲ੍ਹਾਂ ਕੱਢਣ ਤੋਂ ਬਾਅਦ ਅਗਲੀਆਂ ਚੋਣਾਂ ਵਿਚ ਫਿਰ ਉਨ੍ਹਾਂ ਦੀ ਆਤਮਾ ਜਾਗ ਪੈਂਦੀ ਹੈ ਤੇ ਉਹ ਦੁਬਾਰਾ ਸ਼ਾਨ ਨਾਲ ਪੁਰਾਣੀ ਪਾਰਟੀ ਵੱਲ ਪਰਤ ਆਉਂਦੇ ਹਨ। ਪਾਰਟੀਆਂ ਦੇ ਪ੍ਰਧਾਨ ਵੀ ਐਨੇ ਬੇਸ਼ਰਮ ਹਨ ਕਿ ਫੌਰਨ ਉਨ੍ਹਾਂ ਨੂੰ ਗਲ ਨਾਲ ਲਾ ਕੇ ਟਿਕਟ ਨਾਲ ਨਿਵਾਜ਼ ਦਿੰਦੇ ਹਨ। ਇਨ੍ਹਾਂ ਲੋਕ ਸਭਾ ਚੋਣਾਂ ਵਿਚ ਕਈ ਮਹਾਂਰਥੀਆਂ ਨੇ ਤਾਂ ਇੱਕ ਹਫਤੇ ਵਿਚ ਤਿੰਨ-ਤਿੰਨ ਪਾਰਟੀਆਂ ਬਦਲੀਆਂ ਹਨ।

ਕਈ ਸਾਲ ਪਹਿਲਾਂ ਮੈਂ ਇੱਕ ਸਬ ਡਵੀਜ਼ਨ ਵਿਚ ਡੀ.ਐੱਸ.ਪੀ. ਲੱਗਾ ਹੋਇਆ ਸੀ। ਬਾਵਾ ਸਿੰਘ ਨਾਮ (ਨਾਮ ਬਦਲਿਆ ਹੋਇਆ) ਦਾ ਇੱਕ ਬੰਦਾ ਉਥੇ ਕਿਸੇ ਪਿੰਡ ਦਾ ਸਰਪੰਚ ਸੀ ਤੇ ਬਹੁਤ ਹੀ ਪੁਆੜੇ ਹੱਥਾ ਅਤੇ ਘਟੀਆ ਕਿਸਮ ਦਾ ਇਨਸਾਨ ਸੀ। ਉਸ ਨੇ ਆਪਣੇ ਵਿਰੋਧੀਆਂ ਨੂੰ ਰੱਜ ਕੇ ਤੰਗ ਕੀਤਾ ਤੇ ਕਈ ਨਾਜਾਇਜ਼ ਪਰਚਿਆਂ ਵਿਚ ਫਸਾਇਆ। ਜਦੋਂ ਵਿਧਾਨ ਸਭਾ ਦੀ ਚੋਣ ਆਈ ਤਾਂ ਬਾਵਾ ਸਿੰਘ ਦੀ ਪਾਰਟੀ ਹਾਰ ਗਈ। ਵਿਰੋਧੀ ਧਿਰ ਨੇ ਸੋਚਿਆ ਕਿ ਚਲੋ ਹੁਣ ਇਸ ਤੋਂ ਖਹਿੜਾ ਛੁੱਟ ਜਾਵੇਗਾ। ਪਰ ਬਾਵਾ ਸਿੰਘ ਨੇ ਸਾਰੀ ਪੰਚਾਇਤ ਸਮੇਤ ਨਵੇਂ ਐੱਮ.ਐੱਲ.ਏ. ਦੇ ਪੈਰ ਜਾ ਫੜ੍ਹੇ ਤੇ ਵਿਰੋਧੀਆਂ ਦੇ ਦੁਬਾਰਾ ਬੁਰੇ ਦਿਨ ਆ ਗਏ। ਹਾਰ ਕੇ ਇੱਕ ਦਿਨ ਉਨ੍ਹਾਂ ਨੇ ਬਾਵਾ ਸਿੰਘ ਨੂੰ ਖੇਤਾਂ ਵਿਚ ਘੇਰ ਲਿਆ। ਉਸ ਦੀਆਂ ਦੋਵੇਂ ਲੱਤਾਂ ਤੋੜ ਦਿੱਤੀਆਂ ਤੇ ਕਿਹਾ ਕਿ ਤੂੰ ਹੁਣ ਤੱਕ ਸਾਨੂੰ ਝੂਠੇ ਪਰਚਿਆਂ ਵਿਚ ਫਸਾਉਂਦਾ ਰਿਹਾ ਹੈਂ, ਅੱਜ ਸੱਚਾ ਪਰਚਾ ਕਰਵਾ। ਜ਼ਮਾਨਤ 'ਤੇ ਬਾਹਰ ਆ ਕੇ ਤੇਰੀਆਂ ਬਾਹਵਾਂ ਤੋੜਾਂਗੇ। ਪਰ ਬਾਵਾ ਸਿੰਘ ਐਨਾ ਬੁਜ਼ਦਿਲ ਨਿਕਲਿਆ ਕਿ ਡਰਦੇ ਮਾਰੇ ਨੇ ਪਰਚਾ ਵੀ ਦਰਜ਼ ਨਾ ਕਰਵਾਇਆ ਤੇ ਅੱਗੇ ਤੋਂ ਸ਼ਾਂਤ ਹੋ ਕੇ ਬੈਠ ਗਿਆ। ਵਿਰੋਧੀ ਧਿਰ ਵਾਲਿਆਂ ਨੂੰ ਅੱਜ ਤੱਕ ਅਫਸੋਸ ਹੈ ਕਿ ਬਾਵਾ ਸਿੰਘ ਦਾ ਇਹ ਇਲਾਜ਼ ਪਹਿਲਾਂ ਕਿਉਂ ਨਾ ਕੀਤਾ।

ਵੋਟਾਂ ਤੋਂ ਇੱਕ ਦਿਨ ਪਹਿਲਾਂ ਸਾਰੇ ਨੇਤਾ ਆਖਰੀ ਹੱਲੇ ਵਜੋਂ ਆਪਣੀ ਕਿਸਮਤ ਦੇਵੀ ਦੇਵਤਿਆਂ ਨੂੰ ਸੌਂਪ ਦਿੰਦੇ ਹਨ। ਕੋਈ ਗੁਰਦਵਾਰੇ, ਕੋਈ ਮੰਦਰ ਅਤੇ ਕੋਈ ਦਰਗਾਹਾਂ ਵਿਚ ਸੁੱਖਣਾ ਸੁੱਖਣ ਲਈ ਪਹੁੰਚ ਜਾਂਦਾ ਹੈ। ਪਰ ਵੋਟਾਂ ਤੋਂ ਅਗਲੇ ਦਿਨਾਂ ਦੀਆਂ ਅਖਬਾਰੀ ਖਬਰਾਂ ਕੁਝ ਹੋਰ ਤਰ੍ਹਾਂ ਦੀਆਂ ਛਪਦੀਆਂ ਹਨ। ਕਿਸੇ ਦੀ ਬੱਚਿਆਂ ਸਮੇਤ ਵਿਦੇਸ਼ ਅਤੇ ਕਿਸੇ ਦੀ ਗੋਆ ਘੁੰਮਦੇ ਦੀ ਫੋਟੋ ਛਪਦੀ ਹੈ। ਵੋਟਰ ਤੇ ਵਰਕਰ ਇੱਕ ਦਿਨ ਵਿਚ ਹੀ ਭੁੱਲ ਜਾਂਦੇ ਹਨ। ਚੋਣ ਜਿੱਤਣ ਤੋਂ ਬਾਅਦ ਜੇਤੂ ਪਾਰਟੀ ਦੇ ਵਿਧਾਇਕਾਂ ਦੇ ਪੁਰਾਣੇ ਤੌਰ ਤਰੀਕੇ ਫਿਰ ਮੁੜ ਆਉਂਦੇ ਹਨ ਤੇ ਉਹ ਗਾਰਦਾਂ ਅਤੇ ਗੰਨਮੈਨਾਂ ਦੇ ਘੇਰਿਆਂ ਵਿਚ ਲੁੱਕ ਜਾਂਦੇ ਹਨ। ਜਿਹੜੇ ਪਸੀਨੇ ਨਾਲ ਤਰਬਤਰ ਗਰੀਬਾਂ ਨੂੰ ਉਹ ਜੱਫੀਆਂ ਪਾਉਂਦੇ ਨਹੀਂ ਸੀ ਥੱਕਦੇ, ਉਨ੍ਹਾਂ ਕੋਲੋਂ ਬਦਬੂ ਆਉਣ ਲੱਗ ਜਾਂਦੀ ਹੈ ਤੇ ਸਾਰੇ ਵਾਅਦੇ ਭੁੱਲ ਭੁੱਲਾਅ ਦਿੱਤੇ ਜਾਂਦੇ ਹਨ। ਜਿਹੜੇ ਉਮੀਦਵਾਰ ਮੰਗਤਿਆਂ ਵਾਂਗ ਦਰ-ਦਰ ਵੋਟਾਂ ਮੰਗਦੇ ਫਿਰਦੇ ਸਨ, ਉਨ੍ਹਾਂ ਨੂੰ ਮਿਲਣਾ ਅਤੇ ਰੱਬ ਨੂੰ ਪਾਉਣਾ ਇੱਕ ਬਰਾਬਰ ਹੋ ਜਾਂਦਾ ਹੈ।

ਇਸ ਵਾਰ ਦੀ ਚੋਣ ਵਿਚ ਇੱਕ ਗੱਲ ਸਾਹਮਣੇ ਆਈ ਹੈ ਕਿ ਵੋਟਰ ਹੁਣ ਬਹੁਤ ਚੇਤੰਨ ਹੋ ਗਏ ਹਨ। ਸੋਸ਼ਲ ਮੀਡੀਆ 'ਤੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਲੋਕਾਂ ਦੀਆਂ ਅਨੇਕਾਂ ਵੀਡੀਉ ਵਾਇਰਲ ਹੋ ਰਹੀਆਂ ਹਨ, ਜਿਨ੍ਹਾਂ ਵਿਚ ਉਹ ਲੀਡਰਾਂ ਨੂੰ ਘੇਰ ਕੇ ਅਜਿਹੇ ਕਰੜੇ ਸਵਾਲ ਕਰਦੇ ਹਨ ਕਿ ਉਨ੍ਹਾਂ ਨੂੰ ਤਰੇਲੀਆਂ ਆ ਜਾਂਦੀਆਂ ਹਨ। ਪਰ ਸਾਡੇ ਬਹੁਤੇ ਲੋਕ ਵੀ ਹੁਣ ਲੀਡਰਾਂ ਵਰਗੇ ਹੀ ਹੋ ਗਏ ਹਨ। ਹੁਣ ਤੋਂ ਹੀ ਸਕੀਮਾਂ ਬਣਾਈਆਂ ਜਾ ਰਹੀਆਂ ਹਨ ਕਿ ਆਪਣੀ ਪਾਰਟੀ ਦੇ ਜਿੱਤਣ ਤੋਂ ਬਾਅਦ ਕਿਸ-ਕਿਸ ਦੇ ਰਗੜ ਬਾਲੇ ਕੱਢਣੇ ਹਨ। ਪੁਰਾਣੇ ਸਰਪੰਚ ਦੇ ਕੀਤੇ ਘਪਲੇ ਕੱਢ ਕੇ ਉਸ ਨੂੰ ਜੇਲ੍ਹ ਯਾਤਰਾ ਕਰਵਾਉਣ ਦੇ ਮਨਸੂਬੇ ਬਣਾਏ ਜਾ ਰਹੇ। ਜਨਤਾ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਚੋਣਾਂ ਆਪਣੀ ਮਰਜ਼ੀ ਦੀ ਵਧੀਆ ਕੰਮ ਕਰਨ ਵਾਲੀ ਚੁਣਨ ਲਈ ਹੁੰਦੀਆਂ ਹਨ, ਨਿੱਜੀ ਦੁਸ਼ਮਣੀਆਂ ਪਾਉਣ ਲਈ ਜਾਂ ਵੈਰ ਕੱਢਣ ਲਈ ਨਹੀਂ। ਮੱਤਦਾਨ ਸ਼ਾਂਤੀ ਨਾਲ ਕਰਨਾ ਚਾਹੀਦਾ ਹੈ ਤੇ ਬਾਅਦ ਵਿਚ ਵੀ ਭਾਈਚਾਰੇ ਨਾਲ ਰਹਿਣਾ ਚਾਹੀਦਾ ਹੈ। ਜੇ ਲੜਾਈ ਕਰ ਲਈ ਤਾਂ ਪੁਲਿਸ ਅਤੇ ਵਕੀਲਾਂ ਨੂੰ ਪੈਸੇ ਤੁਸੀਂ ਦੇਣੇ ਹਨ, ਕਿਸੇ ਨੇਤਾ ਨੇ ਨਹੀਂ।

# ਚੋਣ ਕਮਿਸ਼ਨ ਚੋਣ ਪ੍ਰਬੰਧਾਂ ਨੂੰ ਸੁਚਾਰੂ ਕਿਵੇਂ ਬਣਾਵੇ?

-ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ, (ਹੁਸ਼ਿਆਰਪੁਰ)
98150-18947
(Punjab Mail USA)






ਭਾਰਤੀ ਚੋਣ ਕਮਿਸ਼ਨ, ਲੋਕਤੰਤਰੀ ਗਣਰਾਜ ਦੇ ਮੁਖੀ ਭਾਵ ਭਾਰਤ ਦੇ ਰਾਸ਼ਟਰਪਤੀ ਦੀ ਨਜ਼ਰਸਾਨੀ ਹੇਠ ਆਪਣਾ ਕਾਰਜ ਕਰਦਾ ਹੈ। ਜਦੋਂ ਇਹ ਸੰਸਥਾ ਸਿੱਧੀ ਭਾਰਤ ਦੇ ਰਾਸ਼ਟਰਪਤੀ ਨੂੰ ਜੁਆਬਦੇਹ ਹੈ, ਤਾਂ ਇਸ ਦੀ ਕਾਰਜ ਪ੍ਰਣਾਲੀ ਵਿਚ ਪਾਰਦਰਸ਼ਤਾ ਅਤੇ ਸਪੱਸ਼ਟਤਾ ਦੇ ਝਲਕਾਰੇ ਪੈਣੇ ਲਾਜ਼ਮੀ ਹਨ। ਅਸਲ ਵਿਚ ਇਹ ਕਮਿਸ਼ਨ ਹੀ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਰਖਵਾਲਾ ਹੈ, ਜੋ ਭਾਰਤੀ ਸੰਵਿਧਾਨ ਅਨੁਸਾਰ ਹਰ ਨਾਗਰਿਕ ਨੂੰ ਬਰਾਬਰਤਾ ਬਖਸ਼ਦਾ ਹੋਇਆ ਚੋਣਾ ਵਾਸਤੇ ਨਿਰਭੈ ਮਾਹੌਲ ਪ੍ਰਦਾਨ ਕਰਦਾ ਹੈ। ਸ਼੍ਰੀ ਟੀ.ਐੱਨ. ਸੇਸ਼ਨ ਨੇ ਆਪਣੇ ਕਾਰਜਕਾਲ 'ਚ ਚੋਣ ਪ੍ਰਣਾਲੀ ਵਿਚ ਕ੍ਰਾਂਤੀਕਾਰੀ ਤਬਦੀਲੀਆਂ ਕੀਤੀਆਂ ਸਨ। ਜਿਨ੍ਹਾਂ ਬਾਰੇ ਇਹ ਵਿਚਾਰ ਸਾਹਮਣੇ ਆਏ ਸਨ ਕਿ 'ਹੁਣ ਪਤਾ ਲੱਗਾ ਕਿ ਭਾਰਤੀ ਚੋਣ ਕਮਿਸ਼ਨ ਕੀ ਹੁੰਦਾ ਹੈ'। ਜੇਕਰ ਅਜੋਕੇ ਸਮੇਂ ਦੀਆਂ ਚੋਣਾਂ 'ਤੇ ਨਜ਼ਰ ਮਾਰੀਏ, ਤਾਂ ਕਿਹਾ ਜਾ ਸਕਦਾ ਹੈ ਕਿ ਸਮੇਂ ਅਨੁਸਾਰ ਬਹੁਤ ਕੁੱਝ ਬਦਲਿਆ ਤੇ ਸੁਧਾਰਿਆ ਗਿਆ ਹੈ ਪਰ ਜਦੋਂ ਇਨ੍ਹਾਂ ਪ੍ਰਬੰਧਾਂ ਵਿਚ ਕਾਰਜਸ਼ੀਲ ਅਮਲੇ ਤੋਂ ਜ਼ਮੀਨੀ ਹਕਕਿਤਾਂ ਤੋਂ ਜਾਣੂ ਹੁੰਦੇ ਹਾਂ, ਤਾਂ ਇਹੀ ਕਿਹਾ ਜਾਣਾ ਬਣਦਾ ਹੈ ਕਿ ਅਜੇ ਚੋਣ ਕਮਿਸ਼ਨ ਨੂੰ ਇਸ ਪ੍ਰਕਿਰਿਆ ਵਿਚ ਸਰਲਤਾ ਅਤੇ ਸਪੱਸ਼ਟਤਾ ਲਿਆਉਣ ਦੀ ਬਹੁਤ ਜ਼ਰੂਰਤ ਹੈ।

1 ਜੂਨ, 2024 ਨੂੰ ਪੰਜਾਬ ਵਿਚ ਲੋਕ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਇਨ੍ਹਾਂ ਚੋਣਾਂ ਵਿਚ ਲੱਖਾਂ ਦੀ ਗਿਣਤੀ ਵਿਚ ਚੋਣ ਅਮਲੇ ਦੀ ਲੋੜ ਪੈਣੀ ਹੈ। ਚੋਣ ਪ੍ਰਕਿਰਿਆ ਨੂੰ ਸਫ਼ਲ ਬਨਾਉਣ ਵਿਚ ਜਿਥੇ ਸਾਰੇ ਅਧਿਕਾਰੀਆਂ ਦਾ ਅਹਿਮ ਯੋਗਦਾਨ ਹੁੰਦਾ ਹੈ, ਉੱਥੇ ਅਧਿਆਪਕਾਂ ਤੋਂ ਬਗੈਰ ਇਹ ਕਾਰਜ ਸਫ਼ਲ ਨਹੀਂ ਹੁੰਦਾ। ਭਾਵੇਂ ਕਿ ਵੱਖ-ਵੱਖ ਮਹਿਕਮਿਆਂ ਦੇ ਅਧਿਕਾਰੀ ਤੇ ਕਰਮਚਾਰੀ ਇਸ ਕਾਰਜ ਵਿਚ ਸ਼ਾਮਲ ਹੁੰਦੇ ਨੇ ਪਰ ਬਹੁਗਿਣਤੀ ਵਿਚ ਅਧਿਆਪਕਾਂ ਦੀਆਂ ਡਿਊਟੀਆਂ ਹੀ ਲਾਈਆਂ ਜਾਂਦੀਆਂ ਹਨ। ਜਿਹੜਾ ਹਾਲ ਚੋਣਾਂ ਕਰਾਉਣ ਵਾਲੇ ਚੋਣ ਅਮਲੇ ਦਾ ਹੁੰਦਾ ਹੈ, ਉਸ ਬਾਰੇ ਚੋਣ ਕਮਿਸ਼ਨ ਨੂੰ ਵਿਸ਼ੇਸ਼ ਤੌਰ 'ਤੇ ਧਿਆਨ ਰੱਖਣ ਦੀ ਲੋੜ ਹੈ। ਜੇਕਰ ਚੋਣ ਕਮਿਸ਼ਨ ਲੀਡਰਾਂ ਦੀ ਮਨਮਾਨੀ ਤੇ ਪ੍ਰਚਾਰ ਸਾਧਨਾਂ ਦੀ ਗਲਤ ਵਰਤੋਂ 'ਤੇ ਸ਼ਿਕੰਜਾ ਕੱਸਦਾ ਹੈ, ਤਾਂ ਚੰਗੀ ਗੱਲ ਹੈ। ਜੇਕਰ ਸਾਡੇ ਸਭ ਦੇ ਅਧਿਕਾਰ ਅਤੇ ਫਰਜ਼ ਬਰਾਬਰ ਹਨ, ਤਾਂ ਕਰਮਚਾਰੀਆਂ ਨੂੰ ਖੱਜਲ ਹੋਣ ਤੋਂ ਬਚਾਏ ਜਾਣ ਦੀ ਜ਼ਿੰਮੇਵਾਰੀ ਵੀ ਚੋਣ ਕਮਿਸ਼ਨ ਦੀ ਬਣਦੀ ਹੈ।

ਪ੍ਰੀਜ਼ਾਇਡਿੰਗ ਅਫਸਰ ਸਮੇਤ ਪੋਲਿੰਗ ਬੂਥ 'ਤੇ ਜਾਣ ਵਾਲੀ ਹਰ ਪੋਲਿੰਗ ਪਾਰਟੀ ਨੂੰ ਆਪੋ ਆਪਣੀ ਕਿਸਮ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਪਿੰਡਾਂ ਅਤੇ ਸ਼ਹਿਰਾਂ ਵਿਚ ਚੋਣ ਅਮਲੇ ਨੂੰ ਕਿਸੇ ਦਾ ਵੀ ਸਹਿਯੋਗ ਨਹੀਂ ਮਿਲ਼ਦਾ। ਜਿਸ ਕਰਕੇ ਚੋਣ ਅਮਲਾ ਚਾਹ, ਪਾਣੀ ਤੋਂ ਬਗੈਰ ਹੀ ਗੁਜ਼ਾਰਾ ਕਰਦਾ ਹੈ। ਜੇਕਰ ਉਸ ਅਮਲੇ ਦੀ ਡਿਊਟੀ ਉਨ੍ਹਾਂ ਦੇ ਇਲਾਕੇ ਵਿਚ ਲੱਗੀ ਹੋਵੇ, ਤਾਂ ਇਸ ਸਮੱਸਿਆ ਦਾ ਹੱਲ ਛੇਤੀ ਹੋ ਸਕਦਾ ਹੈ। ਜਦੋਂ ਚੋਣ ਡਿਊਟੀ ਦੀ ਗੱਲ ਹੁੰਦੀ ਹੈ, ਤਾਂ ਕਈਆਂ ਦੇ ਸਾਹ ਇਸ ਗੱਲ ਤੋਂ ਸੂਤੇ ਜਾਂਦੇ ਹਨ ਕਿ ਇਹ ਡਿਊਟੀ ਸੌ ਡੇਢ ਸੌ ਕਿਲੋਮੀਟਰ ਤੋਂ ਦੂਰ ਜਾ ਕੇ ਕਰਨੀ ਪੈਣੀ ਹੈ। ਜੇਕਰ ਕਿਸੇ ਕਰਮਚਾਰੀ ਦੀ ਡਿਊਟੀ ਉਸਦੇ ਇਲਾਕੇ ਜਾਂ ਨੇੜਲੇ ਹਲਕੇ ਵਿਚ ਲੱਗਦੀ ਵੀ ਹੈ, ਤਾਂ ਉਹ ਕਿਸੇ ਵੀ ਲੀਡਰ ਦਾ ਪੱਖ ਨਹੀਂ ਪੂਰ ਸਕਦਾ। ਉਸਨੂੰ ਤਾਂ ਆਪਣੇ ਕਾਰਜ ਨਿਬੇੜਨ ਦੀ ਪਈ ਹੁੰਦੀ ਹੈ। ਕਿਸੇ ਦੀ ਸਪੋਰਟ ਕਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਕਿਉਂਕਿ ਵੋਟਰ ਨੇ ਬਟਨ ਦਬਾਕੇ ਜਾਂ ਪਰਚੀ 'ਤੇ ਮੋਹਰ ਲਾ ਕੇ ਵੋਟ ਪਾਉਣੀ ਹੁੰਦੀ ਹੈ। ਸੋ ਕਮਿਸ਼ਨ ਨੂੰ ਚਾਹੀਦਾ ਹੈ ਕਿ ਅਧਿਆਪਕਾਂ ਸਮੇਤ ਸਿਵਲ ਕਰਮਚਾਰੀਆਂ ਦੀ ਡਿਊਟੀ ਉਨ੍ਹਾਂ ਦੇ ਦਫਤਰਾਂ ਵਾਲੇ ਇਲਾਕੇ ਭਾਵ ਬਲਾਕ ਜਾਂ ਤਹਿਸੀਲ ਵਿਚ ਹੀ ਲਾਈ ਜਾਵੇ, ਤਾਂ ਜੋ ਉਨ੍ਹਾਂ ਦੀ ਆਣ-ਜਾਣ ਦੀ ਚਿੰਤਾ ਖਤਮ ਹੋਵੇ। ਟ੍ਰੇਨਿੰਗ ਤੋਂ ਬਾਅਦ ਜਦੋਂ ਬੂਥਾਂ 'ਤੇ ਭੇਜ ਦਿੱਤਾ ਜਾਂਦਾ ਹੈ, ਤਾਂ ਉਥੇ ਰਹਿਣ ਲਈ ਅਤੇ ਬੂਥ ਦੀ ਤਿਆਰੀ ਲਈ ਸਹਿਯੋਗੀਆਂ ਦਾ ਪ੍ਰਬੰਧ ਲਾਜ਼ਮੀ ਹੋਣਾ ਚਾਹੀਦਾ ਹੈ। ਕਿਹਾ ਤਾਂ ਇਹ ਜਾਂਦਾ ਹੈ ਕਿ ਹਲਕੇ ਦਾ ਪਟਵਾਰੀ ਅਤੇ ਬੂਥ ਲੈਵਲ ਅਫਸਰ ਹਰ ਤਰ੍ਹਾਂ ਦੇ ਪ੍ਰਬੰਧ ਲਈ ਜ਼ਿੰਮੇਵਾਰ ਹੈ ਪਰ ਹੁੰਦਾ ਸਭ ਕੁਝ ਇਸ ਦੇ ਉਲਟ ਹੈ।

ਚੋਣ ਪੂਰੀ ਕਰਵਾ ਕੇ ਜਦੋਂ ਅਮਲੇ ਨੇ ਵਾਪਸ ਆ ਕੇ ਕਾਗਜ਼/ਮਸ਼ੀਨਾਂ ਜਮ੍ਹਾਂ ਕਰਾਉਣੀਆਂ ਹੁੰਦੀਆਂ ਹਨ, ਤਾਂ ਉਥੇ ਬੈਠੇ ਕਰਮਚਾਰੀਆਂ ਦੇ ਨੱਖਰੇ ਦੇਖ ਕੇ ਮਨ ਦਹਿਲ ਜਾਂਦਾ ਹੈ। ਕਮਿਸ਼ਨ ਦੁਆਰਾ ਥਾਪੇ ਗਏ ਅਫਸਰ ਘੰਟਿਆਂਬੱਧੀ ਲਾਈਨਾਂ ਵਿਚ ਧੱਕੇ ਖਾਂਦੇ ਰਹਿੰਦੇ ਹਨ। ਜਿਵੇਂ ਕਾਗਜ਼ਾਂ ਦੀ ਤਰਤੀਬ ਰਹਿਰਸਲ ਦੌਰਾਨ ਦਰਸਾਈ ਗਈ ਹੁੰਦੀ ਹੈ। ਉਹ ਲੈਣ ਵੇਲੇ ਬਦਲ ਦਿੱਤੀ ਜਾਂਦੀ ਹੈ। ਪੰਜਾਹ ਦੇ ਕਰੀਬ ਤਿਆਰ ਕੀਤੇ ਲਿਫਾਫਿਆਂ ਨੂੰ ਮੁੜ ਤੋਂ ਸੈਟ ਕਰਨ ਦੇ ਨਿਰਦੇਸ਼ ਦੇ ਕੇ ਭੰਬਲਭੂਸੇ 'ਚ ਪਾ ਦਿੱਤਾ ਜਾਂਦਾ ਹੈ। ਜਿਹੜੇ ਅਨਸੀਲਡ ਪੇਪਰ ਦੇਣ ਲਈ ਕਿਹਾ ਸੀ, ਉਨ੍ਹਾਂ ਨੂੰ ਸੀਲਾਂ ਲਾਉਣ ਲਈ ਕਿਹਾ ਜਾਂਦਾ ਹੈ। ਇੰਜ ਪੋਲਿੰਗ ਸਟਾਫ ਦੀ ਮਿਹਨਤ 'ਤੇ ਪਾਣੀ ਫੇਰ ਦਿੱਤਾ ਜਾਂਦਾ ਹੈ। ਉਥੇ ਮੁੜ ਤੋਂ ਸੀਲਾਂ ਲਾਉਣੀਆਂ ਕੋਈ ਸੁਖਾਲਾ ਕੰਮ ਨਹੀਂ ਹੈ। ਕਿਉਂਕਿ ਉਨ੍ਹਾਂ ਨੇ ਬੂਥ 'ਤੇ ਸਾਰਾ ਕੰਮ ਨਿਰਦੇਸ਼ਾਂ ਅਨੁਸਾਰ ਤਿਆਰ ਕੀਤਾ ਹੁੰਦਾ ਹੈ। ਚੋਣ ਕਮਿਸ਼ਨ ਨੂੰ ਬੇਲੋੜੇ ਫਾਰਮ ਬੰਦ ਕਰਕੇ ਸਿਰਫ ਸਤਾਰਾਂ ਸੀ, ਸਮੇਤ ਲੋੜੀਂਦੇ ਕਾਗਜ਼ ਹੀ ਤਿਆਰ ਕਰਾਉਣੇ ਚਾਹੀਦੇ ਹਨ। ਸਭ ਤੋਂ ਮਹੱਤਵਪੂਰਨ ਪ੍ਰੀਜ਼ਾਇੰਡਿੰਗ ਅਫਸਰ ਦੀ ਡਾਇਰੀ ਹੁੰਦੀ ਹੈ, ਜਿਸ ਵਿਚ ਸਾਰੇ ਚੋਣ ਅਮਲ ਨੂੰ ਵੋਟਾਂ ਦੀ ਗਿਣਤੀ ਸਮੇਤ ਦਰਜ ਕੀਤਾ ਹੁੰਦਾ ਹੈ। ਇਸ ਲਈ ਜ਼ਰੂਰੀ ਦਸਤਾਵੇਜ਼ ਹੀ ਤਿਆਰ ਹੋਣੇ ਚਾਹੀਦੇ ਹਨ। ਵੋਟਰ ਰਜਿਸਟਰ, ਪ੍ਰੀਜ਼ਾਇੰਡਿੰਗ ਅਫਸਰ ਡਾਇਰੀ, ਫਾਰਮ ਸਤਾਰਾਂ ਸੀ ਅਤੇ ਮਾਰਕਡ ਵੋਟਰ ਸੂਚੀ ਮਹੱਤਵਪੂਰਨ ਹਨ। ਇਸ ਲਈ ਇਹ ਫਾਰਮ ਹੀ ਤਿਆਰ ਕਰਾਉਣੇ ਚਾਹੀਦੇ ਹਨ। ਇੰਜ ਚੋਣ ਅਮਲ ਸੁਖਾਲਾ ਹੋ ਸਕਦਾ ਹੈ।

ਚੋਣ ਅਮਲੇ ਨੂੰ ਸਭ ਤੋਂ ਵੱਡੀ ਪਰੇਸ਼ਾਨੀ ਉਦੋਂ ਹੁੰਦੀ ਹੈ, ਜਦੋਂ ਉਨ੍ਹਾਂ ਦੇ ਕੰਮ ਕਰਨ ਵਾਲੇ ਸਥਾਨ ਤੋਂ ਬਹੁਤ ਦੂਰ ਡਿਉਟੀ ਲਾਈ ਜਾਂਦੀ ਹੈ। ਇਸ ਵਿਚ ਮਹਿਲਾਵਾਂ, ਹੈਂਡੀਕੈਪਡ ਅਤੇ ਬਿਮਾਰੀ ਵਾਲੇ ਚੋਣ ਅਮਲੇ ਨੂੰ ਬਹੁਤ ਖੱਜਲ-ਖੁਆਰੀ ਹੁੰਦੀ ਹੈ। ਜਿਹੜੇ ਜੋੜੇ ਡਿਊਟੀ 'ਤੇ ਹੁੰਦੇ ਹਨ, ਉਨ੍ਹਾਂ ਦੇ ਬੱਚਿਆਂ ਦੀ ਸਾਂਭ-ਸੰਭਾਲ ਵੱਡੀ ਸਮੱਸਿਆ ਬਣ ਜਾਂਦੀ ਹੈ। ਅੱਜਕੱਲ੍ਹ ਸਿੰਗਲ ਫੈਮਲੀ ਸਿਸਟਮ ਹੋਣ ਕਰਕੇ ਕਈ ਪ੍ਰਕਾਰ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਕਰ ਇਹੀ ਕੰਮ ਉਨ੍ਹਾਂ ਦੇ ਦਫਤਰ ਨੇੜੇ ਹੋਵੇਗਾ, ਤਾਂ ਉਹ ਬੜੀ ਖੁਸ਼ੀ ਨਾਲ ਕਰ ਸਕਣਗੇ। ਇਸਤਰੀਆਂ ਨੂੰ ਵੀ ਇਸ ਨਾਲ ਕਾਫੀ ਰਾਹਤ ਮਿਲੇਗੀ। ਸਮਾਨ ਜਮ੍ਹਾ ਕਰਾਉਣ ਵੇਲੇ ਹਰ ਪਾਰਟੀ ਨੂੰ ਦਸ ਮਿੰਟ ਤੋਂ ਵੱਧ ਸਮਾਂ ਨਾ ਲੱਗੇ, ਇਸਦੀ ਵਿਵਸਥਾ ਕਰਨੀ ਚਾਹੀਦੀ ਹੈ। ਅਜਿਹਾ ਕਰਨ ਨਾਲ ਸਾਰਿਆਂ ਨੂੰ ਲਾਭ ਹੋਵੇਗਾ।

ਵੋਟਾਂ ਦੀਆਂ ਰਿਹਰਸਲਾਂ ਦੌਰਾਨ ਵੀ ਕਈ ਅਧਿਕਾਰੀਆਂ ਨੇ ਕਦੀ ਚੋਣ ਅਮਲੇ ਦੀ ਸਹੀ ਵਿਵਸਥਾ ਵੱਲ ਗੌਰ ਨਹੀਂ ਕੀਤਾ ਹੁੰਦਾ। ਕਈ ਥਾਈਂ ਤਾਂ ਅੱਤ ਦੀ ਠੰਡ ਅਤੇ ਗਰਮੀ ਵਿਚ ਵੀ ਚਾਦਰਾਂ ਦੀ ਚਾਨਣੀ ਹੇਠ ਘੰਟਿਆਂਬੱਧੀ ਬਿਠਾ ਕੇ ਕੰਮ ਦੀ ਗੱਲ ਕਰਨ ਦੀ ਬਜਾਏ ਸਿਰਫ ਹਾਜ਼ਰੀ ਹੀ ਪੂਰੀ ਕੀਤੀ ਜਾਂਦੀ ਹੈ। ਪਿਛਲੇ ਵੀਹ-ਪੰਝੀ ਸਾਲਾਂ ਦੇ ਤਜ਼ਰਬੇ ਦਰਸਾਉਂਦੇ ਹਨ ਕਿ ਕਈ ਵਾਰ ਜਿਨ੍ਹਾਂ ਨੂੰ ਪ੍ਰਬੰਧਾਂ ਦੀ ਘਾਟ ਕਾਰਨ ਕਿਸੇ ਪ੍ਰਕਾਰ ਦੀ ਕੋਈ ਟ੍ਰੇਨਿੰਗ ਨਹੀਂ ਦਿੱਤੀ ਗਈ, ਉਨ੍ਹਾਂ ਦੀਆਂ ਡਿਊਟੀਆਂ ਸਭ ਤੋਂ ਪਹਿਲਾਂ ਲਾ ਦਿੱਤੀਆਂ ਜਾਂਦੀਆਂ ਹਨ। ਜਦੋਂ ਇਕ ਪ੍ਰੀਜ਼ਾਈਡਿੰਗ ਅਫਸਰ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਨੂੰ ਤਾਂ ਪ੍ਰੀਜ਼ਾਇਡੰਗ ਅਫਸਰ ਡਾਇਰੀ ਵੀ ਨਹੀਂ ਦਿੱਤੀ ਤੇ ਨਾ ਹੀ ਕਿਸੇ ਤਰ੍ਹਾਂ ਦੀ ਟਰੇਨਿੰਗ ਹੋਈ, ਤਾਂ ਅਧਿਕਾਰੀ ਦਾ ਬੜਾ ਸਪੱਸ਼ਟ ਜੁਆਬ ਸੀ; 'ਕੋਈ ਗੱਲ ਨਹੀਂ, ਡਾਇਰੀ ਹੁਣ ਸਮਾਨ ਨਾਲ ਮਿਲ ਜਾਵੇਗੀ। ਬਾਕੀ ਪੜ੍ਹ ਕੇ ਸਾਰਾ ਕੰਮ ਪੋਲਿੰਗ ਬੂਥ 'ਤੇ ਕਰ ਲਿਓ'। ਇਹੋ ਜਿਹੀਆਂ ਟ੍ਰੇਨਿੰਗਾਂ ਵੀ ਹੁੰਦੀਆਂ ਨੇ ਸਾਡੇ ਜ਼ਿੰਮੇਵਾਰ ਅਧਿਕਾਰੀਆਂ ਦੁਆਰਾ। ਕਿਸੇ ਨੇ ਸੱਚ ਹੀ ਕਿਹਾ ਹੈ ਕਿ ਇਸ ਦੇਸ਼ ਦਾ ਤਾਂ ਰੱਬ ਹੀ ਰਾਖਾ ਹੈ। ਜੇਕਰ ਉਨ੍ਹਾਂ ਪਾਰਟੀਆਂ ਵਿਚ ਤਜ਼ਰਬੇਕਾਰ ਕਰਮਚਾਰੀ ਨਾ ਹੁੰਦੇ, ਫਿਰ ਕੀ ਬਣਦਾ?

ਇਕ ਦੁਖਦਾਇਕ ਪਹਿਲੂ ਇਹ ਵੀ ਸਾਹਮਣੇ ਆਉਂਦਾ ਹੈ ਕਿ ਕੁਝ ਤਹਿਸੀਲਾਂ ਵਿਚ ਰਿਹਰਸਲ ਮੌਕੇ ਚਾਹ-ਪਾਣੀ ਅਤੇ ਖਾਣੇ ਦੀ ਸਹੀ ਵਿਵਸਥਾ ਕੀਤੀ ਗਈ ਹੁੰਦੀ ਹੈ ਤੇ ਕੁਝ ਥਾਵਾਂ 'ਤੇ ਤਾਂ ਪੀਣ ਲਈ ਪਾਣੀ ਵੀ ਨਸੀਬ ਨਹੀਂ ਹੁੰਦਾ। ਹੁਣ ਇਹ ਸਮਝ ਨਹੀਂ ਆ ਰਿਹਾ ਕਿ ਜਿਨ੍ਹਾਂ ਤਹਿਸੀਲ਼ਾਂ ਵਿਚ ਚੋਣ ਅਮਲੇ ਦੀ ਸਹੀ ਢੰਗ ਨਾਲ ਟਹਿਲ ਸੇਵਾ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਇਸ ਪ੍ਰਬੰਧ ਲਈ ਕਿਹੜੀ ਸਰਕਾਰ ਨੇ ਪੈਸਾ ਦਿੱਤਾ? ਜਾਂ ਉਹ ਅਧਿਕਾਰੀ ਆਪਣਾ ਇਖਲਾਕੀ ਫਰਜ਼ ਸਮਝਦੇ ਹੋਏ ਅਜਿਹੇ ਚੰਗੇ ਪ੍ਰਬੰਧ ਕਰਦੇ ਹਨ। ਚੰਗੇ ਪ੍ਰਬੰਧਾਂ ਲਈ ਅਧਿਕਾਰੀਆਂ ਦੇ ਗੁਣਗਾਉਂਣਾ ਤੇ ਦੂਜੇ ਪਾਸੇ ਮਾੜੇ ਪ੍ਰਬੰਧਾਂ ਵਾਲੇ ਅਧਿਕਾਰੀਆਂ ਨੂੰ ਕੋਸਿਆ ਜਾਣਾ ਸੁਭਾਵਿਕ ਹੀ ਹੁੰਦਾ ਹੈ। ਚੋਣ ਕਮਿਸ਼ਨ ਨੂੰ ਟ੍ਰੇਨਿੰਗ ਦੌਰਾਨ ਵੀ ਸਾਰੇ ਪ੍ਰਬੰਧ ਸਹੀ ਕਰਨ ਦੇ ਨਿਰਦੇਸ਼ ਜਾਰੀ ਕਰਨੇ ਚਾਹੀਦੇ ਹਨ।

ਕਾਲੇ ਧੰਨ ਅਤੇ ਨਸ਼ਿਆਂ ਦੀ ਹੁੰਦੀ ਦੁਰਵਰਤੋਂ ਨੂੰ ਘੱਟ ਕਰਨ ਲਈ ਅਜੇ ਹੋਰ ਬਹੁਤ ਸੁਧਾਰਾਂ ਦੀ ਲੋੜ ਹੈ। ਗੁਪਤ ਸੂਚਨਾਵਾਂ ਅਨੁਸਾਰ ਹਰ ਵਾਰੀ ਖੁੱਲ੍ਹਕੇ ਨਹੀਂ ਪਰ ਅੰਦਰਖਾਤੇ ਸ਼ਰਾਬ ਅਤੇ ਧੰਨ ਦੀ ਵਰਤੋਂ ਵੀ ਹੁੰਦੀ ਹੈ। ਇਸ ਲਈ ਚੋਣ ਕਮਿਸ਼ਨ ਨੂੰ ਅਜੇ ਹੋਰ ਮੁਸ਼ਤੈਦੀ ਨਾਲ ਕੰਮ ਕਰਨਾ ਹੋਵੇਗਾ। ਜੇਕਰ ਹਰ ਉਮੀਦਵਾਰ ਦਾ ਸਾਰਾ ਖਰਚਾ ਕਮਿਸ਼ਨ ਵਲੋਂ ਕੀਤਾ ਜਾਵੇ, ਤਾਂ ਇਸ 'ਤੇ ਪੂਰੀ ਤਰ੍ਹਾਂ ਨੱਥ ਪਾਈ ਜਾ ਸਕਦੀ ਹੈ। ਚੋਣ ਕਮਿਸ਼ਨ ਵਲੋਂ ਚੋਣ ਸੁਧਾਰ ਲਈ ਚੁੱਕੇ ਕਦਮ ਲੋਕਤੰਤਰ ਦੀ ਬੁਨਿਆਦ ਨੂੰ ਹੋਰ ਪੱਕਾ ਕਰਨਗੇ। ਹੁਣ ਇਸ ਸੁਝਾਅ 'ਤੇ ਕਮਿਸ਼ਨ ਨੂੰ ਜ਼ਰੂਰ ਵਿਚਾਰ ਕਰਨੀ ਚਾਹੀਦੀ ਹੈ ਕਿ ਚੋਣ ਅਮਲੇ ਨੂੰ ਦੂਰ ਆਣ-ਜਾਣ ਅਤੇ ਬੇਲੋੜੇ ਕਾਗਜ਼ਾਂ ਦੀ ਤਿਆਰੀ ਅਤੇ ਖੱਜਲ-ਖੁਆਰੀ ਤੋਂ ਬਚਾਉਣ ਲਈ ਜ਼ਰੂਰੀ ਕਦਮ ਚੁੱਕੇ ਜਾਣ। ਸਮੂਹ ਕਰਮਚਾਰੀਆਂ ਦੀ ਡਿਊਟੀ ਉਸਦੀ ਕੰਮ ਕਰਨ ਵਾਲੀ ਥਾਂ ਤੋਂ ਪੰਜੀ-ਤੀਹ ਕਿਲੋਮੀਟਰ ਦੇ ਘੇਰੇ ਵਿਚ ਹੀ ਲਾਈ ਜਾਵੇ। ਸਿਵਲ ਕਰਮਚਾਰੀਆਂ ਲਈ ਇਹ ਲੋੜੀਂਦੀ ਕਾਰਵਾਈ ਕਰਨਾ ਜ਼ਰੂਰੀ ਬਣਦੀ ਹੈ। ਹੈਂਡੀਕੈਪਡ, ਛੋਟੇ ਬੱਚਿਆਂ ਵਾਲੀਆਂ ਔਰਤ ਕਰਮਚਾਰਨਾ ਅਤੇ ਮੀਆਂ ਬੀਵੀ ਕਰਮਚਾਰੀਆਂ ਨੂੰ ਇਸ ਡਿਊਟੀ ਤੋਂ ਛੋਟ ਮਿਲਣੀ ਚਾਹੀਦੀ ਹੈ। ਜੇਕਰ ਚੋਣ ਕਮਿਸ਼ਨ ਇਨ੍ਹਾਂ ਵਿਚਾਰਾਂ ਨੂੰ ਅਮਲੀ ਰੂਪ ਦੇਵੇਗਾ, ਤਾਂ ਹਰ ਕਰਮਚਾਰੀ ਇਹ ਡਿਊਟੀ ਕਰਨ ਵਿਚ ਖੁਸ਼ੀ ਮਹਿਸੂਸ ਕਰੇਗਾ ਅਤੇ ਡਿਊਟੀ ਕਟਵਾਉਣ ਦੇ ਰੁਝਾਨ ਨੂੰ ਵੀ ਠੱਲ੍ਹ ਪਵੇਗੀ।


# ਕਮਲਜੀਤ ਸਿੰਘ ਬਨਵੈਤ ਦੀ ਪੁਸਤਕ 'ਢਾਈ ਆਬ' ਸਮਾਜਿਕ ਸਰੋਕਾਰਾਂ ਦੀ ਹੂਕ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਕਮਲਜੀਤ ਸਿੰਘ ਬਨਵੈਤ ਮੁੱਢਲੇ ਤੌਰ 'ਤੇ ਇੱਕ ਸਥਾਪਤ ਪੱਤਰਕਾਰ ਹੈ, ਜਿਸ ਕਰਕੇ ਉਹ ਤੱਤਕਾਲੀ ਘਟਨਾਵਾਂ ਅਤੇ ਮਸਲਿਆਂ ਬਾਰੇ ਅਖ਼ਬਾਰਾਂ ਲਈ ਲੇਖ ਲਿਖਦਾ ਰਹਿੰਦਾ ਹੈ। ਉਸ ਦੇ ਲੇਖਾਂ ਵਿਚ ਵਰਤਮਾਨ ਸਮਾਜਿਕ ਵਿਸੰਗਤੀਆਂ ਦੀ ਚਰਚਾ ਆਮ ਹੁੰਦੀ ਹੈ। ਉਸ ਦੀਆਂ ਹੁਣ ਤੱਕ 11 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ 9 ਨਿਬੰਧ ਅਤੇ ਦੋ ਕਹਾਣੀ ਸੰਗ੍ਰਹਿ ਸ਼ਾਮਲ ਹਨ। ਚਰਚਾ ਅਧੀਨ 'ਢਾਈ ਆਬ' ਉਸ ਦੀ 12ਵੀਂ ਪੁਸਤਕ ਹੈ। ਇਸ ਨਿਬੰਧ ਸੰਗ੍ਰਹਿ ਵਿਚ 41 ਲਘੂ ਨਿਬੰਧ ਹਨ। ਹਰ ਲੇਖ ਵਿਚ ਇੱਕ ਵਿਸ਼ੇ ਨੂੰ ਉਹ ਮੁੱਖ ਤੌਰ 'ਤੇ ਆਧਾਰ ਬਣਾਉਂਦਾ ਹੈ ਪ੍ਰੰਤੂ ਇਸ ਦੇ ਨਾਲ ਹੀ ਹੋਰ ਛੋਟੀਆਂ-ਮੋਟੀਆਂ ਘਟਨਾਵਾਂ ਅਤੇ ਅਖ਼ਬਾਰਾਂ ਦੀਆਂ ਖ਼ਬਰਾਂ ਦੀ ਚਰਚਾ ਕਰਦਾ ਹੈ। ਉਸ ਦੀ ਨਿਵੇਕਲੀ ਗੱਲ ਇਹ ਹੈ ਕਿ ਉਹ ਹਰ ਲੇਖ ਨੂੰ ਅੰਕੜਿਆਂ ਨਾਲ ਸਹੀ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਭਾਵ ਹਰ ਲੇਖ ਤੱਥਾਂ 'ਤੇ ਆਧਾਰਿਤ ਹੁੰਦਾ ਹੈ। ਪੁਸਤਕ ਦੇ ਬਹੁਤੇ ਲੇਖਾਂ ਵਿਚ ਸਮਾਜਿਕ ਕੁਰੀਤੀਆਂ, ਸਰਕਾਰਾਂ ਦੀਆਂ ਅਣਗਹਿਲੀਆਂ, ਵਿਰੋਧੀਆਂ ਦੇ ਗ਼ੈਰ ਜ਼ਿੰਮੇਵਾਰਾਨਾ ਬਿਆਨ, ਸਿਆਸੀ ਤੇ ਸਮਾਜਿਕ ਘਟਨਾਵਾਂ ਅਤੇ ਦੁਰਘਟਨਾਵਾਂ ਨਾਲ ਸੰਬੰਧਤ ਹੁੰਦੇ ਹਨ। ਲੇਖਕ ਦਾ ਫ਼ਰਜ਼ ਵੀ ਬਣਦਾ ਹੈ ਕਿ ਉਹ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਲੋਕਾਂ ਨੂੰ ਜਾਣੂ ਕਰਵਾਉਂਦੇ ਹੋਏ, ਉਨ੍ਹਾਂ ਦੇ ਹੱਲ ਲਈ ਵੀ ਸੁਝਾਅ ਦੱਸੇ। ਕਮਲਜੀਤ ਸਿੰਘ ਬਨਵੈਤ ਇਸ ਪਾਸੇ ਇਸ਼ਾਰੇ ਮਾਤਰ ਟਿੱਪਣੀ ਕਰਦਾ ਹੈ। ਭਾਵੇਂ ਉਸ ਦੇ ਬਹੁਤੇ ਲੇਖ ਸਮਾਜਿਕ ਮਸਲਿਆਂ ਅਤੇ ਸਿਆਸੀ ਪ੍ਰਤੀਕਿਰਿਆਵਾਂ ਹੁੰਦੇ ਹਨ, ਪ੍ਰੰਤੂ ਜਿਹੜੇ ਲੋਕ ਚੰਗੇ ਕੰਮ ਕਰਦੇ ਹਨ, ਖਾਸ ਤੌਰ 'ਤੇ ਲੜਕੀਆਂ, ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਜੱਦੋ-ਜਹਿਦ ਬਾਰੇ ਵੀ ਸੁਚੱਜੇ ਢੰਗ ਨਾਲ ਉਤਸ਼ਾਹਪੂਰਵਕ ਬਿਰਤਾਂਤ ਦਿੰਦੇ ਹਨ। 'ਬਾਜਾਂ ਨਾਲ ਟੱਕਰ' ਲੇਖ ਵਿਚ ਗ਼ਰੀਬ ਪਰਿਵਾਰਾਂ ਦੀਆਂ ਲੜਕੀਆਂ ਦੀ ਹਿੰਮਤ ਅਤੇ ਦਲੇਰੀ ਦੀ ਦਾਦ ਦਿੱਤੀ ਗਈ ਹੈ, ਜਿਹੜੀਆਂ ਨਿਆਂਇਕ ਸਰਵਿਸ ਲਈ ਚੁਣੀਆਂ ਗਈਆਂ ਹਨ। ਨਸ਼ੇ, ਖ਼ੁਦਕਸ਼ੀਆਂ, ਮਜ਼ਦੂਰਾਂ ਦੀ ਦੁਰਦਸ਼ਾ, ਅਪਰਾਧਿਕ ਮਾਮਲੇ, ਕਚਹਿਰੀਆਂ ਵਿਚ ਅਣਗਿਣਤ ਮੁਕੱਦਮੇ ਤੇ ਫੈਸਲਿਆਂ ਵਿਚ ਦੇਰੀ, ਜੇਲ੍ਹਾਂ ਵਿਚ ਮੋਬਾਈਲ ਫ਼ੋਨ ਤੇ ਗ਼ੈਰ ਕੁਦਰਤੀ ਮੌਤਾਂ, ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਤੇ ਫਰਜ਼ੀ ਦਾਖ਼ਲੇ, ਲੜਕੀਆਂ ਲਈ ਪਾਖਾਨਿਆਂ ਦੀ ਅਣਹੋਂਦ, ਪ੍ਰਾਈਵੇਟ ਸਕੂਲਾਂ ਦੀ ਲੁੱਟ, ਤੋਹਫ਼ਿਆਂ ਦੀ ਪ੍ਰਵਿਰਤੀ, ਤਿਓਹਾਰਾਂ 'ਤੇ ਬੇਤਹਾਸ਼ਾ ਖ਼ਰਚੇ, ਗ਼ੈਰ ਕਾਨੂੰਨੀ ਪ੍ਰਵਾਸ, ਡੰਕੀ ਰਸਤੇ ਜਾਂਦੇ ਲੋਕਾਂ ਦੀਆਂ ਮੌਤਾਂ ਬਾਰੇ ਜਾਗ੍ਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਤੋਹਫ਼ਿਆਂ ਬਾਰੇ ਉਨ੍ਹਾਂ ਆਪਣੀ ਪੱਤਰਕਾਰਾਂ ਦੀ ਬਰਾਦਰੀ ਦੇ ਵੀ ਆਹੂ ਲਾਹੇ ਹਨ। ਕਿਸ਼ਤੀਆਂ ਵਿਚ ਡੁੱਬ ਕੇ ਮਰਨ ਤੋਂ ਬਾਅਦ ਵੀ ਪੰਜਾਬੀ ਗ਼ੈਰ ਕਾਨੂੰਨੀ ਢੰਗ ਨਾਲ ਜਾਣ ਤੋਂ ਹੱਟਦੇ ਨਹੀਂ। ਜਾਅਲੀ ਡਿਗਰੀਆਂ ਵਾਲਿਆਂ ਦੇ ਡਿਪੋਰਟ ਹੋਣ ਦੀ ਤਲਵਾਰ ਲਟਕਦੀ ਰਹਿੰਦੀ ਹੈ। 'ਵਕਾਰ ਨੂੰ ਸੱਟਾਂ' ਵਾਲੇ ਲੇਖ ਵਿਚ ਲਿਖਿਆ ਹੈ ਕਿ ਪੰਜਾਬੀਆਂ ਵੱਲੋਂ ਕੈਨੇਡਾ ਵਿਚ ਕੀਤੀਆਂ ਜਾਂਦੀ ਚੋਰੀਆਂ ਅਤੇ ਹੋਰ ਗ਼ੈਰ ਕਾਨੂੰਨੀ ਕਾਰਵਾਈਆਂ ਨੇ ਭਾਰਤ ਦੇ ਅਕਸ ਨੂੰ ਢਾਹ ਲਾਈ ਹੈ। ਕੈਨੇਡਾ ਅਤੇ ਆਸਟਰੇਲੀਆ ਨੇ ਤਾਂ ਕਾਨੂੰਨ ਕਾਫੀ ਸਖ਼ਤ ਕਰ ਦਿੱਤੇ ਪ੍ਰੰਤੂ ਬਰਤਾਨੀਆਂ ਨੇ ਦਰਵਾਜ਼ੇ ਖੋਲ੍ਹ ਦਿੱਤੇ ਬਾਰੇ ਅੰਕੜਿਆਂ ਨਾਲ ਦੱਸਿਆ ਗਿਆ ਹੈ। ਪੰਜਾਬੀ ਪ੍ਰਵਾਸ ਅਤੇ ਪੂਰਬੀਏ ਪੰਜਾਬ ਵਿਚ ਮੱਲ੍ਹਾਂ ਮਾਰੀ ਜਾਂਦੇ ਹਨ। ਰਾਜਪਾਲ ਅਤੇ ਸਰਕਾਰ ਦੇ ਟਕਰਾਓ ਨੇ ਪੰਜਾਬ ਦਾ ਨੁਕਸਾਨ ਕੀਤਾ ਹੈ। ਸਿਆਸੀ ਬਦਲਾਖ਼ੋਰੀ ਦੀ ਤਸਵੀਰ ਵੀ ਤੱਥਾਂ ਨਾਲ ਦੇ ਕੇ ਜਾਣਕਾਰੀ ਦਿੱਤੀ ਹੈ। ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਪੰਜਾਬ ਦੇ ਕਾਂਗਰਸੀ ਨੇਤਾਵਾਂ ਉਪਰ ਭ੍ਰਿਸ਼ਟਾਚਾਰ ਦੇ ਕੇਸਾਂ ਸੰਬੰਧੀ ਕੀਤੀਆਂ ਗ੍ਰਿਫ਼ਤਾਰੀਆਂ ਬਾਰੇ ਵਿਸਤਾਰ ਨਾਲ ਲਿਖਿਦਿਆਂ ਕਿਹਾ ਕਿ ਅਜੇ ਹੋਰ ਨਿਸ਼ਾਨੇ 'ਤੇ ਹਨ, ਕੁਝ ਲੋਕਾਂ ਨੇ ਇਸ ਨੂੰ ਬਦਲਾਖ਼ੋਰੀ ਵੀ ਕਿਹਾ ਹੈ। ਪ੍ਰੰਤੂ ਭਗਵੰਤ ਮਾਨ ਨੇ ਆਪਣੇ ਵਜ਼ੀਰਾਂ ਤੇ ਵਿਧਾਨਕਾਰਾਂ ਨੂੰ ਵੀ ਨਹੀਂ ਬਖ਼ਸ਼ਿਆ। ਸਰਕਾਰ ਅਧਿਕਾਰੀਆਂ ਨੂੰ ਹੱਥ ਪਾਉਣ ਤੋਂ ਝਿਜਕ ਰਹੀ ਹੈ। ਸੰਸਦ ਅਤੇ ਰਾਜ ਵਿਧਾਨ ਸਭਾਵਾਂ ਦੇ ਇਜਲਾਸ ਛੋਟੇ ਹੋਣ ਅਤੇ ਨੇਤਾਵਾਂ ਵੱਲੋਂ ਲੋਕ ਹਿਤਾਂ ਨੂੰ ਅੱਖੋਂ-ਪਰੋਖੇ ਕਰਨ ਅਤੇ ਇਕ ਦੂਜੇ 'ਤੇ ਚਿੱਕੜ ਸੁੱਟਣ ਬਾਰੇ ਵੀ ਲੋਕਾਂ ਨੂੰ ਜਾਣਕਾਰੀ ਦਿੱਤੀ ਹੈ। ਲੋਕ ਸਭਾ 'ਤੇ ਰਾਜ ਸਭਾ ਦੇ ਮੈਂਬਰ ਲੋਕ ਹਿੱਤਾਂ ਦੀ ਗੱਲ ਕਰਨ ਦੀ ਥਾਂ ਗ਼ੈਰ ਹਾਜ਼ਰ ਰਹਿੰਦੇ ਹਨ। ਸੰਸਦ ਵਿਚ ਬਹੁਤੇ ਮੈਂਬਰ ਪੰਜਾਬ ਦੇ ਪੱਖ ਦੀ ਗੱਲ ਤਾਂ ਕੀ ਕਰਨੀ ਹੈ ਚੁੱਪ ਵੱਟੀ 'ਮੂੰਹ ਵਿਚ ਘੁੰਗਣੀਆਂ' ਪਾਈ ਰੱਖਦੇ ਹਨ। ਸਿਆਸਤ ਵਿਚ ਅਪਰਾਧੀਕਰਨ ਨੂੰ ਰੋਕਣ ਵਿਚ ਸੁਪਰੀਮ ਕੋਰਟ ਦੇ ਦਖ਼ਲ ਤੋਂ ਬਾਅਦ ਚੋਣ ਕਮਿਸ਼ਨ ਵੀ ਹੱਥ ਖੜ੍ਹੇ ਕਰ ਗਿਆ। ਕਿਸਾਨ ਤੇ ਮਜ਼ਦੂਰ ਮਿਹਨਤੀ ਹਨ, ਮੀਂਹ ਹਨ੍ਹੇਰੀ ਨੁਕਸਾਨ ਕਰਦੇ ਹਨ, ਜਿਸ ਕਰਕੇ ਉਨ੍ਹਾਂ ਦੀ ਆਰਥਿਕ ਹਾਲਤ ਮਾੜੀ ਹੈ ਪ੍ਰੰਤੂ ਫ਼ਜ਼ੂਲ ਖ਼ਰਚੀ ਕਰਨੋਂ ਨਹੀਂ ਹੱਟਦੇ। ਸਰਕਾਰਾਂ ਦੀ ਬੇਰੁਖੀ ਦੇ ਬਾਵਜੂਦ ਦੇਸ਼ ਦੇ ਅਨਾਜ ਦੀ ਲੋੜ ਕਿਸਾਨ ਪੂਰੀ ਕਰਦੇ ਹਨ। ਸੰਗਰੂਰ ਦੀ ਉਪ ਚੋਣ ਨੇ ਆਮ ਆਦਮੀ ਸਰਕਾਰ ਦੀ ਕਿਰਕਰੀ ਕੀਤੀ ਪ੍ਰੰਤੂ ਜਲੰਧਰ ਉਪ ਚੋਣ ਨੇ ਧਰਵਾਸ ਦਿੱਤਾ। ਬਨਵੈਤ ਲਿਖਦਾ ਹੈ ਕਿ ਦੇਸ਼ ਦੀ ਆਜ਼ਾਦੀ ਲਈ ਖ਼ੂਨ ਪੰਜਾਬੀਆਂ ਦਾ ਡੁੱਲ੍ਹਿਆ ਤੇ ਸਰਹੱਦਾਂ ਖ਼ੂਨ ਡੁੱਲ੍ਹ ਰਿਹਾ ਹੈ ਪ੍ਰੰਤੂ ਆਨੰਦ ਸਮੁੱਚਾ ਭਾਰਤ ਮਾਣ ਰਿਹਾ ਹੈ। ਕੇਂਦਰ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚੋਂ ਪੰਜਾਬ ਦੀ ਨੁਮਾਇੰਦਗੀ ਖ਼ਤਮ ਕਰ ਰਹੀ ਹੈ। ਪੰਜਾਬ ਯੂਨੀਵਰਸਿਟੀ ਪੰਜਾਬ ਦੀ ਜ਼ਮੀਨ 'ਤੇ ਬਣੀ ਹੈ ਪ੍ਰੰਤੂ ਕੇਂਦਰ ਸਰਕਾਰ ਰਾਜਪਾਲ ਰਾਹੀਂ ਪੰਜਾਬ ਦੇ ਅਧਿਕਾਰ ਖੋਹਣ ਕੀ ਕੋਸ਼ਿਸ਼ ਕਰ ਰਹੀ ਹੈ। ਪ੍ਰਕਾਸ਼ ਸਿੰਘ ਬਾਦਲ ਵਲੋਂ ਇਸ ਨੂੰ ਕੇਂਦਰੀ ਯੂਨੀਵਰਸਿਟੀ ਬਣਾਉਣ ਦੀ ਹਮਾਇਤ ਦਾ ਪਰਦਾਫ਼ਾਸ਼ ਕੀਤਾ ਹੈ। ਸਾਡੀ ਧਰਤੀ 'ਤੇ ਬਣਿਆਂ ਡੈਮ ਬਿਗਾਨਾ ਬਣਾ ਰਹੇ ਹਨ। 1966 ਵਿਚ ਪੰਜਾਬ ਦੀ ਵੰਡ ਹੋਣ ਤੋਂ ਬਾਅਦ ਹਿਮਾਚਲ ਅਤੇ ਹਰਿਆਣਾ ਬਣ ਗਏ, ਹੁਣ ਇਹ ਦੋਵੇਂ ਸੂਬੇ ਪੰਜਾਬ ਨਾਲ ਆਹਡਾ ਲਾਈ ਰੱਖਦੇ ਹਨ। ਹਰਿਆਣਾ ਹੋਰ ਪਾਣੀ ਦੀ ਮੰਗ ਕਰਦੈ ਤੇ ਹਿਮਾਚਲ ਪਾਣੀ 'ਤੇ ਸੈਸ ਲਾਉਣ ਦੀ ਗੱਲ ਕਰਦਾ ਹੈ। ਹਿਮਾਚਲ ਸਾਨਨ ਪਣ ਬਿਜਲੀ ਘਰ ਦੀ ਲੀਜ਼ ਵਧਾਉਣ ਦੀ ਥਾਂ ਖ਼ਤਮ ਕਰਨ ਦੇ ਗੋਗੇ ਗਾ ਰਿਹਾ ਹੈ। ਨਕਲੀ ਦਵਾਈਆਂ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਹੀਆਂ ਹਨ। ਪੰਜਾਬ ਦੇ ਕਾਂਗਰਸੀਆਂ ਦੀ ਫੁੱਟ ਬਾਰੇ ਵਿਸਤਾਰ ਨਾਲ ਦੱਸਿਆ ਹੈ ਕਿ ਉਹ ਹਾਰਾਂ ਖਾ ਕੇ ਵੀ ਸਮਝਦੇ ਨਹੀਂ। ਕਮਲਜੀਤ ਸਿੰਘ ਬਨਵੈਤ 'ਮੁਆਫ਼ੀ ਦਾ ਕੱਚ ਸੱਚ' ਵਿਚ ਇਹ ਵੀ ਲਿਖਦੇ ਹਨ ਕਿ ਕਾਂਗਰਸ ਨੇ ਬਲਿਊ ਸਟਾਰ ਅਪ੍ਰੇਸ਼ਨ ਅਤੇ ਅਕਾਲੀ ਦਲ ਨੇ ਬੇਅਦਬੀਆਂ ਨਾਲ ਪੰਜਾਬੀਆਂ ਖਾਸ ਤੌਰ 'ਤੇ ਸਿੱਖਾਂ ਨਾਲ ਧ੍ਰੋਹ ਕਮਾਇਆ ਹੈ। ਮੁਆਫ਼ੀਆਂ ਨਾਲ ਧ੍ਰੋਹ ਦੂਰ ਨਹੀਂ ਹੋ ਸਕਦਾ। ਬੰਦੀ ਸਿੰਘਾਂ ਬਾਰੇ ਲਿਖਦਿਆਂ ਉਸ ਨੇ ਅਸਿੱਧ ਤੌਰ 'ਤੇ ਕਿਹਾ ਹੈ ਕਿ ਸਿੱਖ ਗੱਦਾਰਾਂ ਨੇ ਹਮੇਸ਼ਾ ਢਾਹ ਲਾਈ ਹੈ। ਸਿਆਸਤਦਾਨ ਉਨ੍ਹਾਂ ਦੀ ਬਾਂਹ ਨਹੀਂ ਫੜਦੇ। 'ਕਰਜ਼ਾਈ ਪੰਜਾਬ' ਲੇਖ ਵਿਚ ਕਿਸਾਨਾਂ ਅਤੇ ਪੰਜਾਬ ਸਿਰ ਕਰਜ਼ੇ ਨੇ ਧੂੰਆਂ ਕੱਢਿਆ ਪਿਆ ਹੈ। ਸਾਰੀਆਂ ਪਾਰਟੀਆਂ ਦੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਚੰਗੀ ਨਹੀਂ ਰਹੀ। ਹਰੀ ਕ੍ਰਾਂਤੀ ਨੇ ਪੰਜਾਬੀ ਕਿਸਾਨ ਡੋਬ ਦਿੱਤੇ। ਗਰਭਪਾਤ ਦੇ ਕੇਸਾਂ ਵਿਚ ਵਾਧਾ ਚਿੰਤਾ ਵਿਸ਼ਾ ਹੈ। ਬਲਾਤਕਾਰਾਂ ਨਾਲ ਹੋਏ ਗਰਭ ਨੂੰ ਗਿਰਾਉਣ ਲਈ ਅਸੁਰੱਖਿਅਤ ਢੰਗ ਵਰਤੇ ਜਾਂਦੇ ਹਨ, ਜੋ ਖ਼ਤਰਨਾਕ ਹਨ। 'ਸਿਆਸੀ ਕਿਕਲੀ' ਵਿਚ ਭਗਵੰਤ ਮਾਨ ਦੀਆਂ ਬੜਕਾਂ ਅਤੇ ਵਿਰੋਧੀਆਂ ਵੱਲੋਂ ਕਰਾਰਾ ਜਵਾਬ ਲਿਖੇ ਗਏ ਹਨ ਪ੍ਰੰਤੂ ਪੰਚਾਇਤ ਦਾ ਕਿਹਾ ਸਿਰ ਮੱਥੇ ਪਰਨਾਲਾ ਉਥੇ ਦਾ ਉਥੇ ਹੀ ਹੈ। ਦੋਵੇਂ ਧਿਰਾਂ ਦੂਸ਼ਣਬਾਜ਼ੀ ਕਰ ਰਹੀਆਂ ਹਨ। ਰਾਜਨੀਤੀ ਸਿਧਾਂਤਹੀਣ ਬਣੀ ਪਈ ਹੈ। ਦਲ ਬਦਲੀਆਂ ਭਾਰੂ ਹਨ। ਅਕਾਲੀ ਦਲ ਲਈ ਸੁਖਬੀਰ ਸਿੰਘ ਬਾਦਲ ਦੀ ਸਿਆਸਤ ਲਾਹੇਬੰਦ ਨਹੀਂ ਸਾਬਤ ਹੋ ਰਹੀ। 'ਭਗਵੰਤ ਮਾਨ ਦਾ ਟ੍ਰਿਪਲ ਸ਼ਾਟ' ਲੇਖ ਵਿਚ ਗੁਰਬਾਣੀ ਦੇ ਪ੍ਰਸਾਰਣ ਦੇ ਅਧਿਕਾਰ ਬਾਰੇ, ਪੁਲਿਸ ਮੁਖੀ ਦੀ ਨਿਯੁਕਤ ਯੂ.ਪੀ.ਐੱਸ.ਸੀ. ਦੇ ਅਧਿਕਾਰ ਖੇਤਰ ਵਿਚੋਂ ਕੱਢਣ ਅਤੇ ਰਾਜਪਾਲ ਦੀ ਥਾਂ ਯੂਨਵਰਸਿਟੀਆਂ ਦੇ ਚਾਂਸਲਰ ਲਾਉਣ ਬਾਰੇ ਬਿਲ ਪਾਸ ਕਰਨ ਨੂੰ ਕਿਹਾ ਹੈ। 2023 ਵਿਚ ਪੰਜਾਬ ਵਿਚ ਆਏ ਹੜ੍ਹਾਂ ਦੀ ਮਾਰ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਸ਼ੰਭੂ ਅਤੇ ਖਨੌਰੀ ਸਰਹੱਦਾਂ ਦੇ ਕਿਸਾਨੀ ਅੰਦੋਲਨ ਪਹਿਲੇ ਅੰਦੋਲਨ ਦੀ ਤਰ੍ਹਾਂ ਸਿਆਸੀ ਪਾਰਟੀਆਂ ਦੀ ਮਦਦ ਲੈਣ ਵਿਚ ਅਸਫਲ ਰਿਹਾ ਹੈ, ਹਾਲਾਂਕਿ ਇਸ ਅੰਦੋਲਨ ਵਿਚ ਪੰਜਾਬ ਦਾ ਇਕ ਨੌਜਵਾਨ ਸ਼ੁਭਕਰਨ ਸਿੰਘ ਸ਼ਹੀਦੀ ਪਾ ਗਿਆ। ਪੰਜਾਬੀ ਵਿਆਹਾਂ 'ਤੇ ਕਰੋੜਾਂ ਰੁਪਏ ਖ਼ਰਚ ਰਹੇ ਹਨ, ਪ੍ਰੰਤੂ ਸਾਦੇ ਵਿਆਹ ਕਰਨ ਦੀ ਵਕਾਲਤ ਕੀਤੀ ਹੈ। ਆਖ਼ੀਰ ਵਿਚ ਇਹ ਲਿਖਣਾ ਜ਼ਰੂਰੀ ਸਮਝਦਾ ਹਾਂ ਕਿ ਬਿਹਤਰੀਨ ਨਿਬੰਧਾਂ ਵਿਚ ਕੁਝ ਘਾਟਾਂ ਰੜਕਦੀਆਂ ਹਨ। ਉਸ ਦਾ ਕਾਰਨ ਇਹ ਹੈ ਕਿ ਲੇਖਕ ਅਖ਼ਬਾਰਾਂ ਲਈ ਲੇਖ ਲਿਖਦਾ ਹੈ ਤੇ ਫਿਰ ਉਨ੍ਹਾਂ ਲੇਖਾਂ ਦੀ ਪੁਸਤਕ ਪ੍ਰਕਾਸ਼ਤ ਕਰਵਾ ਦਿੰਦਾ ਹੈ। ਇਹ ਲੇਖ ਜਿਸ ਸਮੇਂ ਲਿਖੇ ਸਨ, ਉਦੋਂ ਉਹ ਵਰਤਮਾਨ ਟੈਨਸ ਵਿਚ ਹੁੰਦੇ ਹਨ ਪ੍ਰੰਤੂ ਜਦੋਂ ਪੁਸਤਕ ਪ੍ਰਕਾਸ਼ਤ ਹੁੰਦੀ ਹੈ, ਤਾਂ ਉਨ੍ਹਾਂ ਨੂੰ ਪਾਸਟ ਟੈਨਸ ਵਿਚ ਕਰ ਦੇਣਾ ਬਣਦਾ ਹੈ, ਜਾਂ ਹਰ ਲੇਖ ਨਾਲ ਜਿਸ ਦਿਨ ਉਹ ਲੇਖ ਅਖ਼ਬਾਰ ਵਿਚ ਪ੍ਰਕਾਸ਼ਤ ਹੋਇਆ ਜਾਂ ਲਿਖਿਆ ਹੈ, ਉਸਦੀ ਤਾਰੀਕ ਪਾ ਦਿੱਤੀ ਜਾਵੇ। ਲੇਖਾਂ ਵਿਚ ਦੁਹਰਾਓ ਵੀ ਹੈ। ਸਮੁੱਚੇ ਤੌਰ 'ਤੇ ਚੰਗਾ ਉਦਮ ਹੈ।

126 ਪੰਨਿਆਂ, 200 ਰੁਪਏ ਕੀਮਤ ਵਾਲੀ ਇਹ ਪੁਸਤਕ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤੀ ਹੈ।








Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸੌਖਾ ਨਹੀਂ ਵਿਸ਼ਵ ਗੁਰੂ ਬਨਣ ਦਾ ਸਫ਼ਰ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)



> ਇਸ ਸਮੇਂ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਭਾਰਤੀ ਅਰਥ ਵਿਵਸਥਾ ਬਾਹਰੀ ਝਟਕਿਆਂ ਨੂੰ ਸਹਿਣਯੋਗ ਹੋਈ ਹੈ? ਕਿਉਂਕਿ ਬਾਹਰੀ ਝਟਕਿਆਂ ਤੋਂ ਉਭਾਰ ਹੀ ਕਿਸੇ ਦੇਸ਼ ਦੇ ਟਿਕਾਓ ਵਿਕਾਸ ਲਈ ਸਹਾਈ ਹੁੰਦਾ ਹੈ। ਬਿਨ੍ਹਾਂ ਸ਼ੱਕ ਤੇਜੀ ਨਾਲ ਵਧਦੇ ਭਾਰਤੀ ਬਾਜ਼ਾਰ ਦੇ ਕਾਰਨ ਭਾਰਤ ਦੇ ਮੁਕਤ ਵਪਾਰ ਸਮਝੌਤੇ (ਐੱਫ.ਟੀ.ਏ.) ਵਧ ਰਹੇ ਹਨ। ਪ੍ਰਵਾਸੀ ਭਾਰਤੀ ਲਗਾਤਾਰ ਬਾਹਰੋਂ ਧੰਨ ਭੇਜ ਰਹੇ ਹਨ, ਆਰਥਿਕ ਵਿਕਾਸ ਨੂੰ ਵੀ ਗਤੀ ਮਿਲ ਰਹੀ ਹੈ, ਪਰ ਦੇਸ਼ ਦੀ ਜੀ.ਡੀ.ਪੀ. ਵਧਾਉਣ ਦੇ ਨਾਲ-ਨਾਲ ਕੀ ਪ੍ਰਤੀ ਜੀਅ ਆਮਦਨ ਅਤੇ ਆਮ ਆਦਮੀ ਦੀ ਖੁਸ਼ਹਾਲੀ ਉਤੇ ਇਸ ਦਾ ਅਸਰ ਪੈ ਰਿਹਾ ਹੈ?

ਦੁਨੀਆਂ ਵਿਚ ਇਸ ਸਮੇਂ ਸੰਯੁਕਤ ਰਾਸ਼ਟਰ ਸੰਘ ਅਨੁਸਾਰ ਗਿਆਰਾਂ ਦੇਸ਼, ਵਿਕਸਤ ਦੇਸ਼ ਹਨ। ਇਨ੍ਹਾਂ ਵਿਚ ਮੁੱਖ ਤੌਰ 'ਤੇ ਯੂਰਪੀ ਦੇਸ਼ ਹਨ, ਜਿਹੜੇ ਉਦਯੋਗਿਕ ਰੂਪ 'ਚ ਵਿਕਸਿਤ ਹਨ। ਭਾਰਤ ਨੇ ਜੇਕਰ ਵਿਕਾਸਸ਼ੀਲ ਦੇਸ਼ ਤੋਂ ਵਿਕਸਿਤ ਦੇਸ਼ ਬਨਣਾ ਹੈ, ਤਾਂ ਉਸਨੂੰ ਔਖਾ ਸਫ਼ਰ ਤਹਿ ਕਰਨਾ ਹੋਵੇਗਾ।

ਭਾਰਤ ਨੇ 2047 ਤੱਕ ਵਿਕਸਿਤ ਦੇਸ਼ ਬਨਣ ਦਾ ਸੰਕਲਪ ਲਿਆ ਹੈ। ਮੌਜੂਦਾ ਚੋਣਾਂ 'ਚ ਵੀ ਹਾਕਮ ਧਿਰ ਭਾਜਪਾ ਵਿਕਸਿਤ ਦੇਸ਼ ਦੇ ਸੰਕਲਪ ਨੂੰ ਇੱਕ ਨਾਹਰੇ ਵਜੋਂ ਵਰਤ ਰਹੀ ਹੈ। ਜੇਕਰ ਭਾਰਤ ਨੇ 2047 ਤੱਕ ਵਿਕਸਿਤ ਦੇਸ਼ ਦਾ 'ਖਿਤਾਬ' ਪ੍ਰਾਪਤ ਕਰਨਾ ਹੈ, ਤਾਂ ਉਸਨੂੰ ਲਗਾਤਾਰ 8 ਫੀਸਦੀ ਤੋਂ 9 ਫੀਸਦੀ ਸਾਲਾਨਾ ਵਿਕਾਸ ਦਰ ਪ੍ਰਾਪਤ ਕਰਨੀ ਪਵੇਗੀ। 10 ਅਪ੍ਰੈਲ, 2024 ਨੂੰ ਏਸ਼ੀਆਈ ਵਿਕਾਸ ਬੈਂਕ ਨੇ ਸਾਲ 2024-25 ਲਈ ਭਾਰਤ ਦੀ ਜੀ.ਡੀ.ਪੀ. ਦਰ 7 ਫੀਸਦੀ ਦਾ ਅਨੁਮਾਨ ਦਿੱਤਾ ਹੈ।

ਤਾਂ ਫਿਰ ਕਿਵੇਂ ਆਉਂਦੇ 23 ਸਾਲਾਂ 'ਚ ਭਾਰਤ ਆਪਣੀ ਪ੍ਰਤੀ ਜੀਅ ਔਸਤ ਸਾਲਾਨਾ ਆਮਦਨ 2600 ਡਾਲਰ ਤੋਂ ਵਧਾਕੇ 12000 ਡਾਲਰ ਕਰੇਗਾ? ਭਾਰਤ ਨੂੰ ਆਰਥਿਕ ਸੁਧਾਰਾਂ ਦੀ ਲੋੜ ਹੈ। ਭਾਰਤ ਨੂੰ ਖੇਤੀ ਅਤੇ ਮਜ਼ਦੂਰੀ ਸੁਧਾਰਾਂ 'ਚ ਅੱਗੇ ਵਧਣਾ ਹੋਏਗਾ। ਭਾਰਤ ਨੂੰ ਆਪਣਾ ਬੁਨਿਆਦੀ ਢਾਂਚਾ ਮਜ਼ਬੂਤ ਕਰਨਾ ਪਵੇਗਾ। ਭਾਰਤ ਵਿਚ ਸੰਸਕ੍ਰਿਤ ਅਤੇ ਰਾਸ਼ਟਰੀ ਵਿਕਾਸ ਦੇ ਮੁੱਲ ਸਥਾਪਤ ਕਰਨੇ ਹੋਣਗੇ। ਭਾਰਤ ਨੂੰ ਸਿੱਖਿਆ, ਸਿਹਤ ਦੇ ਖੇਤਰਾਂ 'ਚ ਗੁਣਾਂ ਪੱਖੋਂ ਪੈੜਾਂ ਪਾਉਣੀਆਂ ਪੈਣਗੀਆਂ ਅਤੇ ਸਭ ਤੋਂ ਵੱਧ ਇਹ ਕਿ ਉਸ ਨੂੰ ਦੇਸ਼ 'ਚੋਂ ਗਰੀਬੀ, ਭ੍ਰਿਸ਼ਟਾਚਾਰ ਖ਼ਤਮ ਕਰਕੇ ਸਿਆਸੀ ਸਥਿਰਤਾ ਨਾਲ ਅੱਗੇ ਕਦਮ ਪੁੱਟਣੇ ਹੋਣਗੇ। ਪਰ ਕੀ ਇਸ ਸਮੇਂ, ਦੇਸ਼ ਦੇ ਮੌਜੂਦਾ ਹਾਲਤਾਂ ਵਿਚ "ਦੇਸ਼ ਭਾਰਤ" ਇਹ ਚੁਣੌਤੀਆਂ ਪ੍ਰਵਾਨ ਕਰਨ ਲਈ ਤਿਆਰ ਹੈ?

ਸੰਯੁਕਤ ਰਾਸ਼ਟਰ ਸੰਘ ਵਲੋਂ ਜਾਰੀ ਕੀਤੀ ਗਈ ਮਾਨਵ ਵਿਕਾਸ ਸੂਚਾਂਕ (ਐੱਮ.ਡੀ.ਆਈ.) ਰਿਪੋਰਟ ਅਨੁਸਾਰ ਭਾਰਤ 193 ਦੇਸ਼ਾਂ ਵਿਚੋਂ 134ਵੇਂ ਥਾਂ ਹੈ। ਵਿਸ਼ਵ ਖੁਸ਼ਹਾਲੀ ਰਿਪੋਰਟ 2024 'ਚ ਭਾਰਤ ਨੂੰ 143 ਦੇਸ਼ਾਂ ਵਿਚੋਂ 126ਵਾਂ ਥਾਂ ਮਿਲਿਆ ਹੈ। ਜੀ.ਡੀ.ਪੀ. ਦੇ ਅਨੁਪਾਤ ਵਿਚ ਦੇਸ਼ ਦਾ ਖੋਜ਼ ਅਤੇ ਵਿਕਾਸ ਖੇਤਰ ਵਿਚ ਕੁੱਲ ਖਰਚ ਕੇਵਲ 0.64 ਫੀਸਦੀ ਹੈ, ਜਦਕਿ ਵਿਸ਼ਵ ਪੱਧਰ 'ਤੇ ਇਹ ਅਨੁਪਾਤ 2.71 ਹੈ, ਜੋ ਕਿ ਵਿਸ਼ਵ ਪੱਧਰ 'ਤੇ ਕਾਫੀ ਘੱਟ ਹੈ। ਭਾਵੇਂ ਭਾਰਤ ਇਸ ਸਮੇਂ ਜੀ.ਡੀ.ਪੀ. ਦੇ ਮੱਦੇਨਜ਼ਰ ਦੁਨੀਆਂ ਦੀ ਪੰਜਵੀਂ ਸਭ ਤੋਂ ਵੱਡੀ ਅਰਥ ਵਿਵਸਥਾ ਹੈ, ਭਾਰਤ ਤੋਂ ਅੱਗੇ ਅਮਰੀਕਾ, ਚੀਨ, ਜਰਮਨ ਤੇ ਜਪਾਨ ਹਨ, ਪਰ ਦੇਸ਼ 'ਚ ਭੁੱਖਮਰੀ ਦੀ ਹਾਲਤ ਚਿੰਤਾਜਨਕ ਹੈ।

ਵਰਲਡ ਪਵਰਟੀ ਇੰਡੈਕਸ ਅਨੁਸਾਰ ਭੁੱਖਮਰੀ 'ਚ ਭਾਰਤ 125 ਦੇਸ਼ਾਂ ਵਿਚੋਂ 111ਵੇਂ ਥਾਂ 'ਤੇ ਹੈ। ਲੀਗ ਆਫ਼ ਨੈਸ਼ਨਲਜ਼ ਦੇ ਦੇਸ਼ਾਂ ਵਿਚ ਪ੍ਰਤੀ ਜੀਅ ਆਮਦਨ ਦੇ ਮਾਮਲੇ 'ਚ ਭਾਰਤ ਦੀ ਥਾਂ 139ਵੀਂ ਹੈ ਅਤੇ ਇਹ ਬਰਿਕਸ ਅਤੇ ਜੀ-20 ਦੇਸ਼ਾਂ 'ਚ ਇਸ ਮਾਮਲੇ 'ਚ ਫਾਡੀ ਹੈ।

ਭਾਵੇਂ ਕਿ ਕਿਹਾ ਇਹ ਵੀ ਜਾ ਰਿਹਾ ਹੈ ਕਿ ਪਿਛਲੇ ਦਹਾਕੇ 'ਚ ਗਰੀਬਾਂ ਦੀ ਗਿਣਤੀ 'ਚ ਭਾਰਤ 'ਚ ਕਮੀ ਆਈ ਹੈ ਅਤੇ ਇਕ ਰਿਪੋਰਟ ਅਨੁਸਾਰ ਭਾਰਤ 'ਚੋਂ 15 ਕਰੋੜ ਗਰੀਬ ਘਟੇ ਹਨ, ਪਰ 80 ਕਰੋੜ ਤੋਂ ਵੱਧ ਗਰੀਬ ਲੋਕਾਂ ਨੂੰ ਮੁਫ਼ਤ ਅਨਾਜ ਦੇਣਾ ਆਖ਼ਿਰ ਕੀ ਦਰਸਾਉਂਦਾ ਹੈ? ਕੀ ਇਹ ਭਾਰਤ ਦੇਸ਼ ਦੀ ਤਰੱਕੀ ਦਾ ਚਿੰਨ੍ਹ ਹੈ ਕਿ 19 ਕਰੋੜ ਤੋਂ ਵੱਧ ਔਰਤਾਂ ਸ਼ਸ਼ਕਤੀਕਰਨ ਦੇ ਮੌਕੇ ਦੀ ਭਾਲ ਵਿਚ ਹਨ, ਪਰ ਘਰੀਂ ਬੇਕਾਰ ਬੈਠੀਆਂ ਹਨ।

ਵਿਕਾਸ ਕੋਈ ਅੰਕੜਿਆਂ ਦੀ ਖੇਡ ਨਹੀਂ ਹੈ। ਨਾ ਹੀ ਵਿਕਾਸ ਹਿਸਾਬ ਦਾ ਸਵਾਲ ਦੋ ਤੇ ਦੋ ਚਾਰ ਹੈ। ਵਿਕਾਸ ਦਾ ਮੂਲ ਤਾਂ ਆਰਥਿਕ ਵਿੱਤੀ ਅਤੇ ਬੁਨਿਆਦੀ ਸੁਧਾਰਾਂ 'ਚ ਛੁਪਿਆ ਹੋਇਆ ਹੈ। ਵਿਕਾਸ ਦੀ ਰੂਪ ਰੇਖਾ ਤਾਂ ਖੇਤੀ, ਬੁਨਿਆਦੀ ਢਾਂਚੇ, ਸਿੱਖਿਆ, ਰੁਜ਼ਗਾਰ, ਉਦਯੋਗ, ਸੇਵਾ ਖੇਤਰ, ਵਪਾਰ, ਊਰਜਾ ਦੇ ਨਵੇਂ ਸਾਧਨਾਂ ਦੀ ਵਰਤੋਂ, ਸਿਹਤ, ਗਰੀਬੀ 'ਚ ਕਮੀ, ਸੰਤੁਲਿਤ ਖੇਤਰੀ ਵਿਕਾਸ, ਪ੍ਰਭਾਵੀ ਨਿਆਂ ਵਿਵਸਥਾ ਜਿਹੇ ਮੁੱਦਿਆਂ 'ਤੇ ਟਿਕੀ ਹੋਈ ਹੈ ਅਤੇ ਇਸ ਤੋਂ ਵੀ ਵੱਧ ਦੇਸ਼ 'ਚ ਸਿਆਸੀ ਸਥਿਰਤਾ, ਵਿਕਾਸ ਨੂੰ ਹੁਲਾਰਾ ਦੇਣ 'ਚ ਸਹਾਈ ਹੁੰਦੀ ਹੈ। ਇਸ ਸਮੇਂ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਭਾਰਤੀ ਅਰਥ ਵਿਵਸਥਾ ਬਾਹਰੀ ਝਟਕਿਆਂ ਨੂੰ ਸਹਿਣਯੋਗ ਹੋਈ ਹੈ? ਕਿਉਂਕਿ ਬਾਹਰੀ ਝਟਕਿਆਂ ਤੋਂ ਉਭਾਰ ਹੀ ਕਿਸੇ ਦੇਸ਼ ਦੇ ਟਿਕਾਓ ਵਿਕਾਸ ਲਈ ਸਹਾਈ ਹੁੰਦਾ ਹੈ। ਬਿਨ੍ਹਾਂ ਸ਼ੱਕ ਤੇਜੀ ਨਾਲ ਵਧਦੇ ਭਾਰਤੀ ਬਾਜ਼ਾਰ ਦੇ ਕਾਰਨ ਭਾਰਤ ਦੇ ਮੁਕਤ ਵਪਾਰ ਸਮਝੌਤੇ (ਐੱਫ.ਟੀ.ਏ.) ਵਧ ਰਹੇ ਹਨ। ਪ੍ਰਵਾਸੀ ਭਾਰਤੀ ਲਗਾਤਾਰ ਬਾਹਰੋਂ ਧੰਨ ਭੇਜ ਰਹੇ ਹਨ, ਆਰਥਿਕ ਵਿਕਾਸ ਨੂੰ ਵੀ ਗਤੀ ਮਿਲ ਰਹੀ ਹੈ, ਪਰ ਦੇਸ਼ ਦੀ ਜੀ.ਡੀ.ਪੀ. ਵਧਾਉਣ ਦੇ ਨਾਲ-ਨਾਲ ਕੀ ਪ੍ਰਤੀ ਜੀਅ ਆਮਦਨ ਅਤੇ ਆਮ ਆਦਮੀ ਦੀ ਖੁਸ਼ਹਾਲੀ ਉਤੇ ਇਸ ਦਾ ਅਸਰ ਪੈ ਰਿਹਾ ਹੈ?

ਕੁਝ ਤੱਥ ਵਿਚਾਰਨਯੋਗ ਹਨ। ਕੌਮੀ ਸਿਹਤ ਅਥਾਰਿਟੀ ਦਾ ਪੋਰਟਲ ਖੁਦ ਇਹ ਮੰਨਦਾ ਹੈ ਕਿ ਹਰੇਕ ਸਾਲ ਸਿਹਤ 'ਤੇ ਵਧ ਰਿਹਾ ਖ਼ਰਚ ਤਕਰੀਬਨ ਛੇ ਕਰੋੜ ਭਾਰਤੀਆਂ ਨੂੰ ਗਰੀਬੀ ਵੱਲ ਧੱਕ ਰਿਹਾ ਹੈ।

ਦੂਜਾ ਕਿਸਾਨ ਭਾਈਵਾਰੇ ਦੀਆਂ ਕਈ ਪੀੜ੍ਹੀਆਂ ਨੂੰ ਮੈਕਰੋ/ਵਿਆਪਕ ਅਰਥਚਾਰੇ ਦੇ ਮਿਆਦ ਪੁਗਾ ਚੁਕੇ ਢਾਂਚੇ ਕਾਰਨ ਗਰੀਬੀ ਭੋਗਣੀ ਪੈ ਰਹੀ ਹੈ। ਆਮਦਨ ਵਿਚ ਖੜੋਤ ਦਿਖਾਈ ਦੇ ਰਹੀ ਹੈ।

ਦਿਹਾਤੀ ਉਜਰਤਾਂ ਪਿਛਲੇ 10 ਸਾਲਾਂ 'ਚ ਲਗਭਗ ਨਾਂਹ ਦੇ ਬਰਾਬਰ ਵਧੀਆਂ ਹਨ, ਜਿਸ ਕਾਰਨ ਲੋਕ ਗੈਰ-ਜ਼ਮਾਨਤੀ ਨਿੱਜੀ ਕਰਜ਼ਿਆਂ ਦਾ ਸ਼ਿਕਾਰ ਹੋ ਰਹੇ ਹਨ। ਵਧ ਰਹੇ ਵਿੱਤੀ ਦਬਾਅ, ਬੈਂਕ ਕਰਜ਼ਿਆਂ ਦੀ ਲੋੜ ਪੈਦਾ ਕਰ ਰਹੇ ਹਨ। ਕਿਸਾਨ ਆਪਣੇ ਖੇਤ ਗਿਰਵੀ ਰੱਖ ਰਹੇ ਹਨ। ਇਹ ਸਿਰਫ਼ ਅਸਮਾਨ ਛੂੰਹਦੇ ਖੁਰਾਕੀ ਖਰਚਿਆਂ ਕਾਰਨ ਨਹੀਂ, ਸਗੋਂ ਸਿਹਤ, ਸਿੱਖਿਆ ਅਤੇ ਅਵਾਸ ਉਤੇ ਨਿਰੰਤਰ ਵਧੇ ਖ਼ਰਚਿਆਂ ਦਾ ਨਤੀਜਾ ਹਨ।

ਵਿਸ਼ਵ ਬੈਂਕ ਵਲੋਂ ਭਾਰਤ ਨੂੰ "ਲੋਅਰ ਮਿਡਲ ਇਨਕਮ ਗਰੁੱਪ" (ਹੇਠਲੇ ਮੱਧ ਆਮਦਨ ਗਰੁੱਪ) ਵਿਚ ਰੱਖਿਆ ਗਿਆ ਹੈ, ਜਿਸ ਦੀ ਪ੍ਰਤੀ ਨਿਵਾਸੀ ਔਸਤ ਆਮਦਨ ਘੱਟ ਹੈ ਅਤੇ ਵਧੀਆ ਸਿਹਤ ਸੇਵਾਵਾਂ ਅਤੇ ਉੱਚ ਸਿੱਖਿਆ ਦੀ ਪਹੁੰਚ ਅਤਿ ਸੀਮਤ ਹੈ। ਇਥੋਂ ਦੀ ਸਾਖਰਤਾ ਦਰ ਵਿਕਸਤ ਦੇਸ਼ ਦੇ ਮੁਕਾਬਲੇ ਘੱਟ ਹੈ ਅਤੇ ਦੇਸ਼ ਉਦਯੋਗਿਕ ਖੇਤਰ ਤੋਂ ਉਤਨਾ ਮਾਲੀਆ ਪੈਦਾ ਨਹੀਂ ਕਰਦਾ, ਜਿੰਨਾ ਸੇਵਾ ਖੇਤਰ ਤੋਂ ਕਰਦਾ ਹੈ।

ਵਿਕਸਿਤ ਦੇਸ਼ ਅਰਥਾਤ ਉਦਯੋਗਿਕ ਦੇਸ਼ ਉਹ ਗਿਣੇ ਜਾਂਦੇ ਹਨ, ਜਿਨ੍ਹਾਂ ਦੀ ਉੱਚੀ ਵਿਕਾਸ ਦਰ ਹੈ। ਜਿਥੇ ਅਧਿਕ ਵਿਕਸਤ ਲੋਕਤੰਤਰ ਹੈ ਅਤੇ ਜਿਹੜਾ ਸਭ ਤੋਂ ਵੱਧ ਇਨਸਾਫ਼ ਪਸੰਦ ਹੈ। ਇਸ ਸ਼੍ਰੇਣੀ ਵਿਚ ਦੁਨੀਆਂ ਦਾ ਸਭ ਤੋਂ ਪਹਿਲਾ ਦੇਸ਼ ਨਾਰਵੇ ਹੈ, ਜਿਸਨੂੰ ਲੋਕਤੰਤਰੀ ਕਦਰਾਂ-ਕੀਮਤਾਂ ਵਾਲਾ ਨਿਆਂਇਕ ਦੇਸ਼ ਮੰਨਿਆ ਜਾਂਦਾ ਹੈ। ਅਮਰੀਕਾ, ਬਰਤਾਨੀਆ, ਜਪਾਨ, ਜਰਮਨੀ, ਕੈਨੇਡਾ, ਫਰਾਂਸ, ਰੂਸ, ਅਸਟਰੇਲੀਆ, ਇਟਲੀ, ਸਵੀਡਨ ਅਤੇ ਸਵਿੱਟਰਜਲੈਂਡ ਵੀ ਇਸੇ ਸ਼੍ਰੇਣੀ ਦੇ ਭਾਵ ਵਿਕਸਿਤ ਦੇਸ਼ ਹਨ।

ਭਾਵੇਂ ਆਈ.ਐੱਮ.ਐੱਫ. ਦੇ ਅਨੁਸਾਰ ਭਾਰਤ ਦੀ ਇਸ ਵਕਤ ਜੀ.ਡੀ.ਪੀ. 3.74 ਟ੍ਰਿਲੀਅਨ ਡਾਲਰ ਹੈ, ਪਰ ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਨਿਆਂਇਕ ਦੇਸ਼ ਪੱਖੋਂ ਇਸ ਦੇਸ਼ 'ਤੇ ਪਿਛਲੇ ਇੱਕ ਦਹਾਕੇ ਤੋਂ ਲਗਾਤਾਰ ਸਵਾਲ ਉਠ ਰਹੇ ਹਨ।

ਦੇਸ਼ ਵਿਸ਼ਵ ਗੁਰੂ ਦਾ ਲਕਬ ਵਰਤ ਰਿਹਾ ਹੈ, ਪਰ ਮਹਿੰਗਾਈ, ਬੇਰਜ਼ੁਗਾਰੀ, ਆਰਥਿਕ ਨਾਬਰਾਬਰੀ ਦਾ ਸ਼ਿਕੰਜਾ ਦੇਸ਼ ਉਤੇ ਸਿਖ਼ਰਾਂ ਦਾ ਹੈ। ਨਫ਼ਰਤੀ ਵਰਤਾਰੇ, ਨਫ਼ਰਤੀ ਭਾਸ਼ਨ, ਧਰਮ ਧਰੁਵੀਕਰਨ ਦੀ ਸਿਆਸਤ ਨੇ ਦੇਸ਼ ਦਾ ਨਾਂਅ, ਲੋਕਤੰਤਰੀ ਕਦਰਾਂ-ਕੀਮਤਾਂ 'ਚ ਧੁੰਦਲਾ ਕੀਤਾ ਹੈ। ਦੇਸ਼ 'ਚ ਗਰੀਬਾਂ, ਦਲਿਤਾਂ, ਪੱਛੜਿਆਂ, ਆਦਿਵਾਸੀਆਂ, ਘੱਟ ਗਿਣਤੀਆਂ ਸਮੇਤ ਮੁਸਲਮਾਨਾਂ ਨਾਲ ਵਿਵਹਾਰ ਹਾਕਮਾਂ ਦੇ ਵੰਡ ਪਾਊ ਰਵੱਈਏ ਦੀ ਵੱਡੀ ਉਦਾਹਰਨ ਹਨ।

ਦੇਸ਼ ਵਿਚ ਜਿਸ ਢੰਗ ਨਾਲ ਫਿਰਕੂ ਨਫ਼ਰਤ, ਆਪਸੀ ਬੇਭਰੋਸਗੀ, ਸ਼ੱਕ-ਸ਼ੁਬਹਾ ਅਤੇ ਜ਼ਹਿਰ ਵਧ ਰਿਹਾ ਹੈ, ਉਹ ਕਿਸੇ ਵੀ ਨਿਆਂਇਕ ਮੁਲਕ ਵਿਚ ਤਰਕ ਸੰਗਤ ਨਹੀਂ, ਸਗੋਂ ਅਨਿਆਂ ਹੈ, ਬੇਇੰਨਸਾਫੀ ਹੈ।

ਦੇਸ਼ ਵਿਚ ਬਦਲਦੀਆਂ ਡਿਕਟੇਟਰਾਨਾ ਸਮੀਕਰਨਾਂ ਕਾਰਨ ਨਵੀਆਂ ਸਮੱਸਿਆਵਾਂ, ਮੁੱਦੇ ਅਤੇ ਪ੍ਰਸਥਿਤੀਆਂ ਪੈਦਾ ਹੋ ਰਹੀਆਂ ਹਨ। ਇਹ ਪ੍ਰਸਥਿਤੀਆਂ ਚਿੰਤਾਜਨਕ ਹਨ। ਇਹ ਕਿਸੇ ਵੀ ਵਿਕਾਸਸ਼ੀਲ ਦੇਸ਼ ਦੇ ਵਿਕਸਿਤ ਦੇਸ਼ ਦਾ ਪੈਂਡਾ ਤਹਿ ਕਰਨ ਲਈ ਵੱਡੀ ਰੁਕਾਵਟ ਹਨ। ਦੇਸ਼ 'ਚ ਘੱਟ ਗਿਣਤੀਆਂ ਨੂੰ ਮਨ ਤੋਂ ਹੀ ਦੋ ਨੰਬਰ ਦੇ ਸ਼ਹਿਰੀ ਗਰਦਾਨ ਦੇਣਾ, ਗਰੀਬ ਗੁਰਬਿਆਂ ਦੀ ਸਾਰ ਨਾ ਲੈ ਕੇ ਧੰਨ ਕੁਬੇਰਾਂ ਦਾ ਪੱਖ ਪੂਰਨਾ, ਦੇਸ਼ ਦੀ ਕੁਦਰਤੀ ਅਤੇ ਸਰਕਾਰੀ ਸੰਪਤੀ ਕਾਰਪੋਰੇਟਾਂ ਹੱਥ ਸੌਂਪਕੇ ਦੇਸ਼ 'ਚ ਆਮ ਲੋਕਾਂ ਦੀ ਲੁੱਟ ਅਤੇ ਆਰਥਿਕ ਨਾ ਬਰਾਬਰੀ ਦਾ ਰਾਹ ਪੱਧਰਾ ਕਰਨਾ, ਵਿਕਸਿਤ ਦੇਸ਼ ਵੱਲ ਵਧਣ ਵਾਲੇ ਕਦਮ 'ਚ ਜੰਜ਼ੀਰ ਪਾਉਣ ਸਮਾਨ ਹੈ।

ਬਿਨ੍ਹਾਂ ਸ਼ੱਕ ਦੇਸ਼ ਦੇ ਵਿਗਿਆਨਕਾਂ ਵਲੋਂ ਪੁਲਾੜੀ ਪੁਲਾਘਾਂ ਪੁੱਟੀਆਂ ਜਾ ਰਹੀਆਂ ਹਨ, ਆਰਟੀਫੀਸ਼ੀਅਲ ਇੰਟੈਂਲੀਜੈਂਸ, ਸੈਮੀਕੰਡਕਟਰ, ਊਰਜਾ ਅਤੇ ਨਵੇਂ ਤਕਨੀਕੀ ਵਿਕਾਸ ਕਾਰਨ ਦੇਸ਼ ਭਾਰਤ ਨੂੰ ਆਰਥਿਕ ਵਿਕਾਸ ਦੀ ਗਤੀ ਮਿਲ ਰਹੀ ਹੈ, ਪਰ ਭਾਰਤ ਦੇ ਪਿਛਲੇ 75 ਵਰ੍ਹਿਆਂ ਦੀਆਂ ਪ੍ਰਾਪਤੀਆਂ ਸੰਤੋਸ਼ਜਨਕ ਨਹੀਂ ਰਹੀਆਂ।

ਇਨ੍ਹਾਂ ਸਾਲਾਂ 'ਚ ਜਨਸੰਖਿਆ ਵਧੀ ਹੈ, ਜਿਸਨੇ ਵਿਕਰਾਲ ਰੂਪ ਧਾਰਿਆ ਹੋਇਆ ਹੈ। ਦੇਸ਼ ਦੀ ਅਰਥ ਵਿਵਸਥਾ ਸਿਰਫ ਖੇਤੀ 'ਤੇ ਹੀ ਨਿਰਭਰ ਰਹੀ ਹੈ, ਉਦਯੋਗ ਤੇ ਸੇਵਾ ਸੈਕਟਰ ਦਾ ਯੋਗਦਾਨ ਅਨੁਪਾਤਕ ਘੱਟ ਰਿਹਾ ਹੈ। ਇਨ੍ਹਾਂ ਸਾਲਾਂ 'ਚ ਭ੍ਰਿਸ਼ਟਾਚਾਰ ਵਧਿਆ ਹੈ ਅਤੇ ਟੈਕਨਾਲੋਜੀ ਵਰਤਣ 'ਚ ਅਸੀਂ ਪਿੱਛੇ ਰਹੇ ਹਾਂ। ਜ਼ਿੰਦਗੀ ਜੀਊਣ ਦੇ ਪੱਧਰ 'ਚ ਕੋਈ ਵਰਨਣਯੋਗ ਵਾਧਾ ਨਹੀਂ ਹੋਇਆ।

ਸਾਡੇ ਪਿੰਡਾਂ ਦੇ ਲੱਖਾਂ ਲੋਕ ਹੁਣ ਵੀ ਹਰ ਰੋਜ਼ ਭੁੱਖੇ ਸੌਂਦੇ ਹਨ ਅਤੇ ਸਕੂਲਾਂ, ਹਸਪਤਾਲਾਂ, ਸੜਕਾਂ ਜਿਹੀਆਂ ਬੁਨਿਆਦੀ ਲੋੜਾਂ ਤੋਂ ਵਿਰਵੇ ਹਨ। ਸ਼ਹਿਰਾਂ 'ਚ ਕਚਰੇ ਦੇ ਢੇਰ ਹਨ, ਪਾਣੀ, ਬਿਜਲੀ ਦਾ ਸੰਕਟ ਹਰ ਵੇਲੇ ਮੰਡਰਾਉਂਦਾ ਹੈ। ਸਭ ਤੋਂ ਵੱਡੀ ਤ੍ਰਾਸਦੀ ਤਾਂ ਇਹ ਹੈ ਕਿ ਜਿਨ੍ਹਾਂ ਸਿਆਸਤਦਾਨਾਂ ਨੇ ਦੇਸ਼ ਦੀ ਦਿੱਖ ਸੁਆਰਨੀ ਹੈ, ਲੋਕਾਂ ਲਈ ਸੁਵਿਧਾਵਾਂ ਦਾ ਪ੍ਰਬੰਧ ਕਰਨਾ ਹੈ, ਉਹ ਰਾਜ ਨੇਤਾ ਬੱਸ "ਮਾਈ ਬਾਪ" 'ਰਾਜੇ' ਬਨਣ ਵੱਲ ਤੁਰੇ ਹੋਏ ਹਨ।

ਵਿਕਸਿਤ ਦੇਸ਼ਾਂ ਦੇ ਲੋਕ ਆਪਣੇ ਜੀਵਨ ਨੂੰ ਬਿਹਤਰ ਬਨਾਉਣ ਦੀਆਂ ਮੰਗਾਂ ਤੇ ਵੋਟਾਂ ਦਿੰਦੇ ਹਨ, ਪਰ ਸਾਡੇ ਦੇਸ਼ ਦੇ ਲੋਕਾਂ ਨੂੰ "ਧਰਮ ਧਰੁਵੀਕਰਨ" ਦੀ ਰਾਜਨੀਤੀ ਨਾਲ ਹਾਕਮਾਂ ਨੇ ਉਲਝਾਇਆ ਹੋਇਆ ਹੈ। ਇਸ ਲਈ ਸੰਯੁਕਤ ਰਾਸ਼ਟਰ ਸੰਘ, ਵਿਸ਼ਵ ਬੈਂਕ, ਵਿਸ਼ਵ ਵਪਾਰ ਸੰਗਠਨ ਅਤੇ ਵਿਸ਼ਵ ਆਰਥਿਕ ਮੰਚ ਜਿਹੀਆਂ ਏਜੰਸੀਆਂ ਵਲੋਂ ਹੇਠਲੀ ਮੱਧ ਆਮਦਨ ਵਰਗ ਵਾਲੇ ਦੇਸ਼ਾਂ ਦੀ ਸੂਚੀ 'ਚ ਸ਼ਾਮਲ ਭਾਰਤ ਵਰਗੇ ਦੇਸ਼ ਲਈ ਵਿਕਾਸਸ਼ੀਲ ਦੇਸ਼ ਤੋਂ ਵਿਕਸਿਤ ਦੇਸ਼ ਦੀ ਲਕੀਰ ਨੂੰ ਲੰਘਣਾ ਸੌਖਾ ਨਹੀਂ।

ਇਸ ਵੇਲੇ ਭਾਰਤੀ ਲੋਕਤੰਤਰ ਨੂੰ ਜਨਸੰਖਿਆ, ਨਿਆਂ ਸਬੰਧੀ, ਲੋਕਤੰਤਰੀ ਕਦਰਾਂ-ਕੀਮਤਾਂ ਸਬੰਧੀ ਚੁਣੌਤੀਆਂ ਹਨ। ਭਾਰਤੀ ਲੋਕਤੰਤਰ ਬਣੇ ਰਹਿਣ ਲਈ ਸੰਘਰਸ਼ ਕਰ ਰਹੇ ਹਨ।

ਭਾਰਤੀ ਇਸ ਆਸ 'ਚ ਬੈਠੇ ਹਨ ਕਿ ਉਨ੍ਹਾਂ ਨੂੰ ਨਿਰਪੱਖ ਤੌਰ 'ਤੇ ਵਿਗਸਣ ਦਾ ਮੌਕਾ ਮਿਲੇ ਅਤੇ ਉਨ੍ਹਾਂ ਉਤੇ ਕੁਝ ਵੀ ਜ਼ਬਰੀ ਨਾ ਥੋਪਿਆ ਜਾਵੇ, ਨਹੀਂ ਤਾਂ ਵਿਕਸਿਤ ਦੇਸ਼ ਦਾ ਦਰਜਾ ਪ੍ਰਾਪਤ ਕਰਨਾ ਦੇਸ਼ ਲਈ ਔਖਾ ਹੋ ਜਾਏਗਾ।

# ਸਮਾਜ ਨੂੰ ਬੁਰੀ ਤਰ੍ਹਾਂ ਆਪਣੀ ਲਪੇਟ ਵਿਚ ਲੈ ਰਿਹਾ ਨਸ਼ਾ

ਸੰਜੀਵ ਸਿੰਘ ਸੈਣੀ
ਮੋਹਾਲੀ
78889-66168
(Punjab Mail USA)





ਹਾਲ ਹੀ ਵਿਚ ਜਲੰਧਰ ਪੁਲਿਸ ਵੱਲੋਂ 48 ਕਿਲੋ ਹੈਰੋਇਨ ਸਮੇਤ ਤਿੰਨ ਤਸਕਰਾਂ ਨੂੰ ਕਾਬੂ ਕੀਤਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜੋ ਮੁਲਜ਼ਮਾਂ ਨੂੰ ਫੜਿਆ ਗਿਆ ਹੈ, ਉਨ੍ਹਾਂ ਵਿਚ ਧੀ ਜਵਾਈ ਵੀ ਸ਼ਾਮਲ ਸਨ। ਪੁਲਿਸ ਵੱਲੋਂ 21 ਲੱਖ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਗਈ ਹੈ। ਫਿਰੋਜ਼ਪੁਰ ਦੇ ਨੇੜੇ ਸਰਹੱਦ ਕੋਲ ਖੇਤਾਂ 'ਚ ਡਿੱਗਿਆ ਡਰੋਨ ਤੇ ਨਸ਼ੀਲਾ ਪਦਾਰਥ ਬਰਾਮਦ ਕੀਤਾ ਗਿਆ। ਬੀ.ਐੱਸ.ਐੱਫ. ਵੱਲੋਂ ਇਹ ਕਾਰਵਾਈ ਕੀਤੀ ਗਈ। ਹਾਲ ਹੀ ਵਿਚ ਗੁਜਰਾਤ ਸਮੁੰਦਰ ਦੇ ਕੰਢੇ ਨੇੜੇ ਪਾਕਿਸਤਾਨੀ ਕਿਸ਼ਤੀ 'ਚੋਂ 500 ਕਰੋੜ ਰੁਪਏ ਤੋਂ ਵੱਧ ਦੀ ਹੈਰੋਇਨ ਬਰਾਮਦ ਕੀਤੀ ਗਈ। ਭਾਰਤ ਵਿਚ ਜ਼ਿਆਦਾਤਰ ਨਸ਼ੇ ਪਾਕਿਸਤਾਨ ਸਰਹੱਦ ਹੋ ਕੇ ਅਫ਼ਗਾਨਿਸਤਾਨ ਤੋਂ ਆਉਂਦੇ ਹਨ। ਸਮੁੱਚੇ ਦੇਸ਼ ਦੇ ਨੌਜਵਾਨਾਂ ਨੂੰ ਨਕਾਰਾ ਕੀਤਾ ਜਾ ਰਿਹਾ ਹੈ। ਹਾਲ ਹੀ ਵਿਚ ਇੱਕ ਨਸ਼ਰ ਹੋਈ ਰਿਪੋਰਟ ਮੁਤਾਬਕ ਰਾਸ਼ਟਰੀ ਬਿਊਰੋ (ਐੱਨ.ਸੀ.ਆਰ.ਬੀ.) ਦੇ ਅੰਕੜਿਆਂ ਮੁਤਾਬਕ ਪੰਜਾਬ 'ਚ ਇਕੱਲੇ 2022 ਦੌਰਾਨ 140 ਤੋਂ ਵੱਧ ਨੌਜਵਾਨਾਂ ਦੀ ਮੌਤ ਹੋਈ ਸੀ। ਇਸ ਤੋਂ ਤਾਂ ਪਤਾ ਲੱਗਦਾ ਹੈ ਕਿ ਸਾਡੇ ਸਮਾਜ ਨੂੰ ਨਸ਼ਿਆਂ ਨੇ ਆਪਣੀ ਲਪੇਟ ਵਿਚ ਬੁਰੀ ਤਰ੍ਹਾਂ ਫੜ ਲਿਆ ਹੈ।

ਇਸ ਚੰਦਰੀ ਬਿਮਾਰੀ ਨੇ ਪੰਜਾਬ ਦੀ ਜਵਾਨੀ ਖਾਹ ਲਈ ਹੈ। ਘਰ-ਘਰ ਸੱਥਰ ਵਿੱਛ ਚੁੱਕੇ ਨੇ। "ਚਿੱਟਾ" ਪਤਾ ਨਹੀਂ ਇਹ ਪੰਜਾਬ ਵਿਚ ਕਿਥੋਂ ਆ ਗਿਆ ਹੈ, ਪੰਜਾਬ ਦੀ ਨੌਜਵਾਨੀ ਖ਼ਤਮ ਕਰ ਰਿਹਾ ਹੈ। ਪੰਜਾਬ ਦਾ ਅਰਥ ਹੈ "ਪੰਜ ਦਰਿਆਵਾਂ ਦੀ ਧਰਤੀ"। ਗੁਰੂਆਂ, ਪੀਰਾਂ ਪੈਗੰਬਰਾਂ ਦੀ ਧਰਤੀ ਨੂੰ ਪਤਾ ਨਹੀਂ ਕਿਸ ਚੰਦਰੇ ਨੇ ਕਲੰਕਿਤ ਕਰ ਦਿੱਤਾ ਹੈ। ਅੱਜ ਪੰਜਾਬ ਵਿਚ ਨਸ਼ਿਆਂ ਦਾ ਛੇਵਾਂ ਦਰਿਆ ਵੱਗ ਰਿਹਾ ਹੈ। ਕੋਈ ਸਮਾਂ ਹੁੰਦਾ ਸੀ, ਜਦੋਂ ਪੰਜਾਬ ਦੀ ਨੌਜਵਾਨੀ ਖੇਤਾਂ ਵਿਚ ਆਪ ਹੀ ਕੰਮ ਕਰਦੀ ਸੀ। ਹੱਥੀਂ ਕੰਮ ਨੂੰ ਤਰਜੀਹ ਦਿੱਤੀ ਜਾਂਦੀ ਸੀ। ਘਰ ਦੇ ਬਣੇ ਦੁੱਧ, ਦਹੀਂ, ਪਨੀਰ, ਖੋਆ, ਲੱਸੀ ਹੀ ਸਿਹਤ ਲਈ ਗੁਣਕਾਰੀ ਹੁੰਦਾ ਸੀ। ਨੌਜਵਾਨਾਂ ਦੇ ਚਿਹਰੇ ਤੋਂ ਨੂਰ ਟਪਕਦਾ ਸੀ। ਛੇ ਫੁੱਟ ਦੇ ਚਿੱਟੇ ਚਾਦਰੇ ਬੰਨਣ ਵਾਲੇ ਨੌਜਵਾਨ ਖਿੱਚ ਦਾ ਕੇਂਦਰ ਬਣਦੇ ਸਨ। ਸਮਾਂ ਬਦਲਿਆ। ਪਤਾ ਨਹੀਂ ਇਹ ਚੰਦਰਾ ਨਸ਼ਾ "ਚਿੱਟਾ" ਪੰਜਾਬ ਵਿਚ ਕਿਥੋਂ ਆ ਵੜਿਆ। ਗੁਆਂਢੀ ਸਰਹੱਦਾਂ ਤੋਂ ਆਇਆ ਇਹ "ਚਿੱਟਾ" ਪੰਜਾਬ ਵਿਚ ਹੁਣ ਪੈਰ ਪਸਾਰ ਗਿਆ ਹੈ। ਪਤਾ ਨਹੀਂ ਕਿੰਨੇ ਹੀ ਘਰਾਂ ਦੇ ਚਿਰਾਗ ਬੁੱਝ ਚੁੱਕੇ ਹਨ। ਆਏ ਦਿਨ ਓਵਰਡੋਜ਼ ਕਾਰਨ ਮੌਤਾਂ ਹੋ ਰਹੀਆਂ ਹਨ। ਹਰ ਰੋਜ਼ ਖ਼ਬਰਾਂ ਪੜ੍ਹਦੇ ਹਨ ਕਿ ਸਰਹੱਦੀ ਖੇਤਰਾਂ ਤੋਂ ਪਤਾ ਨਹੀਂ ਕਿੰਨੇ ਕਿੱਲੋ ਹੈਰੋਇਨ ਬਰਾਮਦ ਹੁੰਦੀ ਹੈ। ਹਾਲ ਹੀ ਵਿਚ ਬੀ.ਐੱਸ.ਐੱਫ. ਨੇ ਸਰਹੱਦੀ ਖੇਤਰ ਵਿਚ ਗੋਲਾਬਾਰੀ ਕਰਕੇ ਪਾਕਿਸਤਾਨ ਤੋਂ ਆਇਆ ਡ੍ਰੋਨ ਸੁੱਟਿਆ, ਜਿਸ ਵਿਚੋਂ ਤਿੰਨ ਕਿਲੋ ਹੈਰੋਇਨ ਬਰਾਮਦ ਕੀਤੀ ਗਈ। ਐੱਸ.ਟੀ.ਐੱਫ. ਵਲੋਂ ਵੀ ਲੁਧਿਆਣਾ ਵਿਖੇ 3 ਕਿਲੋਗ੍ਰਾਮ ਨਸ਼ਾ ਫੜਿਆ ਗਿਆ। ਸਰਹੱਦੀ ਸੂਬਿਆਂ ਨਾਲ ਲੱਗਦੇ ਪੰਜਾਬ ਦੇ ਜ਼ਿਲ੍ਹਿਆਂ 'ਚੋਂ ਹਰ ਰੋਜ਼ ਪਤਾ ਨਹੀਂ ਕਿੰਨੇ ਹੀ ਨਸ਼ੀਲੀ ਗੋਲੀਆਂ ਦੇ ਡੱਬੇ ਫੜੇ ਜਾਂਦੇ ਹਨ। ਹਰ ਰੋਜ਼ ਕਿਸੇ ਨਾ ਕਿਸੇ ਜ਼ਿਲ੍ਹੇ ਦਾ ਜ਼ਿੰਮੇਵਾਰ ਪੁਲਿਸ ਅਧਿਕਾਰੀ ਕਾਨਫਰੰਸ ਕਰਕੇ ਅਜਿਹੇ ਨਸ਼ੇੜੀਆਂ ਨੂੰ ਫੜਨ ਦਾ ਜ਼ਿਕਰ ਕਰਦਾ ਹੈ। ਸੂਬਾ ਸਰਕਾਰ ਦੇ ਦਿਸ਼ਾਂ-ਨਿਰਦੇਸ਼ਾਂ ਮੁਤਾਬਕ ਜ਼ਿਲ੍ਹਿਆਂ ਵਿਚ ਉਸਾਰੀ ਕਲੋਨੀਆਂ, ਫਲੈਟਾਂ ਦੀ ਛਾਪੇਮਾਰੀ ਕਰਕੇ ਵੀ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਜਾ ਰਿਹਾ ਹੈ। ਸਰਕਾਰ ਦੀ ਇਹ ਸ਼ਲਾਘਾਯੋਗ ਪਹਿਲ ਹੈ। ਹਰ ਰੋਜ਼ ਪੰਜਾਬ ਪੁਲਿਸ ਦੇ ਅਧਿਕਾਰੀਆਂ ਵਲੋਂ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਜਾ ਰਿਹਾ ਹੈ। ਸੀ.ਆਈ.ਏ. ਸਟਾਫ਼ ਵੀ ਨਸ਼ਾ ਸਮੱਗਲਰਾਂ ਨੂੰ ਕਾਬੂ ਕਰ ਰਿਹਾ ਹੈ। ਔਰਤਾਂ ਵੀ ਹੁਣ ਤਾਂ ਚਿੱਟੇ ਦੀ ਆਦੀ ਹੋ ਚੁੱਕੀਆਂ ਹਨ। ਹਾਲ ਹੀ ਵਿਚ ਪੰਜਾਬ ਪੁਲਿਸ ਦੇ ਵੱਡੇ ਅਧਿਕਾਰੀਆਂ ਨੇ ਇੱਕ ਹਫ਼ਤੇ ਦੇ ਵਿਚ ਢਾਈ ਸੌ ਤੋਂ ਵੱਧ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਦਾ ਜ਼ਿਕਰ ਕੀਤਾ ਹੈ। ਹਾਲ ਹੀ ਵਿਚ ਖ਼ਬਰ ਪੜ੍ਹੀ ਕਿ ਹੈਰੋਇਨ ਤੇ ਡਰੱਗ ਮਨੀ ਸਣੇ ਨਾਬਾਲਗ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਅੰਮ੍ਰਿਤਸਰ ਦੇ ਨਾਬਾਲਗ ਬੱਚੇ ਕੋਲੋਂ 15 ਕਿਲੋ ਹੈਰੋਇਨ ਫੜ੍ਹੀ ਗਈ ਹੈ। ਗ੍ਰਿਫਤਾਰ ਕੀਤੇ ਨਾਬਾਲਿਗ ਦਾ ਪਿਤਾ ਅਤੇ ਦਾਦਾ ਪਹਿਲਾਂ ਹੀ ਨਸ਼ਿਆਂ ਦੀ ਤਸਕਰੀ ਕਰਕੇ ਜੇਲ੍ਹ ਵਿਚ ਬੰਦ ਹਨ। ਹੁਣ ਤੱਕ ਪੰਜਾਬ ਪੁਲਿਸ ਨੇ 10,000 ਤੋਂ ਵੱਧ ਨਸ਼ਾ ਤਸਕਰ ਫੜੇ ਹਨ। ਤਕਰੀਬਨ ਪਿਛਲੇ 10 ਮਹੀਨਿਆਂ 'ਚ ਨਸ਼ਾ ਤਸਕਰਾਂ ਤੋਂ 10 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਹੋਈ ਹੈ, ਜੋ ਕਿ ਮਾਨ ਸਰਕਾਰ ਦੀ ਸ਼ਲਾਘਾਯੋਗ ਪਹਿਲ ਹੈ। ਹਾਲ ਹੀ ਵਿਚ ਸਿਹਤ ਮੰਤਰੀ ਨੇ ਵਿਧਾਨ ਸਭਾ ਵਿਚ ਨਸ਼ਿਆਂ ਦਾ ਮੁੱਦਾ ਉਠਾਇਆ ਸੀ। ਉਨ੍ਹਾਂ ਨੇ ਕਿਹਾ ਕਿ ਸੂਬੇ ਦੇ ਕਰੀਬ 10 ਲੱਖ ਤੋਂ ਵੱਧ ਨੌਜਵਾਨ ਨਸ਼ਿਆਂ ਨਾਲ ਪ੍ਰਭਾਵਿਤ ਹਨ ਤੇ ਲੱਖਾਂ ਹੀ ਨੌਜਵਾਨ ਸਰਕਾਰੀ ਨਸ਼ਾ ਛਡਾਊ ਕੇਂਦਰਾਂ ਤੋਂ ਇਲਾਜ ਕਰਵਾ ਰਹੇ ਹਨ। ਕੁਝ ਪ੍ਰਾਈਵੇਟ ਸੈਂਟਰਾਂ ਤੋਂ ਇਲਾਜ ਕਰਵਾ ਰਹੇ ਹਨ। ਪ੍ਰਾਈਵੇਟ ਸੈਂਟਰ ਨਸ਼ਿਆਂ ਨਾਲ ਪ੍ਰਭਾਵਿਤ ਨੌਜਵਾਨਾਂ ਦੀ ਚੰਗੀ ਤਰ੍ਹਾਂ ਲੁੱਟ-ਖਸੁੱਟ ਕਰਦੇ ਹਨ। ਅਖ਼ਬਾਰ ਵਿਚ ਖਬਰ ਪੜ੍ਹਨ ਨੂੰ ਵੀ ਮਿਲੀ ਸੀ ਕਿ ਪ੍ਰਾਈਵੇਟ ਨਸ਼ਾ ਮੁਕਤੀ ਕੇਂਦਰਾਂ ਦੇ ਮਾਲਕ ਮਾਰ-ਕੁਟਾਈ ਵੀ ਕਰਦੇ ਹਨ। 35 ਤੋਂ 40 ਹਜ਼ਾਰ ਰੁਪਏ ਮਹੀਨਾ ਪਰਿਵਾਰਾਂ ਤੋਂ ਵਸੂਲਦੇ ਹਨ। ਸਿਹਤ ਮੰਤਰਾਲੇ ਨੂੰ ਅਜਿਹੇ ਪ੍ਰਾਈਵੇਟ ਸੈਂਟਰਾਂ 'ਤੇ ਸਖ਼ਤੀ ਨਾਲ ਪੇਸ਼ ਆਉਣਾ ਚਾਹੀਦਾ ਹੈ। ਅਜਿਹੇ ਪ੍ਰਾਈਵੇਟ ਸੈਂਟਰਾਂ ਦੇ ਲਾਇਸੈਂਸ ਰੱਦ ਕਰ ਦੇਣੇ ਚਾਹੀਦੇ ਹਨ।

ਹਾਲ ਹੀ ਵਿਚ ਇੱਕ ਵੀਡੀਓ ਵਾਇਰਲ ਹੋ ਰਹੀ ਸੀ, ਜਿਸ ਵਿਚ ਇੱਕ ਈ ਰਿਕਸ਼ੇ ਵਾਲਾ ਨਸ਼ੇ ਵਿਚ ਧੁੱਤ ਮੂਧੇ ਮੂੰਹ ਰਿਕਸ਼ੇ ਵਿਚ ਪਿਆ ਸੀ। ਨਸ਼ਿਆਂ ਨੇ ਪੰਜਾਬ ਦੀ ਜਵਾਨੀ ਖਤਮ ਕਰ ਦਿੱਤੀ ਹੈ। ਜ਼ਿਆਦਾਤਰ ਨੌਜਵਾਨ ਜਿਨ੍ਹਾਂ ਦੀ ਉਮਰ 18 ਤੋਂ 25 ਸਾਲ ਵਿਚ ਹੈ, ਸਭ ਤੋਂ ਵੱਧ ਉਹ ਓਵਰਡੋਜ਼ ਕਾਰਨ ਮਰ ਰਹੇ ਹਨ।

ਹਾਲ ਹੀ ਵਿਚ ਅੰਮ੍ਰਿਤਸਰ ਦੇ ਕੱਟੜਾ ਬੱਗੀਆਂ ਇਲਾਕੇ ਵਿਚ ਦੋ ਸਕੇ ਭਰਾਵਾਂ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋਈ ਹੈ। ਇੱਕ ਭਰਾ ਜੇਲ੍ਹ ਵਿਚ ਬੰਦ ਸੀ, ਜਿਸ ਦੀ ਇਲਾਜ ਦੌਰਾਨ ਹਸਪਤਾਲ ਵਿਚ ਮੌਤ ਹੋ ਚੁੱਕੀ ਹੈ। ਤੇ ਦੂਜੇ ਭਰਾ ਦੀ ਨਸ਼ੇ ਦੀ ਜ਼ਿਆਦਾ ਓਵਰਡੋਜ਼ ਕਾਰਨ। ਆਏ ਦਿਨ ਦੋ ਜਾਂ ਤਿੰਨ ਨੌਜਵਾਨਾਂ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤਾਂ ਹੋ ਰਹੀਆਂ ਹਨ। ਹੁਣ ਤਾਂ ਕੁੜੀਆਂ ਵੀ ਚਿੱਟੇ ਦੀ ਸ਼ੌਕੀਨ ਹੋ ਚੁੱਕੀਆਂ ਹਨ। ਖਬਰ ਪੜ੍ਹਨ ਨੂੰ ਮਿਲੀ ਕਿ ਕਪੂਰਥਲਾ ਵਿਖੇ ਇਕ ਕੁੜੀ ਲੋਕਾਂ ਤੋਂ ਪੈਸੇ ਮੰਗ ਕੇ ਚਿੱਟਾ ਪੀਂਦੀ ਹੈ। ਜਿਸ ਤੋਂ ਬਾਅਦ ਉਸ ਨੂੰ ਸਿਵਲ ਹਸਪਤਾਲ ਵਿਚ ਭਰਤੀ ਕਰਾਇਆ ਗਿਆ। ਹੈਰਾਨੀ ਦੀ ਗੱਲ ਹੈ ਕਿ ਇਸ ਵਿਆਹੁਤਾ ਦਾ ਪਤੀ ਨਸ਼ੇ ਦੀ ਤਸਕਰੀ ਕਾਰਨ ਜੇਲ੍ਹ ਵਿਚ ਹੈ। ਹਾਲ ਹੀ ਵਿਚ ਚੋਹਲਾ ਸਾਹਿਬ ਵਿਖੇ ਇਕ ਕਿਸਾਨ ਪਰਿਵਾਰ ਦੇ ਦੋਵਾਂ ਪੁੱਤਰਾਂ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋ ਗਈ। ਵੱਡੇ ਪੁੱਤਰ ਦੀਆਂ ਅੰਤਿਮ ਰਸਮਾਂ ਵੀ ਹਜੇ ਪੂਰੀਆਂ ਵੀ ਨਹੀਂ ਹੋਈਆਂ ਸਨ ਕਿ ਛੋਟੇ ਪੁੱਤਰ ਦੀ ਵੀ ਪਹਿਲਾਂ ਹੀ ਮੌਤ ਹੋ ਗਈ। ਹਾਲ ਹੀ ਵਿਚ ਪੰਜਾਬ ਪੁਲਿਸ ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ 'ਤੇ ਗੁਜਰਾਤ ਤੋਂ ਕਰੋੜਾਂ ਰੁਪਏ ਦੀ ਹੈਰੋਇਨ ਬਰਾਮਦ ਕੀਤੀ ਗਈ ਹੈ। ਸਰਹੱਦ ਪਾਕਿਸਤਾਨ ਵੱਲੋਂ ਡਰੋਨ ਰਾਹੀਂ ਨਸ਼ਿਆਂ ਦੀ ਤਸਕਰੀ ਲਗਾਤਾਰ ਜਾਰੀ ਹੈ। ਹਾਲ ਹੀ ਵਿਚ ਫਿਰੋਜ਼ਪੁਰ ਵਿਖੇ ਬੀ.ਐੱਸ.ਐੱਫ. ਵੱਲੋਂ ਨਸ਼ਿਆਂ ਦੇ ਪੈਕਟ ਬਰਾਮਦ ਕੀਤੇ ਗਏ। ਅਫ਼ਗਾਨਿਸਤਾਨ ਮੁਲਕ ਵਿਚ ਅਫ਼ੀਮ ਦੀ ਖੇਤੀ ਕੀਤੀ ਜਾਂਦੀ ਹੈ। ਹੁਣ ਸਮੁੰਦਰੀ ਰਸਤਿਆਂ ਰਾਹੀਂ ਵੀ ਨਸ਼ਿਆਂ ਦੀ ਤਸਕਰੀ ਹੋ ਰਹੀ ਹੈ। ਨਸ਼ਾ ਕਰਨ ਵਾਲਿਆਂ ਦੇ ਘਰ ਵੀ ਤਬਾਹ ਹੋ ਰਹੇ ਹਨ। ਪਿਛਲੇ ਹਫ਼ਤੇ ਲੁਧਿਆਣਾ ਵਿਚ ਇੱਕ ਨਾਬਾਲਗ ਦੀ ਨਸ਼ੇ ਵਾਲੀ ਸਰਿੰਜ ਲਗਾ ਕੇ ਮੌਤ ਹੋਣ ਦੀ ਖਬਰ ਪੜ੍ਹੀ। ਮਾਂ-ਪਿਉ ਮਰ-ਮਰ ਕੇ ਜੀਉਂਦੇ ਹਨ। ਨਸ਼ੇ ਦੀ ਪੂਰਤੀ ਲਈ ਕਈ ਨਸ਼ੇੜੀ ਘਰ ਦਾ ਵੀ ਸਮਾਨ ਵੇਚਦੇ ਹਨ। ਇਹੀ ਕਾਰਨ ਹੈ ਕਿ ਪੰਜਾਬ ਵਿਚ ਲਗਾਤਾਰ ਪ੍ਰਵਾਸ ਵੱਧ ਰਿਹਾ ਹੈ। ਇਹ ਵੀ ਇੱਕ ਬਹੁਤ ਵੱਡਾ ਕਾਰਨ ਹੈ ਕਿ ਮਾਪੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ। ਮਾਂ-ਬਾਪ ਨੂੰ ਡਰ ਹੈ ਕਿ ਜੇ ਉਨ੍ਹਾਂ ਦਾ ਨੌਜਵਾਨ ਇਥੇ ਰਹਿ ਗਿਆ, ਪਤਾ ਨਹੀਂ ਉਹ ਚਿੱਟੇ ਦਾ ਆਦੀ ਹੀ ਨਾ ਹੋ ਜਾਏ। ਵਿਚਾਰਨ ਵਾਲੀ ਗੱਲ ਹੈ ਕਿ ਚੋਰ ਮੋਰੀਆਂ ਰਾਹੀਂ ਵੱਡੇ-ਵੱਡੇ ਤਸਕਰ ਭਾਰਤ ਵਿਚ ਹੈਰੋਇਨ ਪਹੁੰਚਾਉਣ 'ਚ ਕਾਮਯਾਬ ਹੋ ਗਏ ਹਨ। ਇਸ ਦਾ ਤਾਂ ਸਿੱਧਾ ਮਤਲਬ ਹੀ ਹੈ ਕਿ ਦੇਸ਼ ਵਿਚ ਵੱਡੀ ਮਾਤਰਾ ਵਿਚ ਲੋਕ ਨਸ਼ੇ ਦੇ ਆਦੀ ਹੋ ਚੁੱਕੇ ਹਨ। ਹਰ ਰੋਜ਼ ਪੰਜਾਬ ਵਿਚ ਚਿੱਟੇ ਦੀ ਭੇਟ ਕਈ ਨੌਜ਼ਵਾਨ ਚੜ੍ਹ ਰਹੇ ਹਨ। ਦੋ ਕੁ ਮਹੀਨੇ ਪਹਿਲਾਂ ਵੀ ਗੁਜਰਾਤ ਦੀ ਮੁੰਦਰਾ ਤੇ ਕਾਂਡਲਾ ਬੰਦਰਗਾਹਾਂ ਚਰਚਾ 'ਚ ਸੀ। ਚੇਤੇ ਕਰਵਾ ਦੇਈਏ ਕਿ 2017 ਵਿਚ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਵੱਡੇ ਸਿਆਸਤਦਾਨਾਂ ਨੇ ਸਹੁੰ ਚੁੱਕੀ ਸੀ। ਪਿਛਲੇ ਹੀ ਮਹੀਨੇ ਪੰਜਾਬ ਵਿਚ ਆਪ ਸਰਕਾਰ ਵੱਲੋ ਨਸ਼ਿਆਂ 'ਤੇ ਨਕੇਲ ਕੱਸਣ ਲਈ ਸੂਬੇ ਵਿਚ ਤਲਾਸ਼ੀ ਮੁਹਿੰਮ ਚਲਾਈ ਗਈ। ਕੁੱਝ ਕੁ ਨਸ਼ਾ ਤਸਕਰਾਂ ਨੂੰ ਫੜਿਆ ਵੀ ਗਿਆ ਤੇ ਸੁਣਨ ਵਿਚ ਵੀ ਆਇਆ ਕਿ ਕੁੱਝ ਨਸ਼ੇ ਦੇ ਸੌਦਾਗਰ ਘਰ ਨੂੰ ਤਾਲਾ ਲਗਾ ਕੇ ਫਰਾਰ ਹੋ ਗਏ। ਅੱਜਕੱਲ੍ਹ ਨਸ਼ੀਲੇ ਪਦਾਰਥਾਂ ਦੀ ਖਰੀਦ ਵਿਕਰੀ ਲਈ ਸੋਸ਼ਲ ਨੈੱਟਵਰਕਿੰਗ ਸਾਈਟ ਦਾ ਧੜੱਲੇ ਨਾਲ ਪ੍ਰਯੋਗ ਹੋ ਰਿਹਾ ਹੈ। ਸੋਚਣ ਵਾਲੀ ਗੱਲ ਹੈ ਕਿ ਜੇ ਪੁਲਿਸ ਪ੍ਰਸ਼ਾਸਨ ਨਸ਼ਿਆਂ ਦੇ ਖਿਲਾਫ ਸਖ਼ਤ ਕਦਮ ਚੁੱਕਣਗੇ, ਤਾਂ ਆਪਣੇ ਆਪ ਹੀ ਨਸ਼ਿਆਂ ਦੀਆਂ ਜੜ੍ਹਾਂ ਪੁੱਟੀਆਂ ਜਾਣਗੀਆਂ। ਮਾਲਵੇ ਦੇ ਕਈ ਪਿੰਡਾਂ ਵਿਚ ਪੰਚਾਇਤਾਂ ਆਪ ਹੀ ਪਿੰਡਾਂ ਵਿਚ ਪਹਿਰਾ ਲਗਾ ਰਹੀਆਂ ਹਨ। ਸਖ਼ਤੀ ਕੀਤੀ ਹੋਈ ਹੈ। ਪੰਚਾਇਤਾਂ ਨੇ ਕਹਿ ਦਿੱਤਾ ਹੈ ਕਿ ਪਿੰਡ ਵਿਚ ਜੇ ਕੋਈ ਅਣਜਾਣ ਵਿਅਕਤੀ ਫੜਿਆ ਗਿਆ, ਤਾਂ ਉਸ ਦੀ ਖੈਰ ਨਹੀਂ। ਸਰਹੱਦੀ ਮੂਲਕਾਂ ਦੇ ਆਲਾ ਅਧਿਕਾਰੀਆਂ ਨੂੰ ਆਪਸੀ ਤਾਲਮੇਲ ਬਣਾ ਕੇ ਨਸ਼ਿਆਂ ਦੀ ਸਮਗਲਿੰਗ ਨੂੰ ਰੋਕਿਆ ਜਾ ਸਕਦਾ ਹੈ। ਸਾਡੀ ਸਾਰਿਆਂ ਦੀ ਇਹ ਨੈਤਿਕ ਜ਼ਿੰਮੇਵਾਰੀ ਵੀ ਬਣਦੀ ਹੈ। ਦੇਸ਼ ਦਾ ਭਵਿੱਖ ਬਚਾਉਣ ਲਈ ਸਰਕਾਰਾਂ, ਆਮ ਜਨਤਾ, ਸਿਆਸਤਦਾਨਾਂ ਨੂੰ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ। ਕਈ ਪੰਚਾਇਤਾਂ ਨੇ ਵੀ ਹੰਭਲਾ ਮਾਰਿਆ ਹੈ। ਨਸ਼ਾ ਵੰਡਣ ਵਾਲਿਆਂ ਦੀ ਚੰਗੀ ਤਰ੍ਹਾਂ ਮਾਰ ਕੁਟਾਈ ਕੀਤੀ ਹੈ। ਪੁਲਿਸ ਦੇ ਹਵਾਲੇ ਵੀ ਕੀਤਾ ਹੈ। ਇਹ ਇਕੱਲੀ ਪੁਲਿਸ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਨਹੀਂ ਬਣਦੀ ਹੈ। ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਬਣਦੀ ਹੈ, ਤਾਂ ਜੋ ਇਸ ਨਾਮੁਰਾਦ ਬਿਮਾਰੀ ਨੂੰ ਜੜ੍ਹ ਤੋਂ ਪੁੱਟਿਆ ਜਾ ਸਕੇ।

# ਮਾਂ ਦਿਵਸ

## ਮਾਂ ਦਿਵਸ 'ਤੇ ਵਿਸ਼ੇਸ਼

-ਗੁਰਿੰਦਰ ਕਲੇਰ
ਪਿੰਡ/ਡਾਕ-ਕਲੇਰ ਕਲਾਂ (ਗੁਰਦਾਸਪੁਰ)
ਮੋਬਾਈਲ : 99145-38888
(Punjab Mail USA)





ਮਾਂ ਦਿਵਸ ਦਾ ਇਤਿਹਾਸ ਬਹੁਤ ਪੁਰਾਣਾ ਹੈ। ਯੂਨਾਨੀ ਅਤੇ ਰੋਮੀਆਂ ਲੋਕ ਮਾਂ ਦੇਵੀ ਰੀਅਲ ਤੇ ਸਾਈਬਲ ਦੇ ਸਨਮਾਨ ਵਿਚ ਮਨਾਉਂਦੇ ਸਨ। ਇਸ ਦਿਵਸ ਨੂੰ ਵੱਖ-ਵੱਖ ਦੇਸ਼ਾਂ ਵਿਚ ਵੱਖ-ਵੱਖ ਤਰੀਕਾਂ 'ਤੇ ਮਨਾਇਆ ਜਾਂਦਾ ਹੈ। ਪਰ ਜ਼ਿਆਦਾਤਰ ਦੇਸ਼ ਇਸ ਨੂੰ ਮਈ ਮਹੀਨੇ ਦੇ ਦੂਸਰੇ ਐਤਵਾਰ ਮਨਾਉਂਦੇ ਹਨ। ਮਾਂ ਦਿਵਸ ਦਾ ਆਧੁਨਿਕ ਸੰਸਕਰਣ 20ਵੀਂ ਸਦੀ ਦੇ ਸ਼ੁਰੂ ਵਿਚ ਸੰਯੁਕਤ ਰਾਜ ਵਿਚ ਸ਼ੁਰੂ ਹੋਇਆ। ਇਸ ਦੀ ਸ਼ੁਰੂਆਤ ਅੰਨਾ ਜਾਰਵਿਸ ਦੁਆਰਾ ਕੀਤੀ ਗਈ ਸੀ, ਜੋ ਆਪਣੀ ਮਾਂ ਰੀਵਜ਼ ਜਾਰਵਿਸ ਨੂੰ ਬਹੁਤ ਪਿਆਰ ਕਰਦੀ ਸੀ। ਉਸ ਨੇ ਆਪਣੀ ਮਾਂ ਦੀ ਯਾਦ ਵਿਚ ਰਾਸ਼ਟਰੀ ਛੁੱਟੀ ਸਥਾਪਤ ਕਰਵਾਉਣ ਲਈ ਇੱਕ ਮੁਹਿੰਮ ਸ਼ੁਰੂ ਕੀਤੀ, ਜਿਸ ਦਾ ਸੰਨ 1905 ਵਿਚ ਦਿਹਾਂਤ ਹੋ ਗਿਆ ਸੀ। ਸੰਯੁਕਤ ਰਾਜ ਅਮਰੀਕਾ ਦੇ 28ਵੇਂ ਰਾਸ਼ਟਰਪਤੀ ਵੁਡੋਰ ਵਿਲਸਨ ਨੇ ਮਈ ਦੇ ਦੂਸਰੇ ਐਤਵਾਰ ਨੂੰ ਮਾਂ ਦਿਵਸ ਮਨਾਉਣ ਦੀ ਘੋਸ਼ਣਾ 'ਤੇ ਹਸਤਾਖਰ ਕੀਤੇ। ਇਸ ਦਿਨ ਸੰਯੁਕਤ ਰਾਜ ਅਮਰੀਕਾ ਵਿਚ ਸਰਕਾਰੀ ਛੁੱਟੀ ਕੀਤੀ ਜਾਣ ਲੱਗੀ। ਇਸ ਦਿਨ ਦਾ ਮਕਸਦ ਇਹ ਹੈ ਕਿ ਇਸ ਦਿਨ ਹਰੇਕ ਵਿਅਕਤੀ ਨੂੰ ਆਪਣੇ ਰੁਝੇਵਿਆਂ ਨੂੰ ਛੱਡ ਕੇ ਵੱਧ ਤੋਂ ਵੱਧ ਟਾਈਮ ਆਪਣੀ ਮਾਂ ਨਾਲ ਗੁਜ਼ਾਰਨਾ ਚਾਹੀਦਾ ਹੈ ਅਤੇ ਉਸ ਦੇ ਦੁੱਖ-ਤਕਲੀਫ ਨੂੰ ਸੁਣਨਾ ਤੇ ਉਨ੍ਹਾਂ ਦਾ ਹੱਲ ਕੱਢਣਾ ਚਾਹੀਦਾ ਹੈ। ਭਾਰਤ ਵਿਚ ਵੀ ਇਸ ਦਿਨ ਨੂੰ ਮਈ ਦੇ ਦੂਸਰੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਦੇਸ਼ ਦੇ ਕੁਝ ਹਿੱਸਿਆਂ 'ਤੇ ਮਾਂ ਦਿਵਸ ਨੂੰ ਬਹੁਤ ਧਾਰਮਿਕ ਮਹੱਤਤਾ ਨਾਲ ਮਨਾਇਆ ਜਾਂਦਾ ਹੈ। ਬਹੁਤ ਸਾਰੇ ਲੋਕ ਇਸ ਦਿਨ ਦੇਵੀਂ ਦੁਰਗਾ ਦੀ ਪੂਜਾ ਕਰਦੇ ਹਨ, ਜਿਸ ਨੂੰ ਬ੍ਰਹਿਮੰਡ ਦੀ ਮਾਂ ਮੰਨਿਆ ਜਾਂਦਾ ਹੈ। ਬੱਚੇ ਇਸ ਦਿਨ ਆਪਣੀਆਂ ਮਾਵਾਂ ਅਤੇ ਪਰਿਵਾਰ ਦੀ ਤੰਦਰੁਸਤੀ ਲਈ ਮਾਂ ਦੁਰਗਾ ਅੱਗੇ ਪ੍ਰਾਰਥਨਾ ਕਰਦੇ ਹਨ। ਜੇਕਰ ਮਾਂ ਸ਼ਬਦ ਦੀ ਪਰਿਭਾਸ਼ਾ ਦੀ ਗੱਲ ਕੀਤੀ ਜਾਵੇ, ਤਾਂ ਧਰਤੀ 'ਤੇ ਹਰ ਜਨਮ ਦੇਣ ਵਾਲੇ ਜੀਵ-ਜੰਤੂ, ਪਸ਼ੂ-ਪੰਛੀ, ਪ੍ਰਾਣੀ ਆਦਿ ਨੂੰ ਮਾਂ ਦਾ ਦਰਜਾ ਪ੍ਰਾਪਤ ਹੈ। ਕੁਦਰਤ ਨੇ ਹਰੇਕ ਮਾਂ ਦੇ ਹਿਰਦੇ ਵਿਚ ਮਮਤਾ ਅਤੇ ਆਪਣੀ ਔਲਾਦ ਲਈ ਕੁਰਬਾਨੀ ਕਰਨ, ਮਰ ਮਿੱਟਣ ਦਾ ਜਜ਼ਬਾ ਭਰਿਆ ਹੋਇਆ ਹੈ। ਇਹ ਜਜ਼ਬਾ ਮਨੁੱਖ ਦੇ ਨਾਲ-ਨਾਲ ਹੋਰ ਪ੍ਰਜਾਤੀਆਂ ਵਿਚ ਵੀ ਮੌਜੂਦ ਹੈ। ਕਿਸੇ ਮਾਂ ਜਾਨਵਰ-ਪੰਛੀ ਆਦਿ ਨੂੰ ਜੇਕਰ ਕਿਸੇ ਸ਼ਿਕਾਰੀ ਵੱਡੇ ਜਾਨਵਰ-ਪੰਛੀ ਤੋਂ ਆਪਣੇ ਬੱਚਿਆਂ ਨੂੰ ਖਤਰਾ ਮਹਿਸੂਸ ਹੋਵੇ, ਤਾਂ ਉਹ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੀ ਹੋਈ ਉਸ ਨਾਲ ਭਿੜ ਜਾਵੇਗੀ, ਭਾਵੇਂ ਉਸਦੀ ਆਪਣੀ ਜਾਨ ਹੀ ਕਿਉਂ ਨਾ ਚਲੀ ਜਾਵੇ। ਜੇਕਰ ਕਿਸੇ ਮਾਂ-ਬਾਪ ਦਾ ਧੀ-ਪੁੱਤਰ ਗਲਤ ਸੰਗਤ ਵਿਚ ਪੈ ਗਿਆ ਹੋਵੇ ਜਾਂ ਪਰਿਵਾਰ ਨਾਲ ਮਾੜਾ ਵਿਵਹਾਰ ਕਰਦਾ ਹੋਵੇ। ਫਿਰ ਵੀ ਜ਼ਿਆਦਾਤਰ ਮਾਂ ਆਪਣੀ ਔਲਾਦ ਨੂੰ ਸਿੱਧੇ ਤੌਰ 'ਤੇ ਕਸੂਰਵਾਰ ਨਹੀਂ ਮੰਨੇਗੀ। ਇਹ ਕਹਿ ਦੇਵੇਗੀ ਕਿ ਇਸ ਨੂੰ ਤਾਂ ਮਾੜੀ ਸੰਗਤ ਨੇ ਵਿਗਾੜ ਦਿੱਤਾ ਹੈ। ਇਹ ਤਾਂ ਬਹੁਤ ਚੰਗਾ ਸੀ। ਅੱਜ ਦੇ ਬੱਚਿਆਂ ਨੂੰ ਮਾਪਿਆਂ ਦੀਆ ਗੱਲਾਂ ਫਜ਼ੂਲ ਤੇ ਅਰਥਹੀਣ ਲੱਗਦੀਆਂ ਹਨ। ਇਹ ਵੀ ਸੱਚ ਹੋ ਸਕਦਾ ਹੈ ਕਿ ਅੱਜ ਦੇ ਪਦਾਰਥਵਾਦ ਤੇ ਟੈਕਨੋਲੋਜੀ ਦੇ ਯੁੱਗ ਵਿਚ ਸਾਡੇ ਮਾਪਿਆਂ ਦੀਆਂ ਕੁਝ ਗੱਲਾਂ-ਬਾਤਾਂ ਸਮੇਂ ਦੀਆ ਹਾਣੀ ਨਾ ਹੋਣ। ਫਿਰ ਵੀ ਬੱਚਿਆਂ ਨੂੰ ਉਨ੍ਹਾਂ ਲਈ ਟਾਈਮ ਕੱਢਣਾ ਚਾਹੀਦਾ ਹੈ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਹੋ ਸਕਦਾ ਆਉਣ ਵਾਲੇ ਸਮੇਂ ਵਿਚ ਸਾਡੀਆਂ ਗੱਲਾਂ ਸਾਡੇ ਬੱਚਿਆਂ ਲਈ ਵੀ ਅਰਥਹੀਣ ਤੇ ਫਜ਼ੂਲ ਹੋਣ। ਸਾਡੇ ਧਾਰਮਿਕ ਗ੍ਰੰਥਾਂ ਵਿਚ ਵੀ ਮਾਂ-ਬਾਪ ਦੀ ਬਹੁਤ ਪ੍ਰਸ਼ੰਸਾ ਕੀਤੀ ਗਈ ਹੈ। ਸਿੱਖ ਧਰਮ ਅਨੁਸਾਰ ਮਾਂ-ਬਾਪ ਨੂੰ ਪ੍ਰਮਾਤਮਾ ਦਾ ਰੂਪ ਮੰਨਿਆ ਗਿਆ ਹੈ, ਜੋ ਸਾਡਾ ਪਾਲਣ-ਪੋਸ਼ਣ ਕਰਦੇ ਹਨ। ਕ੍ਰਿਸ਼ਚਨ (ਈਸਾਈ) ਧਰਮ ਅਨੁਸਾਰ ਕਿਹਾ ਗਿਆ ਹੈ ਕਿ ਆਪਣੀ ਮਾਂ ਨੂੰ ਪਿਆਰ ਕਰੋ ਤੇ ਉਸਦੀ ਇੱਜ਼ਤ ਕਰੋ। ਹਿੰਦੂ ਧਰਮ ਅਨੁਸਾਰ ਉਹ ਵਿਅਕਤੀ ਜੋ ਸਭ ਤੋਂ ਵੱਧ ਵਡਿਆਈ-ਸਤਿਕਾਰ ਦਾ ਪਾਤਰ ਹੈ, ਉਹ ਮਾਂ ਹੈ। ਇਸਲਾਮ ਧਰਮ ਅਨੁਸਾਰ ਕਿਹਾ ਗਿਆ ਹੈ ਕਿ ਤੁਹਾਡੀ ਮਾਂ ਦਇਆ ਦਾ ਦਰਵਾਜ਼ਾ ਹੈ, ਜੋ ਅੱਲਾ ਨੇ ਤੁਹਾਡੇ ਲਈ ਖੋਲ੍ਹਿਆ ਹੈ, ਇਸ ਨੂੰ ਬੰਦ ਨਾ ਹੋਣ ਦਿਉ। ਅੱਜ ਦੀ ਕੰਮਕਾਜੀ ਔਰਤ ਲਈ ਨੌਕਰੀ ਪੇਸ਼ੇ ਦੇ ਨਾਲ-ਨਾਲ ਆਪਣੇ ਪਰਿਵਾਰ ਬੱਚਿਆ ਦਾ ਖਿੜੇ ਮੱਥੇ ਪਾਲਣ ਪੋਸ਼ਣ ਕਰਨਾ, ਮਾਂ ਦੀ ਮਮਤਾ ਦੀ ਜਿਉਂਦੀ-ਜਾਗਦੀ ਮਿਸਾਲ ਹੈ। ਕਿਸੇ ਲੇਖਕ ਨੇ ਮਾਂ ਬਾਰੇ ਲਿਖਿਆ ਹੈ ਕਿ ਇਕ ਮਾਂ ਹੀ ਹੈ, ਜੋ ਤੁਹਾਡੀ ਪਹਿਲੀ ਦੋਸਤ, ਪੱਕੀ ਦੋਸਤ ਹਮੇਸ਼ਾ ਲਈ ਦੋਸਤ ਰਹਿੰਦੀ ਹੈ। ਬਹੁਤ ਸਾਰੇ ਲੋਕ ਤੇ ਰਿਸ਼ਤੇ ਤੁਹਾਡੀ ਜ਼ਿੰਦਗੀ ਵਿਚ ਆਉਂਦੇ-ਜਾਂਦੇ ਰਹਿੰਦੇ ਹਨ। ਪਰ ਮਾਂ ਹੀ ਹੈ, ਜੋ ਹਮੇਸ਼ਾ ਤੁਹਾਡੇ ਨਾਲ ਖੜ੍ਹੀ ਰਹਿੰਦੀ ਹੈ। ਮੇਰੀ ਨਿੱਜੀ ਸੋਚ ਅਨੁਸਾਰ ਜੇਕਰ ਔਰਤ ਨੂੰ ਸਮਝੌਤਿਆਂ ਦੀ ਪੰਡ ਆਪਣੇ ਸਿਰ 'ਤੇ ਚੁੱਕਣੀ ਪੈਦੀ ਹੈ, ਤਾਂ ਉਸ ਦਾ ਮੁੱਖ ਕਾਰਨ ਉਸਦੀ ਔਲਾਦ ਹੀ ਹੁੰਦੀ ਹੈ। ਜ਼ਰੂਰੀ ਹੈ ਕਿ ਬੱਚੇ ਆਪਣੀਆ ਮਾਤਾਵਾਂ ਦੀਆਂ ਭਾਵਨਾਵਾਂ ਨੂੰ ਸਮਝਣ ਤੇ ਉਨ੍ਹਾਂ ਦੀ ਕਦਰ ਕਰਨ।

# ਕੀ ਕੈਨੇਡਾ ਤਣਾਅਪੂਰਨ ਹੈ? ਸ਼ਾਇਦ! ਟੁੱਟ ਚੁੱਕਾ ਹੈ?

ਕੋਈ ਵੀ ਦੇਸ਼ ਜਾਂ ਸਰਕਾਰ ਜਦ ਵੀ ਕਿਸੇ ਨੂੰ ਆਪਣੇ ਦੇਸ਼ ਵਿਚ ਆਉਣ ਲਈ ਵੀਜ਼ੇ ਦਿੰਦੀ ਹੈ, ਤਾਂ ਉਸ ਦਾ ਭਾਵ ਇਹ ਹੁੰਦਾ ਹੈ ਕਿ ਉਹ ਦੇਸ਼ ਵਿਚ ਆ ਕੇ ਚੰਗੀ ਵਿਦਿਆਂ, ਚੰਗੇ ਗੁਣ, ਚੰਗੇ ਰਹਿਣ-ਸਹਿਣ, ਵੱਡੀਆਂ ਪੜ੍ਹ-ਲਿਖ ਕੇ ਪੋਸਟਾਂ 'ਤੇ ਕੰਮ ਕਰਨ, ਕੋਈ ਵੀ ਸਰਕਾਰ ਜਾਂ ਆਪਣੇ ਦੇਸ਼ ਵਿਚ ਆਉਣ ਲਈ ਇਸ ਲਈ ਵੀਜ਼ੇ ਨਹੀਂ ਦਿੰਦੀ ਕਿ ਉਹ ਆ ਕੇ ਗੋਲੀਬਾਰੀ, ਚੋਰੀ ਡਕੈਤੀ, ਕਾਰਾਂ ਦੀ ਚੋਰੀ, ਡਰੱਗ ਸਮਗਲਿੰਗ ਕਰੇ, ਜਾਂ ਪਲਾਜਿਆਂ ਤੇ ਸੜਕਾਂ 'ਤੇ ਕਿਰਪਾਨਾਂ, ਸਟਿਕਟਸ, ਨਾਲ ਲੜਾਈ-ਝਗੜੇ ਕਰਕੇ ਦੇਸ਼ ਦਾ ਅਤੇ ਸਰਕਾਰ ਦਾ ਨਾਂ ਮਿੱਟੀ ਵਿਚ ਮਿਲਾ ਦੇਵੇ। ਇਹੋ ਜਿਹੇ ਹਲਾਤ ਹੀ ਕੈਨੇਡਾ ਦੇ ਬਣੇ ਹੋਏ ਹਨ, ਜਿਥੇ ਲੋਕ ਸਰਕਾਰ ਨੂੰ ਦੋਸ਼ ਦੇ ਰਹੀ ਹੈ, ਟਰੂਡੋ ਨੇ ਇੰਮੀਗਰਾਂਟਾਂ ਲਈ ਦਰਵਾਜ਼ੇ ਖੋਲ੍ਹੇ, ਜਿਨ੍ਹਾਂ ਨੇ ਇਥੇ ਆ ਕੇ ਇਥੋਂ ਦਾ ਮਾਹੌਲ ਖਰਾਬ ਕਰ ਦਿੱਤਾ। ਪਰ ਸਵਾਲ ਉਠਦਾ ਹੈ ਕਿ ਕੀ ਟਰੂਡੋ ਨੇ ਇਨ੍ਹਾਂ ਲੋਕਾ ਨੂੰ ਵੀਜ਼ੇ ਇਸ ਲਈ ਦਿੱਤੇ ਸਨ ਕਿ ਆਉ ਕੈਨੇਡਾ ਅਤੇ ਕਾਰਾਂ ਦੀ ਚੋਰੀ, ਡਰੱਗ ਦੇ ਧੰਦੇ, ਸੋਨੇ ਦੀ ਚੋਰੀ, ਮਾਰ-ਕੁਟਾਈ ਕਰੋ ਤੇ ਮੇਰਾ ਅਤੇ ਲਿਬਰਲ ਦਾ ਨਾਂ ਮਿੱਟੀ ਵਿਚ ਮਿਲਾ ਦਿਉ। ਹਰਗਿਜ਼ ਨਹੀਂ!

ਜਿਥੇ ਭਾਰਤੀ ਪ੍ਰਵਾਸੀ ਕੈਨੇਡਾ ਦੇ ਬਹੁ-ਸੱਭਿਆਚਾਰਕ ਤਾਣੇ-ਬਾਣੇ ਦਾ ਮਹੱਤਵਪੂਰਨ ਹਿੱਸਾ ਹਨ। ਕੈਨੇਡਾ ਦਾ ਭਾਰਤ ਤੋਂ ਪਰਵਾਸ ਦਾ ਲੰਬਾ ਇਤਿਹਾਸ ਹੈ ਅਤੇ ਭਾਰਤੀ ਪ੍ਰਵਾਸੀਆਂ ਨੇ ਵੱਖ-ਵੱਖ ਖੇਤਰਾਂ ਵਿਚ ਕੈਨੇਡੀਅਨ ਸਮਾਜ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਹਾਲਾਂਕਿ ਬਹੁਤ ਸਾਰੇ ਭਾਰਤੀ ਪ੍ਰਵਾਸੀਆਂ ਨੂੰ ਕੈਨੇਡਾ ਵਿਚ ਸਫਲਤਾ ਅਤੇ ਸਵੀਕ੍ਰਿਤੀ ਮਿਲੀ ਹੈ, ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਅਨੁਭਵ ਵਿਅਕਤੀਆਂ ਲਈ ਵੱਖੋ-ਵੱਖਰੇ ਹੋ ਸਕਦੇ ਹਨ ਅਤੇ ਭਾਸ਼ਾ ਦੀ ਮੁਹਾਰਤ, ਸਿੱਖਿਆ ਅਤੇ ਸੱਭਿਆਚਾਰਕ ਅਨੁਕੂਲਤਾ ਵਰਗੇ ਕਾਰਕਾਂ ਦੁਆਰਾ ਪ੍ਰਭਾਵਿਤ ਹੋ ਸਕਦੇ ਹਨ। ਕੈਨੇਡਾ ਵਿਚ ਸਮਾਨਤਾ ਨੂੰ ਉਤਸ਼ਾਹਿਤ ਕਰਨ ਅਤੇ ਵਿਤਕਰੇ ਨੂੰ ਰੋਕਣ ਲਈ ਕਾਨੂੰਨ ਅਤੇ ਨੀਤੀਆਂ ਹਨ ਅਤੇ ਪ੍ਰਵਾਸੀਆਂ ਦੀ ਏਕੀਕਰਣ ਪ੍ਰਕਿਰਿਆ ਵਿਚ ਸਹਾਇਤਾ ਕਰਨ ਲਈ ਸੰਸਥਾਵਾਂ ਅਤੇ ਸਰੋਤ ਉਪਲਬਧ ਹਨ।

ਪਰ ਕੁਝ ਸਾਲਾਂ ਤੋਂ ਭਾਰਤੀਆਂ ਦੁਆਰਾ ਕੈਨੇਡੀਅਨ ਪਛਾਣ ਨੂੰ ਤਬਾਹ ਕੀਤਾ ਜਾ ਰਿਹਾ ਹੈ। ਖਾਸ ਤੌਰ 'ਤੇ ਸਾਡੇ ਪੰਜਾਬੀ ਭਾਰਤੀ ਲੋਕ ਜੋ ਰਾਤੋ-ਰਾਤ ਅਮੀਰ ਬਨਣ ਲਈ ਗਲਤ ਕੰਮਾਂ ਵਿਚ ਪੈ ਕੇ ਆਪਣੀ ਜ਼ਿੰਦਗੀ ਜੇਲ੍ਹਾਂ ਵਿਚ ਖਰਾਬ ਕਰ ਰਹੇ ਹਨ।




ਕਾਰਾਂ, ਸੋਨੇ ਦੀ ਚੋਰੀ, ਡਰੱਗ ਦੇ ਧੰਦੇ, ਮਾਰਨ ਮਰਾਉਣ ਦੇ ਕੰਮ, ਪਾਰਕਾਂ ਵਿਚ ਸ਼ਰਾਬਾਂ ਪੀ ਕੇ ਹੁੱਲੜਬਾਜ਼ੀ, ਕੋਈ ਦਿਨ ਸੁਦ ਹੋਵੇ ਜਿਵੇਂ ਦੀਵਾਲੀ ਤੇ ਪਟਾਕਿਆਂ ਚਲਾ-ਚਲਾ ਕੇ ਪਾਰਕਾਂ, ਪਲਾਜਿਆਂ ਵਿਚ ਗੋਡੇ-ਗੋਡੇ ਗੰਦ ਪਾ ਦੇਣਾ, ਜੇਕਰ ਕੋਈ ਕੰਮ ਦੀ ਗੱਲ ਇਨ੍ਹਾਂ ਨੂੰ ਕਹਿਣ ਦੀ ਕੋਸ਼ਿਸ਼ ਕਰਦਾ ਹੈ, ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਤੇ ਉਸ ਦੇ ਹੀ ਗਲੇ ਪੈ ਜਾਂਦੇ ਹਨ, ਮਾਰਨ-ਕੁੱਟਣ ਲਈ ਤਿਆਰ ਹੋ ਜਾਂਦੇ ਹਨ।

ਅਪ੍ਰੈਲ 28 ਦੀ ਪੁਲਿਸ ਖ਼ਬਰ ਮੁਤਾਬਿਕ ਮਾਰਚ 27 ਤੋਂ ਲੈ ਕੇ ਅਪ੍ਰੈਲ 27 ਤੱਕ ਸਿਰਫ ਮਿਸੀਸਾਗਾ ਅਤੇ ਬਰੈਂਪਟਨ ਵਿਚੋਂ 5 ਮੋਟਰਸਾਇਕਲਾਂ ਸਮੇਤ 497 ਗੱਡੀਆਂ ਚੋਰੀ ਹੋਈਆਂ, ਭਾਵ ਕਿ 16 ਗੱਡੀਆਂ ਰੋਜ਼ ਦੀਆਂ। ਜਿਨ੍ਹਾਂ ਵਿਚੋਂ 7 ਮਾਮਲੇ ਪੁਲਿਸ ਵਲੋਂ ਹੱਲ ਕੀਤੇ ਗਏ, ਜਿਨ੍ਹਾਂ ਵਿਚ ਭਾਰਤੀ ਪਹਿਲੇ ਨੰਬਰ 'ਤੇ ਹਨ, ਜੋ ਇਨ੍ਹਾਂ ਚੋਰੀਆਂ ਵਿਚ ਸ਼ਾਮਲ ਹਨ।

ਪਿਛਲੇ ਹਫਤੇ ਦੀ ਖਬਰ ਮੁਤਾਬਿਕ ਮਿਸੀਸਾਗਾ ਸ਼ਹਿਰ ਵਿਚ ਕਤਲ ਕਰਕੇ ਫਰਾਰ ਹੋਏ ਚਾਰ ਲੋਕਾ ਦੇ ਨਾਂ ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿਚ ਮਨਜੀਤ ਕੰਗ, ਧਰਮ ਸਿੰਘ ਧਾਲੀਵਾਲ, ਮਨਜੀਤ ਸਿੰਘ ਤੇ ਜਮਾਇਕਾ ਮੂਲ ਦਾ ਰੀਕੋ ਹੇਲ ਦੇ ਨਾਂ ਵਰਨਣਯੋਗ ਹਨ। ਜਿਨ੍ਹਾਂ ਵਿਚੋਂ ਬੀਤੇ ਦਿਨੀਂ ਧਰਮ ਸਿੰਘ ਧਾਲੀਵਾਲ ਨੂੰ ਕੈਨੇਡਾ ਦੇ ਮੋਸਟ ਅਪਰਾਧਿਆਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ, ਤੇ ਉਸ ਦੇ ਗ੍ਰਿਫਤਾਰੀ ਦੇ ਵਰੰਟ ਜਾਰੀ ਕੀਤੇ ਗਏ ਹਨ।

ਪਰ ਕੈਨੇਡਾ ਦਾ ਕਾਨੂੰਨ ਬਹੁਤ ਲਚਕੀਲਾ ਹੈ, ਫੜ੍ਹੇ ਜਾਣ 'ਤੇ ਸ਼ਾਮ ਤੱਕ ਜਾਂ ਦੂਜੇ ਦਿਨ ਹੀ ਬੇਲ 'ਤੇ ਛੱਡ ਦਿੱਤਾ ਜਾਂਦਾ ਹੈ, ਜਿਸ ਬਾਰੇ ਆਏ ਦਿਨ ਕੈਨੇਡਾ ਦੇ ਵੱਖ-ਵੱਖ ਸੂਬਿਆਂ ਦੇ ਪ੍ਰੀਮੀਅਰਜ਼ ਅਤੇ ਸ਼ਹਿਰਾਂ ਦੇ ਮੇਅਰਜ਼ ਵਲੋਂ ਹਮੇਸ਼ਾ ਪ੍ਰਧਾਨ ਮੰਤਰੀ ਟਰੂਡੋ ਨੂੰ ਖ਼ਤ ਲਿਖ ਕੇ ਕਾਨੂੰਨ ਨੂੰ ਸਖ਼ਤ ਕਰਨ ਲਈ ਕਿਹਾ ਹੈ। ਪਰ ਮੇਰੇ ਹਿਸਾਬ ਨਾਲ ਜਦੋਂ ਉਹ ਅਜਿਹਾ ਕਰਦੇ ਹਨ, ਤਾਂ ਉਨ੍ਹਾਂ ਨੂੰ ਵਾਪਸ ਜਿਸ ਵੀ ਦੇਸ਼ ਤੋਂ ਆਏ ਹੁੰਦੇ ਹਨ, ਭੇਜਿਆ ਜਾਣਾ ਚਾਹੀਦਾ ਹੈ।

ਟਰੂਡੋ ਵਲੋਂ ਬਹੁਤ ਗਲਤੀਆਂ ਕੀਤੀਆਂ ਗਈਆਂ ਹਨ, ਇਹ ਨਹੀਂ ਕਿ ਉਹ ਦੁੱਧ ਧੋਤਾ ਹੈ। ਹਰ ਸਮੇਂ ਪ੍ਰੀਮੀਅਰ, ਸੰਸਦ ਮੈਂਬਰ, ਕਾਲਮਨਵੀਸ ਅਤੇ ਪੀਅਰੇ ਪੋਇਲੀਵਰ, ਨਾਅਰਿਆਂ ਅਤੇ ਇੱਥੋਂ ਤੱਕ ਕਿ ਕਈ ਵਾਰ ਸਿੱਧੇ ਲਫਜ਼ਾਂ ਵਿਚ ਟਰੂਡੋ ਨੂੰ ਲੋਕ ਅਤੇ ਲੀਡਰ ਲੰਮੇ ਹੱਥੀਂ ਲੈਂਦੇ ਹਨ। ਵਿਰੋਧੀ ਪਾਰਟੀ ਦੇ ਨੇਤਾ ਪੀਅਰ ਨੇ ਇੱਕ ਉਜਾੜ, ਟੁੱਟੇ ਕੈਨੇਡਾ ਦੀ ਤਸਵੀਰ ਪੇਂਟ ਕੀਤੀ ਹੈ, ਹਾਲਾਂਕਿ ਹਰ ਮਾਪਦੰਡ ਦੁਆਰਾ ਜੋ ਮਹੱਤਵਪੂਰਨ ਹੈ, ਉਹ ਦਾਅਵੇ ਸੱਚਾਈ ਤੋਂ ਅੱਗੇ ਨਹੀਂ ਹੋ ਸਕਦੇ। ਕੀ ਕੈਨੇਡਾ ਤਣਾਅਪੂਰਨ ਹੈ? ਸ਼ਾਇਦ। ਟੁੱਟ ਗਿਆ? ਨੇੜੇ ਵੀ ਨਹੀਂ। ਕੈਨੇਡੀਅਨਾਂ ਦਾ ਝੁੱਕਣ ਦਾ ਲੰਮਾ ਇਤਿਹਾਸ ਹੈ ਪਰ ਟੁੱਟਣ ਦਾ ਨਹੀਂ। ਇਹ ਉਹ ਚੀਜ਼ ਹੈ, ਜਿਸਦੀ ਦੁਨੀਆਂ ਨੇ ਸਾਲਾਂ ਦੌਰਾਨ ਸਾਡੇ ਬਾਰੇ ਪ੍ਰਸ਼ੰਸਾ ਕੀਤੀ ਹੈ। ਇਹ ਕੁਝ ਅਜਿਹਾ ਹੈ, ਜੋ ਮੈਨੂੰ ਯਕੀਨ ਹੈ ਕਿ ਜਾਰੀ ਰਹੇਗਾ। ਹਾਲ ਹੀ ਦੇ ਇਕ ਸਰਵੇ ਮਤਾਬਿਕ ਕੈਨੇਡਾ ਦੁਨੀਆਂ ਦਾ ਸਭ ਤੋਂ ਉਤਮ ਦੇਸ਼ ਸੈਰ ਕਰਨ ਲਈ 2024 ਦਾ ਪਹਿਲੇ ਨੰਬਰ 'ਤੇ ਦਰਜ਼ ਕੀਤਾ ਗਿਆ ਹੈ।


-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397
(Punjab Mail USA)

ਟਰੂਡੋ ਨੇ ਜੋ ਗਲਤੀਆਂ ਕੀਤੀਆਂ ਹਨ, ਜਿਵੇਂ ਕਿ ਆਪਣੇ ਪਹਿਲੇ ਕਾਰਜਕਾਲ ਵਿਚ, ਟਰੂਡੋ ਨੇ ਨਤੀਜੇ ਵਜੋਂ ਕੁਝ ਵੀ ਨਹੀਂ ਕੀਤਾ। ਚੰਗੇ ਆਰਥਿਕ ਸਮੇਂ ਵਿਚ ਸਰਕਾਰ ਨੂੰ ਬਜਟ ਵਿਚ ਸੰਤੁਲਨ ਬਣਾਉਣਾ ਚਾਹੀਦਾ ਸੀ, ਜੋ 2015 ਤੋਂ ਸ਼ੁਰੂਆਤ ਹੋਈ, ਘਾਟੇ ਨੂੰ ਖਤਮ ਕਰਨਾ ਚਾਹੀਦਾ ਸੀ ਅਤੇ ਰਾਸ਼ਟਰੀ ਕਰਜ਼ੇ ਦਾ ਭੁਗਤਾਨ ਕਰਨਾ ਚਾਹੀਦਾ ਸੀ। ਇਸ ਦੀ ਬਜਾਏ, ਟਰੂਡੋ ਅਤੇ ਕੰਪਨੀ ਨੇ ਸ਼ਰਾਬੀ ਮਲਾਹਾਂ ਵਾਂਗ ਪੈਸਾ ਖਰਚਿਆ ਅਤੇ ਕਰਜ਼ੇ ਨੂੰ ਇਤਿਹਾਸਕ ਪੱਧਰ ਤੱਕ ਪਹੁੰਚਾਇਆ ਅਤੇ ਸਾਨੂੰ ਇਸ ਲਈ ਕੀ ਦਿਖਾਉਣਾ ਹੈ? ਕੀ ਸਾਡੇ ਆਦਿਵਾਸੀਆਂ ਕੋਲ ਵਾਅਦੇ ਮੁਤਾਬਕ ਸਾਫ਼ ਪਾਣੀ ਅਤੇ ਰਹਿਣ ਦੀਆਂ ਬਿਹਤਰ ਸਥਿਤੀਆਂ ਹਨ? ਕੀ ਸਾਡੇ ਪੁਰਾਣੇ ਸ਼ਹਿਰਾਂ ਨੂੰ ਅਪਡੇਟ ਕਰਨ ਲਈ ਕੋਈ ਵਿਆਪਕ ਬੁਨਿਆਦੀ ਢਾਂਚਾ ਪ੍ਰੋਗਰਾਮ ਹੈ? ਕੀ ਫੈਡਰਲ ਸਰਕਾਰ ਨੇ ਸੂਬਿਆਂ ਨੂੰ ਸਿਹਤ ਭੁਗਤਾਨਾਂ ਵਿਚ ਵਾਧਾ ਕੀਤਾ ਹੈ? ਕੀ ਕੈਨੇਡੀਅਨ ਫੌਜੀ ਆਪਣੇ ਬੁਢਾਪੇ ਵਾਲੇ ਤਾਲੇ ਵਾਲੇ ਸਾਜ਼ੋ-ਸਾਮਾਨ ਨੂੰ ਬਦਲਣ ਦੇ ਨੇੜੇ ਹੈ? ਕੀ ਜਲਵਾਯੂ ਤਬਦੀਲੀ, ਗਲੋਬਲ ਵਾਰਮਿੰਗ ਅਤੇ ਨਵਿਆਉਣਯੋਗ ਊਰਜਾ 'ਤੇ ਅੱਗੇ ਵਧਣ ਲਈ ਕੋਈ ਵਿਆਪਕ ਯੋਜਨਾ ਹੈ?

ਟਰੂਡੋ ਸਿਵਲ ਸੇਵਕਾਂ ਨੂੰ ਵੀ ਸਹੀ ਢੰਗ ਨਾਲ ਭੁਗਤਾਨ ਨਹੀਂ ਕਰ ਸਕਦਾ ਹੈ ਅਤੇ ਇਸ ਨੂੰ ਠੀਕ ਕਰਨ ਦੀ ਹਰ ਕੋਸ਼ਿਸ਼ ਪਹਿਲਾਂ ਨਾਲੋਂ ਵੀ ਮਾੜੀ ਹੁੰਦੀ ਗਈ, ਸਰਕਾਰ ਕੈਨੇਡਾ ਦੇ ਸਾਬਕਾ ਸੈਨਿਕਾਂ ਨੂੰ ਸਹੂਲਤਾਂ ਦੇਣ ਲਈ ਸਾਲਾਂਬੱਧੀ ਪਿੱਛੇ ਹੈ।

ਜਿਥੇ ਕਿ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਸੀ, ਜੋ ਸਦਾ-ਸਦਾ ਡੋਨਾਲਡ ਟਰੰਪ ਨੂੰ ਕੈਨੇਡੀਅਨ ਆਰਥਿਕਤਾ ਨੂੰ ਹੋਰ ਵੀ ਨੁਕਸਾਨ ਪਹੁੰਚਾਉਣ ਤੋਂ ਰੋਕਣ ਦਾ ਪ੍ਰਬੰਧ ਕਰ ਰਹੀ ਸੀ। ਪਰ ਟਰੂਡੋ ਦੇ ਪਹਿਲੇ ਕਾਰਜਕਾਲ ਦੀ ਅਯੋਗਤਾ ਅਤੇ ਲਾਪ੍ਰਵਾਹੀ, ਆਪਹੁਦਰੀਆਂ ਕਾਰਨ ਦੂਜੇ ਕਾਰਜਕਾਲ ਦੇ ਮੁਕਾਬਲੇ ਫਿੱਕੀ ਪੈ ਜਾਂਦੀ ਰਹੀ ਹੈ।

2024 ਵਿਚ ਜਦ ਟਰੂਡੋ ਹਰ ਪਾਸੇ ਤੋਂ ਨਿਰਾਸ਼ ਹੋਇਆ, ਉਸ ਦੀ ਪਾਰਟੀ ਅਤੇ ਉਸ ਦਾ ਗ੍ਰਾਫ ਹੇਠਾ ਡਿੱਗ ਪਿਆ, ਤਾਂ ਉਸ ਵਲੋਂ ਭਾਰਤੀ ਵਿਦਿਆਰਥੀਆਂ ਤੇ ਮਾਂ-ਬਾਪ ਦੇ ਕੈਨੇਡਾ ਆਉਣ ਦਾ ਕੋਟਾ ਬਹੁਤ ਘਟਾ ਦਿੱਤਾ ਹੈ। ਕਿਉਂਕਿ ਲੋਕਾਂ ਨੇ ਇਸ ਦਾ ਵਿਰੋਧ ਕੀਤਾ, ਜਿਥੇ ਕਿ ਕੈਨੇਡੀਅਨ ਲੋਕਾਂ ਕੋਲ ਕੰਮਕਾਰ ਨਹੀਂ ਹਨ, ਰਹਿਣ ਲਈ ਘਰ ਨਹੀਂ ਹਨ, ਜਿਨ੍ਹਾਂ ਵੱਲ ਉਸ ਨੇ ਕਦੇ ਧਿਆਨ ਹੀ ਨਹੀਂ ਦਿੱਤਾ। ਜੇਕਰ ਉਸ ਨੂੰ ਕੁਝ ਦਿਖ ਰਿਹਾ ਸੀ, ਤਾਂ ਉਹ ਇਹ ਕਿ ਕੈਨੇਡਾ ਨੂੰ ਇੰਮੀਗਰਾਂਟਾਂ ਨਾਲ ਭਰ ਲਉ, ਜੋ ਉਨ੍ਹਾਂ ਵਲੋਂ ਪੈਸਾ ਲਗਾ ਕੇ ਕੈਨੇਡਾ 'ਚ ਦਾਖਲ ਹੋਇਆ ਜਾਂਦਾ ਹੈ, ਉਸ ਨੂੰ ਕੈਨੇਡਾ ਦੀ ਇਕਾਨਮੀ ਚਲਾਈ ਜਾਉ। ਪਿਛਲੇ ਹਫਤੇ ਹੀ ਟਰੂਡੋ ਸਰਕਾਰ ਵਲੋਂ 2024 ਬਜਟ ਪੇਸ਼ ਕੀਤਾ ਗਿਆ, ਜਿਸ ਨੂੰ ਚੋਣ ਬਜਟ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਲੋਕਾਂ ਨੂੰ ਖੁਸ਼ ਕਰਨ ਲਈ ਬਹੁਤ ਕੁਝ ਫੂਲੀਆਂ ਪਾਈਆਂ ਗਈਆਂ। ਪਰ ਲੋਕ ਵੀ ਹੁਣ ਸਿਆਣੇ ਹੋ ਚੁੱਕੇ ਹਨ, ਜੋ ਉਸ ਦੇ ਝੂਠੇ ਵਾਅਦਿਆਂ ਵਿਚ ਨਹੀਂ ਆ ਰਹੇ। ਕੈਨੇਡਾ ਦੀ ਇਕ ਟਾਪ ਸਰਵੇ ਸੰਸਥਾ ਵਲੋਂ ਜਦ ਇਸ ਬਜਟ ਬਾਰੇ ਸਰਵੇ ਕੀਤਾ ਕਿ ਲੋਕ ਵੋਟ ਬਦਲਣ ਵਿਚ ਦਿਲਚਸਪੀ ਦਿਖਾ ਰਹੇ ਹਨ ਜਾਂ ਨਹੀਂ, ਜਿਸ ਬਾਰੇ ਲੋਕਾਂ 'ਤੇ ਕੋਈ ਅਸਰ ਨਹੀਂ ਹੋਇਆ, ਗੱਲ ਕੀ ਕੈਨੇਡੀਅਨ ਆਪਣਾ ਮਨ ਬਣਾ ਚੁੱਕੇ ਹਨ, ਉਹ ਹੁਣ 2025 ਵਿਚ ਹੋਣ ਜਾ ਰਹੀਆਂ ਚੋਣਾਂ ਵਿਚ ਟਰੂਡੋ ਦਾ ਤਖ਼ਤਾ ਪਲਟ ਕੇ ਰਹਿਣਗੇ।

ਅਫਸੋਸ ਕਿ ਕੈਨੇਡਾ ਅਤੇ ਟਰੂਡੋ ਦਾ ਅਕਸ ਵਿਗਾੜਨ ਵਿਚ ਇੰਮੀਗਰਾਂਟਾਂ ਦਾ ਬਹੁਤ ਵੱਡਾ ਹੱਥ ਹੈ। ਜਿਨ੍ਹਾਂ ਨੇ ਇਥੇ ਆ ਕੇ ਕੁਝ ਸਿੱਖਣਾ ਸੀ, ਆਪਣੇ ਹੁਨਰ ਦਿਖਾਉਣੇ ਸਨ, ਚੰਗੀ ਜ਼ਿੰਦਗੀ ਜਿਊਣੀ ਸੀ, ਉਨ੍ਹਾਂ ਨੇ ਕੈਨੇਡਾ ਵਿਚ ਆ ਕੇ ਕ੍ਰਾਈਮ ਤੇ ਗਲਤ ਧੰਦਿਆਂ ਵਿਚ ਪੈ ਕੇ ਕੈਨਡਾ ਦਾ ਹਲਾਤ ਹੀ ਖਰਾਬ ਕਰ ਦਿੱਤੇ, ਜਿਸ ਦਾ ਖਮਿਆਜ਼ਾ ਟਰੂਡੋ ਸਰਕਾਰ ਨੂੰ ਆਪਣੀ 2025 ਦੇ ਚੋਣਾਂ 'ਚ ਭੁਗਤਣਾ ਪਏਗਾ।

# ਇਤਿਹਾਸਕ ਗੁਰਦੁਆਰਾ ਸ੍ਰੀ ਸਰਦੂਲ ਸਰ ਸਾਹਿਬ, ਪਿੰਡ ਮਲਕਪੁਰ (ਲੁਧਿਆਣਾ)

ਇਹ ਪਵਿੱਤਰ ਅਸਥਾਨ ਖੰਨਾ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਪਿੰਡ ਮਲਕਪੁਰ ਵਿਖੇ ਸਥਿਤ ਹੈ। ਇਹ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮਹਾਰਾਜ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਗੁਰੂ ਜੀ ਪਿੰਡ ਜੱਸੜਾਂ, ਪਿੰਡ ਡਡਹੇੜੀ ਦੀ ਢਾਬ 'ਤੇ ਸੰਗਤਾਂ ਨੂੰ ਨਿਹਾਲ ਕਰਦੇ ਹੋਏ ਤੇ ਸ਼ਰਧਾਲੂਆਂ ਨੂੰ ਤਾਰਦੇ ਹੋਏ ਨੇੜਲੇ ਨਗਰ ਅਜਨੇਰ ਆਏ। ਪਿੰਡ ਅਜਨੇਰ ਦੀ ਇੱਕ ਜੌਹੜ ਦੀ ਜਗ੍ਹਾ ਜੋ ਪਿੰਡ ਅਜਨੇਰ ਦੀ ਪੱਛਮ ਦਿਸ਼ਾ ਵੱਲ ਸਥਿਤ ਹੈ, ਉੱਤੇ ਆ ਕੇ ਠਹਿਰੇ। ਚਾਰੇ ਦਿਸ਼ਾਵਾਂ ਤੋਂ ਸੰਗਤਾਂ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਣ ਲੱਗੀਆਂ। ਕਈ ਸੇਵਾਦਾਰ ਰਸਦਾਂ ਦੁੱਧ ਲੈ ਕੇ ਹਾਜ਼ਿਰ ਹੁੰਦੇ। ਜਿਨ੍ਹਾਂ ਵਿਚੋਂ ਫੱਤੂ ਡੂਮ, ਨਿਗਾਹੀਆ ਝਿਊਰ, ਜਗਤਾ ਜੱਟ ਸੈਦਪੁਰ, ਪਿੰਡ ਮਾਨੂੰਪੁਰ ਤੋਂ ਪੂਰਨ ਬ੍ਰਾਹਮਣ, ਪਿੰਡ ਮਲਕਪੁਰ ਤੋਂ ਪਾਖਰ ਜੱਟ ਖੰਗੂੜਾ ਗੋਤ, ਭੜੀ ਤੋਂ ਪ੍ਰੇਮਾਂ ਖਿਲੂ ਰੰਗੜ ਆਦਿ ਸੇਵਾਦਾਰ ਸਨ। ਕੁੱਝ ਸਮਾਂ ਬੀਤ ਜਾਣ 'ਤੇ ਪਿੰਡ ਜੱਲ੍ਹਣਪੁਰ ਤੋਂ ਇਕ ਬ੍ਰਾਹਮਣਾ ਦੀ ਲੜਕੀ ਜਿਸ ਦਾ ਨਾਂਅ ਮਾਹੇਸ਼ਵਰੀ ਦੇਵੀ ਸੀ, ਵੀ ਆਉਣ ਲੱਗੀ। ਮਾਹੇਸ਼ਵਰੀ ਦੇਵੀ ਰੋਜ਼ ਝਾੜੂ ਦੀ ਸੇਵਾ ਕਰਦੀ ਤੇ ਝਾੜੂ ਦੀ ਸੇਵਾ ਕਰਕੇ ਦੂਰ ਜਾ ਬੈਠਦੀ। ਇਕ ਦਿਨ ਦੀਨ ਦਿਆਲੂ, ਜਾਣੀ ਜਾਣ, ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਨਜ਼ਰ ਉਸ ਲੜਕੀ ਪਰ ਗਈ। ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਉਸ ਲੜਕੀ ਨੂੰ ਮੇਰੇ ਪਾਸ ਲਿਆਵੋ। ਸਿੱਖਾਂ ਨੇ ਮਾਹੇਸ਼ਵਰੀ ਦੇਵੀ ਨੂੰ ਗੁਰੂ ਜੀ ਸਾਹਮਣੇ ਪੇਸ਼ ਕੀਤਾ। ਗੁਰੂ ਜੀ ਨੇ ਮਾਹੇਸ਼ਵਰੀ ਦੇਵੀ ਨੂੰ ਪੁੱਛਿਆ ਕਿ ਤੇਰੀ ਇਹ ਦਸ਼ਾ ਕਿਉਂ ਹੋਈ ਹੈ। ਮਾਹੇਸ਼ਵਰੀ ਦੇਵੀ ਨੇ ਕਿਹਾ ਕਿ ਮੈਂ ਪਿੰਡ ਜੱਲਣਪੁਰ ਤੋਂ ਬ੍ਰਾਹਮਣਾਂ ਦੀ ਲੜਕੀ ਹਾਂ, ਮੈਨੂੰ ਕੁਸ਼ਟ ਰੋਗ ਹੈ ਇਸ ਲਈ ਮੇਰੇ ਘਰ ਵਾਲੇ ਨੇ ਅਤੇ ਮਾਤਾ-ਪਿਤਾ ਨੇ ਮੈਨੂੰ ਘਰੋਂ ਨਿਕਾਲ ਦਿੱਤਾ ਹੈ। ਹੁਣ ਤੁਹਾਡੇ ਇੱਥੇ ਆਉਣ ਦੀ ਖ਼ਬਰ ਸੁਣ ਕੇ ਮੈਂ ਕਈ ਦਿਨਾਂ ਤੋਂ ਝਾੜੂ ਦੀ ਸੇਵਾ ਕਰ ਜਾਂਦੀ ਹਾਂ ਅਤੇ ਲੰਗਰ ਤੋਂ ਪ੍ਰਸ਼ਾਦਾ ਛੱਕ ਲੈਂਦੀ ਹਾਂ। ਗੁਰੂ ਜੀ ਨੇ ਮਾਹੇਸ਼ਵਰੀ ਦੇਵੀ ਨੂੰ ਕਿਹਾ ਕਿ ਕੱਲ੍ਹ ਨੂੰ ਮਾਘ ਦੀ ਸੰਗਰਾਂਦ ਹੈ, ਅਸੀਂ ਇਸ਼ਨਾਨ ਕਰਾਂਗੇ ਔਰ ਤੂੰ ਵੀ ਇਸ ਜਗ੍ਹਾ ਇਸ਼ਨਾਨ ਕਰ ਲਵੀਂ ਤੇ ਗੁਰੂ ਗੁਰੂ ਜਪੀ, ਤੇਰਾ ਰੋਗ ਕੱਟ ਜਾਵੇਗਾ। ਦੂਜੇ ਦਿਨ ਸੰਗਰਾਂਦ ਨੂੰ ਸਤਿਗੁਰੂ ਜੀ ਨੇ ਸ਼ਸਤਰ ਮਾਰ ਕੇ ਧਰਤੀ 'ਚੋਂ ਚਸ਼ਮਾਂ ਵਗਾ ਦਿੱਤਾ। ਗੁਰੂ ਜੀ ਨੇ ਉਸ ਚਸ਼ਮੇ ਦੇ ਜਲ ਨਾਲ ਪਹਿਲਾਂ ਆਪ ਇਸ਼ਨਾਨ ਕੀਤਾ ਤੇ ਫਿਰ ਮਾਹੇਸ਼ਵਰੀ ਦੇਵੀ ਨੂੰ ਕਿਹਾ ਕਿ ਤੂੰ ਵੀ ਇਸ਼ਨਾਨ ਕਰ ਲੈ। ਮਾਹੇਸ਼ਵਰੀ ਦੇਵੀ ਨੇ ਇਸ਼ਨਾਨ ਕੀਤਾ ਤੇ ਉਸ ਦੀ ਸਰਵ ਦੇਹੀ ਸੁੰਦਰ ਬਣ ਗਈ ਤੇ ਮਾਹੇਸ਼ਵਰੀ ਦੇਵੀ ਦਾ ਕੁਸ਼ਟ ਰੋਗ ਦੂਰ ਹੋ ਗਿਆ। ਕੁੱਝ ਸਮਾਂ ਹੋਰ ਬੀਤਣ 'ਤੇ ਗੁਰੂ ਜੀ ਚੇਤ ਦੀ ਸੰਗਰਾਂਦ ਮਨਾ ਕੇ ਪਿੰਡ ਅਜਨੇਰ ਤੋਂ ਪਿੰਡ ਮਲਕਪੁਰ ਦੀ ਛਿਪਦੀ ਵੱਲ੍ਹ, ਜਿੱਥੇ ਪਾਣੀ ਦਾ ਜੌਹੜ ਸੀ, ਜਿੱਥੇ ਅੱਜਕੱਲ੍ਹ ਗੁਰਦੁਆਰਾ ਸ੍ਰੀ ਸਰਦੂਲ ਸਰ ਸਾਹਿਬ ਸੁਸ਼ੋਭਿਤ ਹੈ, ਜਾ ਬਿਰਾਜੇ। ਸਤਿਗੁਰਾਂ ਨਾਲ 150 ਪੈਦਲ ਤੇ ਘੋੜ ਸਵਾਰ ਵੀ ਸਨ। ਇਸ ਪਿੰਡ ਦੇ ਪਾਖਰ ਜੱਟ, ਰਲੀਆ ਰਾਮ ਤਰਖਾਣ, ਬਲੀਆਂ ਨਾਈ ਆਦਿ ਸਿੰਘਾਂ ਨੇ ਗੁਰੂ ਜੀ ਦੀ ਤਨੋਂ ਮਨੋਂ ਬੇਹੱਦ ਸੇਵਾ ਕੀਤੀ। ਗੁਰੂ ਜੀ ਚਾਰ ਰੋਜ਼ ਇਸ ਨਗਰ ਵਿਚ ਠਹਿਰ ਕੇ ਮੰਜੀ ਸਾਹਿਬ, ਪਿੰਡ ਬਰਮਾਲੀਪੁਰ ਦੇ ਨੇੜੇ ਜਾ ਬਿਰਾਜੇ। ਗੁਰਦੁਆਰਾ ਸਰਦੂਲ ਸਰ ਸਾਹਿਬ ਦੀ ਆਲੀਸ਼ਾਨ ਦੋ ਮੰਜ਼ਿਲਾ ਇਮਾਰਤ ਬਣੀ ਹੋਈ ਹੈ। ਹੇਠਲੀ ਮੰਜ਼ਿਲ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ, ਜਿੱਥੇ ਸੰਗਤਾਂ ਸ਼ਰਧਾ ਨਾਲ ਮੱਥਾ ਟੇਕਦੀਆਂ ਹਨ ਅਤੇ ਬੜੇ ਹੀ ਪਿਆਰ ਨਾਲ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰਦੀਆਂ ਹਨ। ਦਰਸ਼ਨ ਕਰਕੇ ਆਪਣਾ ਜੀਵਨ ਸਫਲ ਕਰਦੀਆਂ ਹਨ।




ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ।
ਮੋਬ : 75279-31887
(Punjab Mail USA)

# ਸ੍ਰੀ ਗੁਰੂ ਤੇਗ ਬਹਾਦਰ ਜੀ

## ਅਵਤਾਰ ਪੁਰਬ 'ਤੇ ਵਿਸ਼ੇਸ਼

-ਡਾ. ਚਰਨਜੀਤ ਸਿੰਘ ਗੁਮਟਾਲਾ
919417533060
gumtalacs@gmail.com
(Punjab Mail USA)









ਆਪ ਦਾ ਜਨਮ ਛੇਵੇਂ ਗੁਰੂ ਹਰਿਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਸੰਨ 1621 ਈ. (ਵਿਸਾਖ ਵਦੀ 5, 1678 ਬਿ.) ਨੂੰ ਅੰਮ੍ਰਿਤਸਰ ਵਿਚ ਹੋਇਆ। ਇਹ ਸਥਾਨ ਗੁਰੂ ਬਜ਼ਾਰ ਦੇ ਨਾਲ ਹੈ, ਜਿੱਥੇ ਅੱਜਕੱਲ੍ਹ ਗੁਰਦੁਆਰਾ ਗੁਰੂ ਕੇ ਮਹਿਲ ਸੁਸ਼ੋਭਿਤ ਹੈ। ਆਪ ਦਾ ਵਿਆਹ ਕਰਤਾਰਪੁਰ ਦੇ ਨਿਵਾਸੀ ਭਾਈ ਲਾਲ ਚੰਦ ਦੀ ਸੁਪੁੱਤਰੀ ਗੁਜਰੀ ਨਾਲ ਸੰਨ 1632 ਈ. (15 ਅਸੂ, 1689 ਬਿ.) ਵਿਚ ਹੋਇਆ। ਆਪ ਨੇ ਜਲੰਧਰ ਲਾਗੇ ਕਰਤਾਰਪੁਰ ਵਿਖੇ ਹੋਈ ਲੜਾਈ ਜੋ ਪਹਿਲੀ ਜੇਠ ਬਿ:1692 (1635 ਈ.) ਨੂੰ ਹੋਈ, ਵਿਚ ਐਸੇ ਜੌਹਰ ਵਿਖਾਏ ਕਿ ਆਪ ਜੀ ਦਾ ਨਾਂ ਤੇਗ ਮਲ ਤੋਂ ਤੇਗ ਬਹਾਦਰ ਪ੍ਰਸਿੱਧ ਹੋ ਗਿਆ। ਸੰਨ 1644 ਈ. ਵਿਚ ਆਪ ਆਪਣੀ ਪਤਨੀ ਅਤੇ ਮਾਤਾ ਸਹਿਤ ਬਕਾਲਾ ਪਿੰਡ ਵਿਚ ਆ ਵਸੇ, ਜੋ ਸਮਾਂ ਪਾ ਕੇ ਆਪ ਦੇ ਨਾਂ 'ਤੇ 'ਬਾਬਾ ਬਕਾਲਾ' ਕਰਕੇ ਪ੍ਰਸਿੱਧ ਹੋਇਆ ।

ਆਪ ਦੇ ਪਿਤਾ ਗੁਰੂ ਹਰਿਗੋਬਿੰਦ ਜੀ ਤੋਂ ਬਾਦ ਗੁਰੂ ਹਰਿਰਾਇ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਕ੍ਰਮਵਾਰ ਸੱਤਵੇਂ ਅਤੇ ਅੱਠਵੇਂ ਗੁਰੂ ਬਣੇ। ਬਾਲ-ਕਾਲ ਵਿਚ ਜੋਤੀ-ਜੋਤਿ ਸਮਾਉਣ ਕਾਰਨ ਅੱਠਵੇਂ ਗੁਰੂ ਨੇ ਗੁਰੂ-ਗੱਦੀ ਦੇ ਉਤਰਾਧਿਕਾਰੀ ਬਾਰੇ ਕੇਵਲ 'ਬਾਬਾ ਬਕਾਲੇ' ਸ਼ਬਦ ਕਹੇ। ਇਸ ਅਸਪੱਸ਼ਟ ਸੰਕੇਤ ਕਾਰਨ ਗੱਦੀ ਦੇ ਕਈ ਦਾਅਵੇਦਾਰ ਖੜ੍ਹੇ ਹੋ ਗਏ। ਆਖ਼ਿਰ ਭਾਈ ਮੱਖਣ ਸ਼ਾਹ ਲੁਬਾਣਾ ਨੇ ਆਪਣੀ ਮੰਨਤ ਭੇਟਾ ਕਰਨ ਲਈ ਸੂਖਮ ਦ੍ਰਿਸ਼ਟੀ ਨਾਲ 22 ਅਖੌਤੀ ਗੱਦੀਆਂ ਵਿਚੋਂ ਸੱਚੇ ਗੁਰੂ ਨੂੰ ਲੱਭ ਲਿਆ। ਇਸ ਤਰ੍ਹਾਂ ਆਪ 20 ਮਾਰਚ, 1665 ਈ. (ਚੇਤ ਸੁਦੀ 14, 1722 ਬਿ.) ਨੂੰ 43 ਵਰ੍ਹਿਆਂ ਦੀ ਉਮਰ ਵਿਚ ਗੁਰੂ-ਗੱਦੀ ਉਤੇ ਬੈਠੇ। ਉਪਰੰਤ ਆਪ ਕਈ ਗੁਰੂ-ਧਾਮਾਂ ਦੀ ਯਾਤਰਾ ਕਰਦੇ ਹੋਏ ਕੀਰਤਪੁਰ ਪਹੁੰਚੇ। ਕੁਝ ਸਮਾਂ ਉੱਥੇ ਟਿਕੇ ਅਤੇ ਫਿਰ ਨੈਣਾ ਦੇਵੀ ਦੇ ਨੇੜੇ ਸਤਲੁਜ ਨਦੀ ਦੇ ਕੰਢੇ, ਮਾਖੋਵਾਲ ਪਿੰਡ ਦੀ ਧਰਤੀ ਪਹਾੜੀ ਰਾਜਿਆਂ ਤੋਂ ਖ਼ਰੀਦ ਕੇ ਸੰਨ 1666 ਈ. (ਸੰਨ 1723 ਬਿ.) ਵਿਚ ਆਨੰਦਪੁਰ ਦੀ ਸਥਾਪਨਾ ਕੀਤੀ, ਜੋ ਬਾਦ ਵਿਚ ਖ਼ਾਲਸੇ ਦੀ ਜਨਮ-ਭੂਮੀ ਵਜੋਂ ਪ੍ਰਸਿੱਧ ਹੋਈ।

ਇਸ ਤੋਂ ਬਾਦ ਆਪ ਧਰਮ-ਪ੍ਰਚਾਰ ਲਈ ਯਾਤਰਾ ਉਤੇ ਨਿਕਲ ਪਏ ਅਤੇ ਮਾਲਵਾ ਤੇ ਬਾਂਗਰ ਖੇਤਰਾਂ ਵਿਚੋਂ ਹੁੰਦੇ ਹੋਏ ਅਹੀਆਪੁਰ (ਅਲਾਹਾਬਾਦ) ਪਹੁੰਚੇ ਅਤੇ ਫਿਰ ਉੱਥੋਂ ਬਨਾਰਸ, ਪਟਨਾ ਅਤੇ ਗਯਾ ਆਦਿ ਥਾਂਵਾਂ ਉੱਤੇ ਗਏ। ਪਰਿਵਾਰ ਨੂੰ ਪਟਨੇ ਛਡ ਕੇ ਉੱਥੋਂ ਪਹਿਲਾਂ ਬੰਗਾਲ ਵਲ ਗਏ ਅਤੇ ਕੁਝ ਸਮੇਂ ਲਈ ਢਾਕੇ ਵਿਚ ਵੀ ਰਹੇ। ਆਪ ਦੇ ਪਿੱਛੋਂ ਪਟਨਾ ਵਿਚ ਬਾਲਕ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ ਜੀ) ਦਾ 22 ਦਸੰਬਰ 1666 ਈ. (ਪੋਹ ਸੁਦੀ ਸਪਤਮੀ, 1723 ਬਿ.) ਨੂੰ ਜਨਮ ਹੋਇਆ। ਆਪ ਜੋਧਪੁਰ ਦੇ ਰਾਜਾ ਰਾਮ ਸਿੰਘ ਨਾਲ ਅਸਾਮ ਦੀ ਮੁਹਿੰਮ ਉਤੇ ਚਲੇ ਗਏ ਅਤੇ ਉੱਥੋਂ ਦਾ ਸਾਰਾ ਮਾਮਲਾ, ਰਾਸ਼ਟਰੀ-ਹਿਤਾਂ ਨੂੰ ਮੁੱਖ ਰੱਖਦਿਆਂ, ਸ਼ਾਂਤੀ-ਪੂਰਵਕ ਹਲ ਕੀਤਾ। ਉੱਥੋਂ ਵਾਪਸ ਆ ਕੇ ਕੁਝ ਸਮਾਂ ਆਪ ਪਟਨਾ ਨਗਰ ਵਿਚ ਟਿਕੇ ਅਤੇ ਫਿਰ ਪਰਿਵਾਰ ਨੂੰ ਉਥੇ ਛੱਡ ਕੇ ਸੰਨ 1668 ਈ. ਵਿਚ ਆਨੰਦਪੁਰ ਪਰਤ ਆਏ। ਸੰਨ 1672 ਈ. ਵਿਚ ਪਟਨੇ ਤੋਂ ਆਪਣੇ ਪਰਿਵਾਰ ਨੂੰ ਵੀ ਉੱਥੇ ਸੱਦ ਲਿਆ।

ਕੁਝ ਵਰ੍ਹੇ ਆਪ ਆਨੰਦਪੁਰ ਵਿਚ ਧਰਮ-ਪ੍ਰਚਾਰ ਕਰਦੇ ਰਹੇ। ਇਸੇ ਦੌਰਾਨ ਔਰੰਗਜ਼ੇਬ ਬਾਦਸ਼ਾਹ ਨੇ ਹਿੰਦੂਆਂ ਨੂੰ ਸਮੂਹਿਕ ਤੌਰ 'ਤੇ ਮੁਸਲਮਾਨ ਬਣਾਉਣ ਦੀ ਯੋਜਨਾ ਨੂੰ ਸਭ ਤੋਂ ਪਹਿਲਾਂ ਕਸ਼ਮੀਰ ਵਿਚ ਲਾਗੂ ਕਰਨ ਦਾ ਯਤਨ ਕੀਤਾ। ਫਲਸਰੂਪ ਕਸ਼ਮੀਰ ਦੇ ਬ੍ਰਾਹਮਣ ਆਪਣੇ ਧਰਮ ਦੀ ਰੱਖਿਆ ਲਈ ਆਪ ਦੀ ਸ਼ਰਣ ਵਿਚ ਆਏ ਅਤੇ ਸੰਨ 1675 ਈ. ਵਿਚ ਉਨ੍ਹਾਂ ਦੇ ਧਾਰਮਿਕ ਸੰਕਟ ਨੂੰ ਖ਼ਤਮ ਕਰਨ ਲਈ ਕੁਝ ਸਿੱਖ-ਸੇਵਕਾਂ ਨੂੰ ਨਾਲ ਲੈ ਕੇ ਆਪ ਦਿੱਲੀ ਵੱਲ ਚੱਲ ਪਏ। ਯਾਤਰਾ ਦੌਰਾਨ ਆਪ ਕਈ ਨਗਰਾਂ/ਉਪਨਗਰਾਂ ਵਿਚ ਠਹਿਰੇ ਅਤੇ ਧਰਮ ਪ੍ਰਤੀ ਦ੍ਰਿੜ੍ਹਤਾ ਦਾ ਪ੍ਰਚਾਰ ਕਰਦੇ ਰਹੇ। ਦਿੱਲੀ ਪਹੁੰਚਣ ਤੋਂ ਪਹਿਲਾਂ ਆਪ ਨੂੰ ਆਗਰੇ ਵਿਚ ਬੰਦੀ ਬਣਾ ਲਿਆ ਗਿਆ। ਬਾਦਸ਼ਾਹ ਵਲੋਂ ਮੁਸਲਮਾਨ ਬਣਨ ਦੀ ਹਰ ਪ੍ਰਕਾਰ ਦੀ ਪੇਸ਼ਕਸ਼ ਨੂੰ ਆਪ ਨੇ ਠੁਕਰਾ ਦਿੱਤਾ। ਬਾਦਸ਼ਾਹ ਨੇ ਆਪ ਨੂੰ 11 ਨਵੰਬਰ, 1675 ਈ. (ਮਘਰ ਸੁਦੀ 5, 1732 ਬਿ.) ਨੂੰ ਦਿੱਲੀ ਵਿਚ ਕੋਤਵਾਲੀ ਦੇ ਨੇੜੇ ਗੁਰਦੁਆਰਾ ਸੀਸਗੰਜ ਵਾਲੇ ਸਥਾਨ ਉਤੇ ਸ਼ਹੀਦ ਕਰ ਦਿੱਤਾ।

ਭਾਈ ਲੱਖੀ ਸ਼ਾਹ ਨੇ ਆਪਣੇ ਤਿੰਨ ਪੁੱਤਰਾਂ ਨਿਗਾਹੀਆ, ਹੇਮਾ, ਹਾੜ੍ਹੀ ਤੇ ਚੌਥੇ ਸਿੱਖ ਭਾਈ ਧੂਮਾ ਦੀ ਮਦਦ ਨਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਧੜ ਨੂੰ ਆਪਣੇ ਰੂੰ ਵਾਲੇ ਗੱਡੇ ਵਿਚ ਲੁਕਾ ਕੇ ਆਪਣੇ ਘਰ ਪਿੰਡ ਰਾਇਨਸੀਨਾ ਲੈ ਆਂਦਾ ਤੇ ਘਰ ਨੂੰ ਅੱਗ ਲਾ ਕੇ ਸਸਕਾਰ ਕਰ ਦਿੱਤਾ। ਇਸ ਸਥਾਨ ਉਤੇ ਹੁਣ ਗੁਰਦੁਆਰਾ ਰਕਾਬਗੰਜ (ਨਵੀਂ ਦਿੱਲੀ) ਬਣਿਆ ਹੋਇਆ ਹੈ।

ਆਪ ਦੇ ਸੀਸ ਨੂੰ ਚਾਦਰ ਵਿਚ ਲਪੇਟ ਕੇ ਭਾਈ ਜੈਤਾ ਆਨੰਦਪੁਰ ਪਹੁੰਚਿਆ, ਜਿਥੇ ਬਾਲਕ ਗੋਬਿੰਦ ਰਾਇ ਨੇ ਬੜੇ ਸਤਿਕਾਰ ਨਾਲ ਉਸ ਦਾ ਸਸਕਾਰ ਕੀਤਾ। ਇਸ ਸਦ-ਉਦਮ ਕਾਰਨ ਇਤਿਹਾਸ ਵਿਚ ਭਾਈ ਜੈਤਾ ਨੂੰ 'ਗੁਰੂ ਕਾ ਬੇਟਾ' ਅਖਵਾਉਣ ਦਾ ਸਨਮਾਨ ਪ੍ਰਾਪਤ ਹੋਇਆ। 'ਬਚਿਤ੍ਰ ਨਾਟਕ' ਵਿਚ ਆਪ ਦੇ ਮਹਾਂ-ਬਲਿਦਾਨ ਦੀ ਘਟਨਾ ਬਾਰੇ ਲਿਖਿਆ ਹੈ: ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭੁਪੁਰ ਕੀਯਾ ਪਯਾਨ। ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ। ਆਪ ਕੁੱਲ 10 ਵਰ੍ਹੇ, 7 ਮਹੀਨੇ ਅਤੇ 18 ਦਿਨ ਗੁਰੂ-ਗੱਦੀ ਉਤੇ ਬਿਰਾਜਮਾਨ ਰਹੇ। ਆਪ ਦੀ ਸ਼ਹਾਦਤ ਤੋਂ ਬਾਦ ਆਪ ਦੇ ਸੁਪੁੱਤਰ ਗੋਬਿੰਦ ਰਾਇ ਜੀ ਗੁਰੂਗੱਦੀ ਉਤੇ ਬੈਠੇ, ਜਿਨ੍ਹਾਂ ਨੇ ਕੌਮ ਨੂੰ ਇਕ ਨਵੀਂ ਸੇਧ ਦਿੱਤੀ ।

ਇਥੇ ਵਰਨਯੋਗ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਦ੍ਰਿੜ੍ਹਤਾ ਨੂੰ ਵੇਖਦੇ ਹੋਏ ਸ਼ਹਾਦਤ ਤੋਂ ਇਕ ਦਿਨ ਪਹਿਲਾਂ 10 ਨਵੰਬਰ 1675 ਈ. ਨੂੰ ਆਪ ਜੀ ਦੇ ਤਿੰਨ ਸਿੱਖਾਂ ਨੂੰ ਸਖ਼ਤ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਭਾਈ ਮਤੀਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਸਾੜ ਕੇ ਸ਼ਹੀਦ ਕੀਤਾ ਗਿਆ। ਭਾਈ ਦਿਆ ਦਾਸ ਜੀ ਨੂੰ ਉਬਲਦੀ ਦੇਗ਼ ਵਿਚ ਪਾ ਕੇ ਸ਼ਹੀਦ ਕੀਤਾ ਗਿਆ। ਪਰ ਆਪ ਜੀ ਅਡੋਲ ਰਹੇ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਲਿਖੇ ਹੋਏ 59 ਸ਼ਬਦ ਅਤੇ 57 ਸਲੋਕ ਹਨ। ਸਲੋਕ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਦਰਜ ਹਨ। ਸ਼ਬਦ 15 ਰਾਗਾਂ ਵਿਚ ਹਨ। ਗਉੜੀ ਰਾਗ ਵਿਚ 9, ਤਿਲੰਗ 3, ਆਸਾ 1, ਬਿਲਾਵਲ 3, ਦੇਵਗੰਧਾਰੀ 3, ਬਿਹਾਗੜਾ 1, ਮਾਰੂ 3, ਸੋਰਠ 12, ਬਸੰਤ 5, ਧਨਾਸਰੀ 4, ਸਾਰੰਗ 4, ਰਾਮਕਲੀ 3, ਜੈਤਸਰੀ 3, ਜੈਜਾਵੰਤੀ 4, ਟੋਡੀ 1, ਜੋੜ =59। ਇੱਥੇ ਵਰਨਣਯੋਗ ਹੈ ਕਿ ਜੈਜਾਵੰਤੀ ਰਾਗ ਸਿਰਫ ਗੁਰੂ ਤੇਗ ਬਹਾਦਰ ਸਾਹਿਬ ਨੇ ਵਰਤਿਆ ਹੈ।

**ਗੁਰੂ ਤੇਗ ਬਹਾਦਰ ਨਾਲ ਸਬੰਧਿਤ ਗੁਰਦੁਆਰੇ:** ਗੁਰੂ ਜੀ ਦੇ ਕੁਝ ਪ੍ਰਸਿੱਧ ਗੁਰਦੁਆਰੇ ਇਸ ਪ੍ਰਕਾਰ ਹਨ: 1. ਜਨਮ ਅਸਥਾਨ - 'ਗੁਰੂ ਕਾ ਮਹਲ' ਅੰਮ੍ਰਿਤਸਰ (ਸੰਨ 1621), 2. ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ - ਪ੍ਰਗਟ ਹੋਏ (ਸੰਨ 1664)। 3. ਥੜ੍ਹਾ ਸਾਹਿਬ ਅੰਮ੍ਰਿਤਸਰ - ਸ੍ਰੀ ਅਕਾਲ ਤਖ਼ਤ ਦੇ ਨਾਲ ਜਿੱਥੇ ਸੰਨ 1664 ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ ਇਥੇ ਠਹਿਰੇ ਸਨ। 4. ਦਮਦਮਾ ਸਾਹਿਬ (ਮਾਲ ਮੰਡੀ ਅੰਮ੍ਰਿਤਸਰ), ਵੱਲਾ ਪਿੰਡ ਜਾਣ ਸਮੇਂ ਏਥੇ ਕੁਝ ਸਮਾਂ ਠਹਿਰੇ। 5. ਕੋਠਾ ਸਾਹਿਬ (ਪਿੰਡ ਵੱਲਾ, ਜ਼ਿਲ੍ਹਾ ਅੰਮ੍ਰਿਤਸਰ)। ਅੰਮ੍ਰਿਤਸਰ ਤੋਂ ਵਾਪਸੀ 'ਤੇ ਇਸ ਪਿੰਡ ਟਿਕੇ ਸਨ। 6. ਘੁਕਵਾਲੀ ਜਿਸ ਨੂੰ ਅੱਜਕੱਲ੍ਹ ਗੁਰੂ ਕਾ ਬਾਗ ਕਿਹਾ ਜਾਂਦਾ ਹੈ। 7. ਕਰਤਾਰਪੁਰ-ਕੀਰਤਪੁਰ ਨੂੰ ਜਾਂਦੇ ਹੋਏ ਏਥੇ ਠਹਿਰੇ। 8. ਅਨੰਦਪੁਰ ਸਾਹਿਬ ਵਿੱਚ ਗੁਰਦੁਆਰੇ :- ਗੁਰਦੁਆਰਾ ਗੁਰੂ ਕੇ ਮਹਿਲ, ਗੁਰਦੁਆਰਾ ਭੋਰਾ ਸਾਹਿਬ, ਗੁਰਦੁਆਰਾ ਮੰਜੀ ਸਾਹਿਬ, ਗੁਰਦੁਆਰਾ ਦਮਦਮਾ ਸਾਹਿਬ, ਗੁਰਦੁਆਰਾ ਸੀਸ ਗੰਜ, ਗੁਰਦੁਆਰਾ ਅਕਾਲ ਬੁੰਗਾ। 9. ਗੁਰਦੁਆਰਾ ਮਾਈ ਥਾਨ (ਆਗਰਾ) 10 ਗੁਰਦੁਆਰਾ ਵੱਡੀ ਸੰਗਤ (ਸਸਰਾਮ ਬੰਗਾਲ), 11. ਗੁਰਦੁਆਰਾ ਬੜੀ ਸੰਗਤਿ (ਕਟੜਾ ਰੇਸ਼ਮ, ਬਨਾਰਸ)। 12. ਕੜ੍ਹਾ ਜ਼ਿਲ੍ਹਾ ਉਤਰਪ੍ਰਦੇਸ਼, 13. ਗੁਰਦੁਆਰਾ ਸੀਸ ਗੰਜ ਦਿੱਲੀ, 14. ਰਕਾਬ ਗੰਜ ਦਿੱਲੀ। ਗੁਰੂ ਤੇਗ ਬਹਾਦਰ ਸਾਹਿਬ ਤੇ ਭਾਰਤ ਤੋਂ ਇਲਾਵਾ ਪਾਕਿਸਤਾਨ ਤੇ ਹੋਰਨਾਂ ਮੁਲਕਾਂ ਵਿਚਲੇ ਗੁਰੂਧਾਮਾਂ ਜਾਣਕਾਰੀ ਲੈਣ ਲਈ ਵੇਖੋ : ਗੁਰਦੁਆਰਾ ਕੋਸ਼, ਸੰਪਾਦਕ ਡਾ. ਜਸਬੀਰ ਸਿੰਘ ਸਰਨਾ, ਦਿਲਜੀਤ ਸਿੰਘ ਬੇਦੀ, ਪ੍ਰਕਾਸ਼ਕ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2016

# ਚੁਣੌਤੀ ਤੋਂ ਘੱਟ ਨਹੀਂ ਹੈ- ਪਾਰਕਿੰਸਨ ਰੋਗ

**"ਪਾਰਕਿੰਸਨ ਦਾ ਸਾਹਮਣਾ ਕਰਨ ਵਾਲੇ ਸੈਕਸ-ਰਿਸ਼ਤੇ, ਕੰਮ ਕਰਨ 'ਚ ਦਿੱਕਤ, ਬੋਲਣ 'ਚ ਮੁਸ਼ਕਲ, ਨੀਂਦ, ਮਾਨਸਿਕ-ਸਰੀਰਕ ਗਤੀਵਿਧੀ, ਕੁੱਝ ਵੀ ਕਰਨ ਦਾ ਹੌਂਸਲਾ ਘੱਟ ਜਾਣ ਨਾਲ ਆਪਣੇ-ਆਪ ਨੂੰ ਇੱਕਲਾ ਮਹਿਸੂਸ ਕਰਦੇ ਹਨ। ਕਈ ਵਾਰ ਪਰਿਵਾਰ ਵਾਲੇ ਅਤੇ ਦੋਸਤ-ਮਿੱਤਰ ਵੀ ਦੂਰ ਹੋ ਜਾਂਦੇ ਹਨ"- ਅਨਿਲ ਧੀਰ**

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)





ਵਿਸ਼ਵ ਭਰ 'ਚ ਅਪ੍ਰੈਲ 2024 ਦਾ ਮਹੀਨਾ ਲੋਕਾਂ ਨੂੰ ਪਾਰਕਿੰਸਨਸ ਰੋਗ ਬਾਰੇ ਜਾਗਰੂਕ ਕਰਕੇ ਮਨਾਇਆ ਗਿਆ। ਹਰ ਸਾਲ ਰੋਗੀਆਂ ਦਾ ਅੰਕੜਾ ਵੱਧਦਾ ਹੀ ਜਾ ਰਿਹਾ ਹੈ। ਪਾਰਕਿੰਸਨਸ ਇੱਕ ਦਿਮਾਗੀ ਬਿਮਾਰੀ ਹੈ, ਜੋ ਰੋਗੀ ਨੂੰ ਵੱਖ-ਵੱਖ ਕਿਸਮ ਦਾ ਅਨੁਭਵ ਦਿੰਦੀ ਹੈ। ਪਾਰਕਿੰਸਨਸ ਦਾ ਸਾਹਮਣਾ ਕਰਨ ਵਾਲੇ ਸੈਕਸ-ਰਿਸ਼ਤੇ, ਕੰਮ ਕਰਨ 'ਚ ਦਿੱਕਤ, ਨੀਂਦ, ਮਾਨਸਿਕ-ਸਰੀਰਕ ਗਤੀਵਿਧੀ, ਕੁੱਝ ਵੀ ਕਰਨ ਦਾ ਹੌਂਸਲਾ ਘੱਟ ਜਾਣ ਨਾਲ ਆਪਣੇ-ਆਪ ਨੂੰ ਇੱਕਲਾ ਮਹਿਸੂਸ ਕਰਦੇ ਹਨ। ਰੋਗੀਆਂ 'ਚ ਆਮ ਲੱਛਣ ਜਿਵੇਂ ਸਰੀਰ ਦਾ ਕੰਬਣਾ, ਮੁਸ਼ਕਲ ਨਾਲ ਬੋਲਣਾ ਅਤੇ ਦਰਦਨਾਕ ਮਾਸਪੇਸ਼ੀਆਂ ਦਾ ਸੁੰਗੜਨਾ ਦੇਖਣ ਨੂੰ ਮਿਲ ਰਹੇ ਹਨ। ਵਿਸ਼ਵ ਪੱਧਰ 'ਤੇ ਕਈ ਮਿਲੀਅਨ ਰੋਗੀ ਬਿਮਾਰੀ ਦੌਰਾਣ ਪੂਰਾ ਧਿਆਣ ਨਾ ਦੇਣ ਅਤੇ ਲਾਪ੍ਰਵਾਹੀ ਕਾਰਨ ਮੌਤਾਂ ਦਾ ਅੰਕੜਾ ਤੇਜ਼ੀ ਨਾਲ ਵੱਧ ਰਿਹਾ ਹੈ। ਬਜ਼ੁਰਗਾਂ ਦੇ ਨਾਲ-ਨਾਲ ਘੱਟ ਉਮਰ ਦੇ ਲੋਕ ਵੀ ਬਿਮਾਰੀ ਦੇ ਸ਼ਿਕਾਰ ਹੋ ਰਹੇ ਹਨ। ਬਿਮਾਰੀ ਦਾ ਕਾਰਨ ਪੂਰਾ ਕਲੀਅਰ ਨਹੀਂ ਹੈ। ਫੈਮਿਲੀ 'ਚ ਕੋਈ ਰੋਗੀ ਹੋਣ ਨਾਲ ਯਾਨਿ ਫੈਮਿਲੀ ਹਿਸਟਰੀ ਨਾਲ ਖਤਰਾ ਵੱਧ ਸਕਦਾ ਹੈ। ਹਵਾ ਪ੍ਰਦੂਸ਼ਨ ਅਤੇ ਕੀਟਨਾਸ਼ਕਾਂ ਘੋਲ ਦੇ ਸੰਪਰਕ 'ਚ ਰਹਿਣ ਵਾਲੇ ਘੇਰੇ 'ਚ ਆ ਸਕਦੇ ਹਨ।

## ਪਾਰਕਿੰਸਨਸ ਰੋਗ ਦੌਰਾਣ ਖਿਆਲ ਰੱਖੋ:

- ਪ੍ਰਾਪਰ ਕਾਉਂਸਲਿੰਗ, ਥੈਰੇਪੀ ਅਤੇ ਦਵਾਈਆਂ ਲਈ ਆਪਣੇ ਫੈਮਿਲੀ ਡਾਕਟਰ ਦੇ ਸੰਪਰਕ 'ਚ ਰਹਿਣਾ ਜ਼ਿਆਦਾ ਜ਼ਰੂਰੀ ਹੋ ਜਾਂਦਾ ਹੈ।
- ਸਰੀਰਕ-ਮਾਨਸਿਕ ਸੰਤੁਲਨ ਬਣਾ ਕੇ ਰੱਖਣ ਲਈ ਫੀਜ਼ੀਓ ਮਾਹਿਰ ਦੁਆਰਾ ਦੱਸੀਆਂ ਐਕਸਰਸਾਈਜ਼, ਐਰੋਬਿਕ ਕਸਰਤਾਂ, ਮੈਡੀਟੇਸ਼ਨ, ਯੋਗਾ ਅਤੇ ਪੌਸ਼ਟਿਕ ਖੁਰਾਕ 'ਤੇ ਧਿਆਣ ਦੇਣ ਦੀ ਲੋੜ ਹੁੰਦੀ ਹੈ।
- ਇਸ ਬਿਮਾਰੀ ਦੇ ਨਤੀਜੇ ਵਜੋਂ ਰੋਗੀ ਡਿਮੇਨਸ਼ੀਆ ਦੇ ਸ਼ਿਕਾਰ ਵੀ ਹੋ ਜਾਂਦੇ ਹਨ। ਔਰਤਾਂ ਨਾਲੋਂ ਮਰਦ ਜ਼ਿਆਦਾ ਸ਼ਿਕਾਰ ਹੋ ਰਹੇ ਹਨ।
- ਕੈਫੀਨ ਦੀ ਵਰਤੋਂ ਘੱਟ ਕਰਨ ਵਾਲੇ ਕੁੱਝ ਹੱਦ ਤੱਕ ਆਪਣੇ-ਆਪ ਨੂੰ ਇਸ ਤੋਂ ਦੂਰ ਰੱਖ ਸਕਦੇ ਹਨ।
- ਰੂਟੀਨ 'ਚ ਸੰਤੁਲਿਤ ਪੌਸ਼ਟਿਕ ਖੁਰਾਕ ਯਾਨਿ ਮੌਸਮੀ ਤਾਜ਼ੇ ਫੱਲ-ਸਬਜ਼ੀਆਂ, ਘੱਟ ਪ੍ਰੋਟੀਨ, ਬੀਨਜ਼, ਸਾਬਤ ਅਨਾਜ ਨੂੰ ਸ਼ਾਮਲ ਕਰਨ ਨਾਲ ਬਿਮਾਰੀ ਦੇ ਲੱਛਣਾਂ ਨਾਲ ਲੜਨ ਲਈ ਤਾਕਤ ਮਿਲਦੀ ਹੈ।
- ਇਲਾਜ ਦੌਰਾਣ ਦਵਾਈਆਂ ਨਾਲ ਡੀਹਾਈਡ੍ਰੇਸ਼ਨ ਤੋਂ ਬਚਣ ਲਈ ਪਾਣੀ, ਸੂਪ ਅਤੇ ਤਾਜ਼ੇ ਫੱਲ-ਸਬਜ਼ੀਆਂ ਦਾ ਜੂਸ ਜ਼ਿਆਦਾ ਪੀਓ।
- ਆਮ ਦਵਾਈ ਕਾਰਬਿਡੋਪਾ-ਲੇਵੋਡੋਪਾ ਰੋਗੀ ਦੀ ਛੋਟੀ ਅੰਤੜੀ 'ਚ ਲੀਨ ਹੋ ਜਾਂਦੀ ਹੈ, ਜੇਕਰ ਤੁਸੀਂ ਉੱਚ ਪ੍ਰੋਟੀਨ ਵਾਲੀ ਖੁਰਾਕ ਤੋਂ ਥੋੜੀ ਦੇਰ ਬਾਅਦ ਆਪਣੀ ਦਵਾਈ ਲੈਂਦੇ ਹੋ, ਤਾਂ ਇਹ ਸਮਾਈ 'ਚ ਵਿਘਨ ਪੈ ਸਕਦਾ ਹੈ, ਕਿਉਂਕਿ ਉਹੀ ਪ੍ਰਕਿਰਿਆ ਸ਼ਾਮਲ ਹੁੰਦੀ ਹੈ। ਦਵਾਈ ਦੇ ਅਸਰ ਨੂੰ ਵੱਧ ਤੋਂ ਵੱਧ ਕਰਨ 'ਚ ਮਦਦ ਦੇ ਲਈ, ਦਿਨ ਦੇ ਹੋਰ ਸਮੇਂ 'ਚ ਉੱਚ ਪ੍ਰੋਟੀਨ ਵਾਲੀ ਖੁਰਾਕ ਲਵੋ। ਜੇਕਰ ਤੁਸੀਂ ਸਵੇਰੇ ਦਵਾਈ ਲੈਂਦੇ ਹੋ, ਤਾਂ ਨਾਸ਼ਤੇ 'ਚ ਉੱਚ ਪ੍ਰੋਟੀਨ ਵਾਲੇ ਅੰਡੇ ਦੀ ਥਾਂ ਓਟਮੀਲ ਖਾਓ। ਬਾਅਦ 'ਚ ਦਿਨ ਵਿਚ ਆਪਣੇ ਪ੍ਰੋਟੀਨ ਨੂੰ ਬਚਾਇਆ ਜਾ ਸਕਦਾ ਹੈ।

ਨੋਟ: ਪਾਰਕਿੰਸਨਸ ਰੋਗ ਨਾਲ ਜੀਅ ਰਹੇ ਲੋਕਾਂ ਨੂੰ ਤੁਹਾਡੇ ਵਿਸ਼ਵਾਸ, ਆਸ਼ਾਵਾਦ, ਫੈਮਿਲੀ ਅਤੇ ਦੋਸਤਾਂ ਦੇ ਲਗਾਤਾਰ ਸਮਰਥਨ ਦੀ ਲੋੜ ਹੈ। ਪੀੜਤ ਮਹਿਸੂਸ ਕਰਨ ਕਿ ਉਹ ਇੱਕਲੇ ਨਹੀਂ ਹਨ। ਕਿਉਂਕਿ ਹਰ ਆਦਮੀ ਤੰਦਰੁਸਤ ਜ਼ਿੰਦਗੀ ਜਿਊਣਾ ਚਾਹੁੰਦਾ ਹੈ।




# ਗੁਰਦੁਆਰਾ ਸ੍ਰੀ ਤਾੜੀ ਸਾਹਿਬ ਪਾਤਸ਼ਾਹੀ 10ਵੀਂ, ਸ੍ਰੀ ਚਮਕੌਰ ਸਾਹਿਬ

ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ।
ਮੋਬ : 75279-31887
(Punjab Mail USA)








ਸ੍ਰੀ ਚਮਕੌਰ ਸਾਹਿਬ ਬਹੁਤ ਵੱਡਾ ਇਤਿਹਾਸ ਆਪਣੇ ਅੰਦਰ ਸਮੋਈ ਬੈਠਾ ਹੈ। ਸ਼ਹੀਦਾਂ ਦੀ ਇਸ ਧਰਤੀ 'ਤੇ ਗੁਰਦੁਆਰਾ ਤਾੜੀ ਸਾਹਿਬ ਸੁਸ਼ੋਭਿਤ ਹੈ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਪਵਿੱਤਰ ਯਾਦ ਵਿਚ ਬਣਿਆ ਹੋਇਆ ਹੈ। ਗੁਰੂ ਸਾਹਿਬ ਇਸ ਅਸਥਾਨ 'ਤੇ 8 ਪੋਹ 1761 ਸੰਮਤ ਨੂੰ ਪਹੁੰਚੇ ਸਨ। ਗੁਰੂ ਮਹਾਰਾਜ ਸ੍ਰੀ ਅਨੰਦਪੁਰ ਤੋਂ ਸਰਸਾ ਨਦੀ ਪਾਰ ਕਰਦੇ ਹੋਏ ਗੁਰਦੁਆਰਾ ਤਾੜੀ ਸਾਹਿਬ ਪਹੁੰਚੇ ਸਨ। ਇਤਿਹਾਸ ਮੁਤਾਬਕ ਗੁਰੂ ਜੀ ਨੇ 5 ਪੋਹ ਦੀ ਰਾਤ ਨੂੰ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਤਾਂ ਸਰਸਾ ਨਦੀ ਦੇ ਕੰਡੇ 'ਤੇ ਸਥਿਤ ਗੁਰਦੁਆਰਾ ਸ੍ਰੀ ਪਰਿਵਾਰ ਵਿਛੋੜਾ ਸਾਹਿਬ ਵਾਲੇ ਸਥਾਨ 'ਤੇ ਇਕ ਦੂਸਰੇ ਤੋਂ ਵਿਛੜ ਗਏ। ਪਰਿਵਾਰ ਨਾਲੋਂ ਵਿਛੜ ਕੇ ਗੁਰੂ ਸਾਹਿਬ ਰਸਤੇ ਵਿਚ ਬੇਅੰਤ ਕੌਤਕ ਕਰਦੇ ਹੋਏ 7 ਪੋਹ ਨੂੰ ਵੱਡੇ ਸਾਹਿਬਜ਼ਾਦਿਆਂ ਅਤੇ 40 ਸਿੰਘਾਂ ਸਮੇਤ ਸ੍ਰੀ ਚਮਕੌਰ ਸਾਹਿਬ ਇੱਕ ਜੰਗਲ ਵਿਚ ਡੇਰੇ ਲਾਏ (ਜਿੱਥੇ ਅੱਜਕੱਲ੍ਹ ਗੁਰਦੁਆਰਾ ਦਮਦਮਾ ਸਾਹਿਬ ਸੁਸ਼ੋਭਿਤ ਹੈ)। ਫੇਰ ਗੁਰੂ ਜੀ ਤੇ ਸਿੰਘਾਂ ਨੇ ਕੱਚੀ ਗੜ੍ਹੀ ਵਿਚ ਆ ਕੇ ਮੋਰਚੇ ਮੱਲ ਲਏ। ਜਗਤ ਸਿੰਘ ਨੇ ਇਹ ਸਾਰੀ ਗੱਲ ਰੂਪਨਗਰ ਵਿਚ ਗੁਰੂ ਸਾਹਿਬ ਨੂੰ ਲੱਭ ਰਹੀ ਮੁਗਲ ਫ਼ੌਜ ਤੱਕ ਪਹੁੰਚਾ ਦਿੱਤੀ। ਔਰੰਗਜ਼ੇਬ ਦਾ ਭੇਜਿਆ ਜਰਨੈਲ ਖ਼ਵਾਜਾ ਮਰਦੂਦ ਨੇ ਦਸ ਲੱਖ ਫੌਜ ਲੈ ਕੇ ਚਮਕੌਰ ਦੇ ਚੁਫ਼ੇਰੇ ਘੇਰਾ ਪਾ ਲਿਆ। ਜੰਗ ਆਰੰਭ ਹੋਇਆ। ਗੁਰੂ ਜੀ ਦੇ ਸਾਹਿਬਜ਼ਾਦੇ ਅਤੇ ਕੁਝ ਸਿੰਘ ਯੁੱਧ ਕਰਦੇ ਹੋਏ ਲੱਖਾਂ ਮੁਗਲਾਂ ਨੂੰ ਮੌਤ ਦੇ ਘਾਟ ਉਤਾਰ ਕੇ ਸ਼ਹਾਦਤ ਪ੍ਰਾਪਤ ਕਰ ਗਏ। 'ਸਵਾ ਲਾਖ ਸੇ ਏਕ ਲੜਾਊਂ' ਦਾ ਬਚਨ ਚਮਕੌਰ ਦੇ ਯੁੱਧ ਸਮੇਂ ਹੀ ਪੂਰਾ ਕੀਤਾ। 8 ਪੋਹ ਨੂੰ ਪੰਜਾਂ ਸਿੰਘਾਂ ਦੀ ਅਰਜ਼ ਪਰਵਾਨ ਕਰਦੇ ਹੋਏ ਗੁਰੂ ਜੀ ਨੇ ਗੜ੍ਹੀ ਨੂੰ ਛੱਡਿਆ ਅਤੇ ਤੁਰਕਾਨੀ ਸੈਨਾ ਦੇ ਸੱਥਰ ਲਾਹੁੰਦੇ ਹੋਏ ਇਸ ਅਸਥਾਨ ਤਾੜੀ ਸਾਹਿਬ ਪੁੱਜੇ। ਉਸ ਸਮੇਂ ਇਸ ਅਸਥਾਨ 'ਤੇ ਬਹੁਤ ਵੱਡਾ ਪਿੱਪਲ ਦਾ ਦਰੱਖ਼ਤ ਸ਼ੁਭਾਇਮਾਨ ਸੀ। ਬਾਅਦ ਵਿਚ ਰਾਜਪੂਤਾਂ ਨੇ ਜ਼ਮੀਨ ਦਾ ਜਬਰੀ ਕਬਜ਼ਾ ਕਰਕੇ ਉਹ ਪਿੱਪਲ ਪੁੱਟ ਦਿੱਤਾ ਸੀ। ਪਿੱਪਲ ਦਾ ਬੂਟਾ ਦੁਬਾਰਾ ਹਰਾ ਹੋ ਗਿਆ, ਜੋ ਕਿ ਅੱਜਕੱਲ੍ਹ ਵੀ ਦਰੱਖਤ ਦੇ ਰੂਪ ਵਿਚ ਦਿਖਾਈ ਦਿੰਦਾ ਹੈ। ਉਸ ਪਿੱਪਲ ਥੱਲੇ ਮੁਗਲਾਂ ਦੀ ਫੌਜ ਦਾ ਜਰਨੈਲ ਖ਼ਵਾਜਾ ਮਰਦੂਦ ਆਪਣੀ ਸੈਨਿਕ ਸ਼ਕਤੀ ਨਾਲ ਗੁਰੂ ਜੀ ਨੂੰ ਸ਼ਹੀਦ ਕਰਨ ਜਾਂ ਜਿੰਦਿਆਂ ਨੂੰ ਪਕੜ ਕੇ ਔਰੰਗਜ਼ੇਬ ਦੇ ਦਰਬਾਰ ਵਿਚ ਲੈ ਜਾਣ ਦਾ ਦਾਅਵਾ ਕਰਕੇ ਆਪਣਾ ਡੇਰਾ ਲਾਈ ਬੈਠਾ ਸੀ ਪਰ ਦੂਜੇ ਪਾਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੰਕਾਰੀ ਖੁਆਜ਼ੇ ਮਰਦੂਦ ਨੂੰ ਤਿੰਨ ਵਾਰ ਤਾੜੀ ਮਾਰ ਕੇ ਗਰਜਵੀਂ ਆਵਾਜ਼ ਨਾਲ ਵੰਗਾਰਿਆ ਤੇ ਕਿਹਾ 'ਪੀਰੇ ਹਿੰਦ ਮਰਵਦ' ਹਿੰਦ ਦਾ ਪੀਰ ਜਾ ਰਿਹਾ ਹੈ, ਜੇ ਤਾਕਤ ਹੈ, ਤਾਂ ਫੜ੍ਹ ਲਓ। ਇਸ ਤਰ੍ਹਾਂ ਗੁਰੂ ਜੀ ਨੇ ਆਪਣਾ ਜਾਣਾ ਪ੍ਰਗਟ ਕੀਤਾ। ਇਸ ਦੇ ਨਾਲ ਹੀ ਮੁਗਲਾਂ ਦੀ ਫੌਜ ਵਿਚ ਹਫੜਾ-ਦਫੜੀ ਮੱਚ ਗਈ ਤੇ ਮੁਗਲਾਂ ਦੀ ਫੌਜ ਦੀ ਆਪੋ ਵਿਚ ਕਟਾ ਵੱਢ ਸ਼ੁਰੂ ਹੋ ਗਈ। ਇਸ ਅਸਥਾਨ 'ਤੇ ਇਹ ਮਹਾਨ ਕੌਤਕ ਕਰਕੇ ਸਤਿਗੁਰੂ ਜੀ ਜੰਡ ਸਾਹਿਬ, ਝਾੜ ਸਾਹਿਬ ਤੋਂ ਵਿਚਰਦੇ ਹੋਏ ਸ੍ਰੀ ਮਾਛੀਵਾੜਾ ਜਾ ਬਿਰਾਜੇ। ਔਰੰਗਜ਼ੇਬ ਦੇ ਕੀਤੇ ਹੋਏ ਜ਼ੁਲਮ ਖਿਲਾਫ਼ ਲੜੇ ਗਏ ਯੁੱਧ ਸਮੇਂ ਸ੍ਰੀ ਚਮਕੌਰ ਸਾਹਿਬ ਅੰਦਰ ਸਤਿਗੁਰੂ ਜੀ ਦਾ ਇਹ ਅਖੀਰਲਾ ਅਸਥਾਨ ਗੁਰਦੁਆਰਾ ਤਾੜੀ ਸਾਹਿਬ ਹੈ। ਗੁਰਦੁਆਰਾ ਸਾਹਿਬ ਦੀ ਬਹੁਤ ਹੀ ਸੁੰਦਰ ਇਮਾਰਤ ਬਣੀ ਹੋਈ ਹੈ। ਇਸ ਦੀ ਸੇਵਾ ਬਾਬਾ ਬਿਧੀ ਚੰਦ ਦਲ ਸੁਰ ਸਿੰਘ ਅੰਮ੍ਰਿਤਸਰ ਸਾਹਿਬ ਵਾਲੇ ਬਾਬਾ ਦਇਆ ਸਿੰਘ ਜੀ ਨੇ ਕਰਵਾਈ ਹੈ। ਪੁਰਾਤਨ ਇਮਾਰਤ ਵੀ ਮੌਜੂਦ ਹੈ, ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ। ਇਸ ਅਸਥਾਨ 'ਤੇ ਦੁਸਿਹਰਾ ਅਤੇ 7, 8 ਪੋਹ ਨੂੰ ਸਭਾ ਦਾ ਭਾਰੀ ਜੋੜ ਮੇਲਾ ਮਨਾਇਆ ਜਾਂਦਾ ਹੈ। ਗੁਰੂ ਚਰਨਾਂ ਦੇ ਪ੍ਰੇਮੀ ਦੇਸ਼ਾਂ-ਵਿਦੇਸ਼ਾਂ ਤੋਂ ਪਹੁੰਚ ਕੇ ਦਰਸ਼ਨ ਅਤੇ ਸੇਵਾ ਕਰਕੇ ਤਨ, ਮਨ, ਧਨ ਸਫ਼ਲ ਕਰਦੇ ਹਨ। ਇਹ ਗੁਰਦੁਆਰਾ ਕਤਲਗੜ੍ਹ ਸਾਹਿਬ ਤੋਂ ਬੱਸ ਅੱਡੇ ਵੱਲ ਨੂੰ ਜਾਂਦਿਆਂ 100 ਕੁ ਗਜ਼ ਸੱਜੇ ਹੱਥ ਨਹਿਰ ਵਾਲੇ ਪਾਸੇ ਸੁਸ਼ੋਭਿਤ ਹੈ।

# 'ਦਿਲਾਂ ਦੀ ਜੂਹ'

## ਕਾਂਡ ਅੱਠ




-ਸ਼ਿਵਚਰਨ ਜੱਗੀ ਕੁੱਸਾ
(Punjab Mail USA)



ਆਪਣੇ ਵਾਰੰਟ ਸੁਣ ਕੇ ਸਿੱਕੀ ਪੁਲੀਸ ਤੋਂ ਜਾਨ ਬਚਾਉਂਦਾ ਭੱਜਿਆ ਫ਼ਿਰਦਾ ਸੀ। ਜੈਲਦਾਰ ਸੱਜਣ ਸਿੰਘ ਵੀ ਸਿੱਕੀ ਦੀ ਮਦਦ ਵਿਚ ਦਿਨ-ਰਾਤ ਇੱਕ ਕਰੀ ਆਉਂਦਾ ਸੀ। ਸੰਤੋਖ, ਜੈਲਦਾਰ ਸੱਜਣ ਸਿੰਘ ਅਤੇ ਉਸ ਦੇ ਮੁੰਡੇ ਸਿੱਕੀ ਮਗਰ ਪ੍ਰਛਾਂਵੇਂ ਵਾਂਗ ਲੱਗਿਆ ਹੋਇਆ ਸੀ। ਏ.ਕੇ. ਸੰਤਾਲ਼ੀ ਉਸ ਦੇ ਮੋਢੇ ਪਾਈ ਜੀਭਾਂ ਕੱਢਦੀ ਰਹਿੰਦੀ।

ਪੂਰੇ ਤਿੰਨ ਹਫ਼ਤੇ ਗੁਜ਼ਰ ਗਏ ਸਨ, ਪਰ ਨਾ ਜੈਲਦਾਰ ਸੱਜਣ ਸਿੰਘ, ਤੇ ਨਾ ਹੀ ਸਿੱਕੀ ਸੰਤੋਖ ਦੇ ਹੱਥ ਲੱਗਿਆ। ਸੰਤੋਖ ਹੱਥਾਂ 'ਤੇ ਦੰਦੀਆਂ ਵੱਢਦਾ ਫ਼ਿਰਦਾ ਸੀ।

ਪੂਰੇ ਮਹੀਨੇ ਬਾਅਦ ਸੂਹੀਏ ਨੇ ਆ ਖ਼ਬਰ ਦਿੱਤੀ।

-"ਜੈਲਦਾਰ ਹੁਣੇਂ ਖੇਤ ਨੂੰ ਗਿਐ, ਜੇ ਪਾਉਣੈਂ ਭੜ੍ਹਾਕਾ ਤਾਂ ਦੇਖ ਲਓ..!" ਮੁਖ਼ਬਰ ਨੇ ਆ ਕੇ ਸੰਤੋਖ ਨੂੰ ਖ਼ਬਰ ਸੁਣਾਈ।

ਸੂਰਜ ਅਜੇ ਰੱਸਾ ਭਰ ਖੜ੍ਹਾ ਸੀ।

ਸੰਤੋਖ ਅਤੇ ਇੱਕ ਹੋਰ ਸਿੰਘ ਬੁਲਿਟ 'ਤੇ ਤੁਰ ਪਏ।

-"ਸਿੰਘਾ, ਤੂੰ ਨਾ ਹੱਥ ਲਾਈਂ, ਜੈਲਦਾਰ ਨੂੰ ਮੈਂ ਆਪਣੇ ਹੱਥੀਂ ਲੈਣੈਂ..!" ਪਿੱਛੇ ਬੈਠੇ ਸੰਤੋਖ ਨੇ ਬੁਲਿਟ ਚਲਾਉਂਦੇ ਸਿੰਘ ਨੂੰ ਕਿਹਾ।

-"ਤੇਰਾ ਸ਼ਿਕਾਰ ਐ, ਲਾਹ ਲਈਂ ਚਾਅ ਮਿੱਤਰਾ..!" ਉਸ ਨੇ ਉਸ ਦੀ ਸ਼ੰਕਾ ਨਵਿਰਤ ਕਰ ਦਿੱਤੀ।

ਜੈਲਦਾਰ ਦੇ ਖੇਤ ਤੋਂ ਕਾਫ਼ੀ ਉਰ੍ਹੇ ਉਨ੍ਹਾਂ ਨੇ ਮੋਟਰ ਸਾਈਕਲ ਕਮਾਦ ਦੇ ਅੜਤਲ਼ੇ ਨਾਲ਼ ਖੜ੍ਹਾ ਕਰ ਦਿੱਤਾ ਅਤੇ ਪੈਦਲ ਹੀ ਅੱਗੇ ਤੁਰ ਪਏ। ਪਾਣੀ ਵਾਲ਼ੇ ਚਲ੍ਹੇ ਕੋਲ਼ ਖੜ੍ਹੇ ਸੰਤੋਖ ਨੇ ਕੰਨ ਬੜਿੱਕੇ ਜਿਹੇ ਭੰਨੇ। ਪਰ ਜੈਲਦਾਰ ਕਿਤੇ ਨਜ਼ਰ ਨਹੀਂ ਆ ਰਿਹਾ ਸੀ। ਜਦ ਉਸ ਨੇ ਅੱਗੇ ਹੋ ਕੇ ਦੇਖਿਆ ਤਾਂ ਜੈਲਦਾਰ ਦੇਸੀ ਦਾਰੂ ਦਾ ਪੈੱਗ ਚਾੜ੍ਹ ਰਿਹਾ ਸੀ। ਸੰਤੋਖ ਇੱਕ ਦਮ ਏ.ਕੇ. ਸੰਤਾਲ਼ੀ ਲੈ ਕੇ ਅੱਗੇ ਜਾ ਖੜ੍ਹਾ ਹੋਇਆ।

-"ਹੁਣ ਬੋਲ ਪੁੱਤ..! ਦੱਸ ਕਿੱਧਰ ਭੱਜੇਂਗਾ..? ਤੇਰੇ ਜਮ ਆ ਗਏ..!"

ਏ.ਕੇ ਸੰਤਾਲ਼ੀ ਮੱਥੇ ਨੂੰ ਲੱਗੀ ਦੇਖ ਕੇ ਜੈਲਦਾਰ ਦੀਆਂ ਸੱਤੇ ਮਾਰੀਆਂ ਗਈਆਂ, ਅੱਖਾਂ ਮੂਹਰੇ ਭੂਚਾਲ਼ ਆ ਗਿਆ ਅਤੇ ਸੰਤੋਖ ਦੇ ਪੈਰਾਂ ਵਿਚ ਡਿੱਗ, ਲੇਲੜ੍ਹੀਆਂ ਕੱਢਣ ਲੱਗ ਪਿਆ।

-"ਮੈਨੂੰ ਮੁਆਫ਼ ਕਰ ਦੇ ਸੰਤੋਖ ਸਿਆਂ..! ਮੈਂ ਤੇਰੀ ਕੈਲੀ ਗਊ, ਮੇਰੇ ਮੂੰਹ ਘਾਹ, ਬਗਸ਼ ਮੈਨੂੰ, ਕਹੇਂ ਤਾਂ ਕੱਲ੍ਹ ਨੂੰ ਈ ਦੋ ਕਿੱਲੇ ਤੇਰੇ ਨਾਂ ਰਜਿਸਟਰੀ ਕਰਵਾ ਦਿੰਨੈ..!" ਉਹ ਹੱਥ ਜੋੜੀ ਬੈਠਾ ਬੇਨਤੀਆਂ ਕਰੀ ਜਾ ਰਿਹਾ ਸੀ।

ਸੰਤੋਖ ਨੇ ਪੈਰ ਦੀ ਅੱਡੀ ਉਸ ਦੇ ਮੱਥੇ 'ਚ ਮਾਰੀ।

ਜੈਲਦਾਰ ਮੱਕੀ ਦੇ ਗੁੱਲ ਵਾਂਗ ਪਿੱਛੇ ਡਿੱਗਿਆ।

-"ਗਰੀਬ ਦੀ ਇੱਜ਼ਤ ਨੂੰ ਤੂੰ ਗਲ਼ੀਓ ਗਲ਼ੀ ਖਿਲਾਰਿਐ ਪਾਪੀਆ..! ਹਰਾਮਖੋਰਾ, ਮੈਂ ਤੇਰੀ ਔਲ਼ਾਦ ਖਾਤਰ ਆਪਣੀ ਸਾਰੀ ਜ਼ਿੰਦਗੀ ਦਾ ਜੂਆ ਖੇਡ ਗਿਆ, ਪਰ ਤੂੰ ਮੇਰੇ ਘਰ ਦੀ ਇੱਜ਼ਤ ਨੂੰ ਹੱਥ ਜਾ ਪਾਇਆ..? ਤੈਨੂੰ ਰੱਬ ਦਾ ਵੀ ਡਰ ਨਾ ਰਿਹਾ ਅਕ੍ਰਿਤਘਣਾਂ..? ਤੈਨੂੰ ਸਾਰਾ ਕੁਛ ਮੁਆਫ਼ ਕਰ ਦਿੰਦਾ, ਪਰ ਜਿਹੜਾ ਤੂੰ ਜਸਮੇਲ ਕੁਰ ਦੀ ਇੱਜ਼ਤ ਨੂੰ ਹੱਥ ਪਾਇਐ, ਓਹਦੀ ਮੁਆਫ਼ੀ ਤਾਂ ਤੈਨੂੰ ਧਰਮਰਾਜ ਨੇ ਵੀ ਨੀ ਦੇਣੀ ਦੁਸ਼ਟਾ..! ਲੈ ਕਰ ਤਿਆਰੀ ਜਮਪੁਰੀ ਦੀ..!"

ਜੈਲਦਾਰ ਅਜੇ ਕੁਛ ਬੋਲਣ ਹੀ ਲੱਗਿਆ ਸੀ ਕਿ ਏ.ਕੇ. ਸੰਤਾਲ਼ੀ ਨੇ ਅੱਗ ਉਗਲ਼ੀ ਅਤੇ ਜੈਲਦਾਰ ਰੇਲ ਦੇ ਕੰਨ ਵਾਂਗੂੰ ਧਰਤੀ 'ਤੇ ਮੂਧੇ ਮੂੰਹ ਜਾ ਡਿੱਗਿਆ। ਉਸ ਦੀ ਚੀਕ ਮੂੰਹ ਵਿਚ ਹੀ ਮਰ ਗਈ ਸੀ। ਪੈਰ ਦੇ ਪੱਬ ਨਾਲ਼ ਸੰਤੋਖ ਨੇ ਉਸ ਨੂੰ ਸਿੱਧਾ ਕਰ ਲਿਆ। ਪਰ ਜੈਲਦਾਰ ਜਮਲੋਕ ਪਹੁੰਚ ਚੁੱਕਾ ਸੀ। ਉਸ ਦਾ ਮੂੰਹ ਆਲ਼ੇ ਵਾਂਗੂੰ ਖੁੱਲ੍ਹਾ ਸੀ। ਜੈਲਦਾਰ ਦੀ ਛਾਤੀ ਭਰਾੜ੍ਹ ਹੋ ਚੁੱਕੀ ਸੀ ਅਤੇ ਖ਼ੂਨ ਦਾ ਛੱਪੜ ਲੱਗ ਗਿਆ ਸੀ।

ਸੂਰਜ ਆਪਣਾ ਮੂੰਹ ਦੂਰ ਦਰੱਖ਼ਤਾਂ ਦੇ ਝੁੰਡ ਪਿੱਛੇ ਛੁਪਾ ਗਿਆ ਸੀ।

ਜਦ ਉਹ ਬਾਹਰ ਨਿਕਲ਼ੇ ਤਾਂ ਦੂਰ ਪਹੀ 'ਤੇ ਕੋਈ ਮੋਟਰ ਸਾਈਕਲ 'ਤੇ ਆ ਰਿਹਾ ਸੀ। ਉਹ ਮੋਟਰ ਵਾਲ਼ੀ ਬੈਠਕ ਦੀ ਕੰਧ ਨਾਲ਼ ਲੁਕ ਕੇ ਖੜ੍ਹ ਗਏ।

ਮੋਟਰ ਸਾਈਕਲ ਦੀ ਬੱਤੀ ਪਲ-ਪਲ ਨਜ਼ਦੀਕ ਆ ਰਹੀ ਸੀ।

ਪਰ ਪਤਲੇ ਹਨ੍ਹੇਰੇ ਕਾਰਨ ਮੋਟਰ ਸਾਈਕਲ ਵਾਲ਼ਾ ਪਹਿਚਾਣ ਵਿਚ ਨਹੀਂ ਆ ਰਿਹਾ ਸੀ।

-"ਸਿੰਘਾ..! ਇਹ ਤਾਂ ਸਿੱਕੀ ਐ, ਜੈਲਦਾਰ ਦਾ ਮੁੰਡਾ..!" ਸੰਤੋਖ ਨੇ ਖੁਸ਼ੀ ਨਾਲ਼ ਚਾਂਭੜ ਮਾਰੀ।

-"ਬੋਲ ਫ਼ੇਰ ਵਾਹਿਗੁਰੂ, ਨਬੇੜ ਕੰਮ....!"

ਸਿੱਕੀ ਪਾਣੀ ਵਾਲ਼ੇ ਚਲ੍ਹੇ ਕੋਲ਼ ਮੋਟਰ ਸਾਈਕਲ ਖੜ੍ਹਾ ਕਰ ਕੇ ਅੰਦਰ ਨੂੰ ਤੁਰ ਪਿਆ।

ਸੰਤੋਖ ਹੋਰੀਂ ਦੂਜੇ ਪਾਸੇ ਦੀ ਤੁਰ ਪਏ।

ਜਦ ਸਿੱਕੀ ਨੇ ਅੰਦਰ ਜਾ ਕੇ ਦੇਖਿਆ ਤਾਂ ਉਸ ਦੇ ਸਾਹ ਮਗਜ ਨੂੰ ਗਏ, ਦਿਲ ਹਿੱਲ ਗਿਆ। ਲਹੂ ਲੁਹਾਣ ਬਾਪੂ ਮੂੰਹ ਅੱਡੀ ਪਿਆ ਸੀ। ਉਸ ਦੀਆਂ ਅੱਖਾਂ ਸਪਾਲ਼ ਖੁੱਲ੍ਹੀਆਂ ਸਨ। ਘਬਰਾਇਆ ਹੋਇਆ ਸਿੱਕੀ ਪੁੱਠੇ ਪੈਰੀਂ ਵਾਪਸ ਦੌੜਨ ਲੱਗਿਆ ਤਾਂ ਸਾਹਮਣੇ ਦੋ ਹਥਿਆਰਬੰਦ ਬੰਦੇ ਦੇਖ ਕੇ ਉਸ ਦੇ ਥੰਮ੍ਹ ਹਿੱਲ ਗਏ। ਉਹ ਵਾੜ ਵਿਚ ਫ਼ਸੇ ਬਿੱਲੇ ਵਾਂਗ ਝਾਕ ਰਿਹਾ ਸੀ।

-"ਚੱਲ ਭੱਜ...!" ਸੰਤੋਖ ਬੋਲਿਆ।

ਡਰ ਨਾਲ਼ ਸਿੱਕੀ ਦੀਆਂ ਅੱਖਾਂ ਪਥਰਾਈਆਂ ਹੋਈਆਂ ਸਨ ਅਤੇ ਸਰੀਰ ਝੂਠਾ ਪਿਆ ਹੋਇਆ ਸੀ।

ਉਸ ਦੇ ਸਾਹਮਣੇ ਸੰਤਾਲ਼ੀ ਸੱਪ ਵਾਂਗ ਜੀਭਾਂ ਕੱਢਦੀ ਸੀ।

-"ਨ੍ਹਾਂ ਹੁਣ ਭੱਜ ਕਿੱਥੇ ਭੱਜਦੈਂ..?" ਸੰਤੋਖ ਨੇ ਸੰਤਾਲ਼ੀ ਉਸ ਦੀ ਹਿੱਕ ਨਾਲ਼ ਲਾ ਲਈ। ਸਿੱਕੀ ਨੂੰ ਕੁਝ ਸੁੱਝ ਨਹੀਂ ਰਿਹਾ ਸੀ। ਸਾਹਮਣੇ ਬਾਪੂ ਢੇਰ ਕੀਤਾ ਪਿਆ ਸੀ ਅਤੇ ਹੁਣ ਉਹ ਆਪਣਾ ਹਸ਼ਰ ਯਾਦ ਕਰ-ਕਰ ਧੁੱਪ ਵਿਚ ਖੜ੍ਹੇ ਕੱਟਰੂ ਵਾਂਗ ਹੌਂਕੀ ਜਾ ਰਿਹਾ ਸੀ।

-"ਤੂੰ ਤੇ ਤੇਰਾ ਪਿਉ ਨਿਹੱਥੀ ਤੀਮੀਂ 'ਤੇ ਹੀ ਸ਼ੇਰ ਬਣਦੇ ਸੀ ਨ੍ਹਾਂ..? ਹੁਣ ਬੋਲ..??"

ਸਿੱਕੀ ਦੇ ਮੱਥੇ ਤੋਂ ਕੱਚੀਆਂ ਤਰੇਲ਼ੀਆਂ ਧਾਰ ਬਣ ਚੋਈ ਜਾ ਰਹੀਆਂ ਸਨ।

-"ਰੱਬ ਬਣਿਆਂ ਫ਼ਿਰਦਾ ਸੀ, ਤੈਨੂੰ ਐਸ ਹਸ਼ਰ ਦਾ ਚੇਤਾ ਨੀ ਸੀ ਬਈ ਅੱਗਿਓਂ ਕੋਈ ਪਤੰਦਰ ਵੀ ਮਿਲ਼ ਸਕਦੈ..?"

ਸਿੱਕੀ ਦੀਆਂ ਅੱਖਾਂ ਗੇੜੀਂ ਪਈਆਂ ਹੋਈ ਸਨ।

ਸਾਹ ਧੌਂਕਣੀਂ ਵਾਂਗ ਚੱਲ ਰਿਹਾ ਸੀ।

-"ਧਿਆ ਲੈ ਜਿਹੜੇ ਰੱਬ ਨੂੰ ਧਿਆਉਣੈਂ, ਤੇਰੇ ਵਾਲ਼ਾ ਕੰਮ ਖਤਮ ਐਂ..!" ਅੰਨ੍ਹੇਵਾਹ ਚੱਲੀਆਂ ਗੋਲ਼ੀਆਂ ਨਾਲ਼ ਸਿੱਕੀ ਖਲ਼ ਦੀ ਬੋਰੀ ਵਾਂਗ ਥੱਲੇ ਡਿੱਗਿਆ। ਉਸ ਵਿਚ "ਹਾਏ" ਕਹਿਣ ਦੀ ਵੀ ਸਮਰੱਥਾ ਬਾਕੀ ਨਹੀਂ ਬਚੀ ਸੀ।

-"ਲੈ ਸਿੰਘਾ..! ਆਪਣਾ ਤਾਂ ਕੰਮ ਹੋ ਗਿਆ ਪੂਰਾ..! ਸਾਥ ਦੇਣ ਲਈ ਤੇਰਾ ਧੰਨਵਾਦ, ਮੈਂ ਤਾਂ ਹੁਣ ਪੇਸ਼ ਹੋ ਜਾਣੈਂ..!"

-"ਜੋ ਇੱਛਾ..!"

ਸਿੰਘ ਆਪਣੇ ਰਸਤੇ ਪੈ ਗਿਆ ਅਤੇ ਸੰਤੋਖ ਸੰਤਾਲ਼ੀ ਝੋਲ਼ੇ ਵਿਚ ਪਾ, ਜਸਮੇਲ ਕੌਰ ਵੱਲ ਨੂੰ ਬੱਸ ਚੜ੍ਹ ਗਿਆ।......

-"ਫ਼ੇਰ ਕੀ ਹੋਇਆ...?" ਗਿੰਦਰ ਦਾ ਮਨ ਵੈਰਾਗ ਵਿਚ ਭਰਿਆ ਪਿਆ ਸੀ।

-"ਫ਼ੇਰ ਕੀ ਹੋਣਾਂ ਸੀ..? ਇੱਕ ਰਾਤ ਉਹ ਜਸਮੇਲ ਕੁਰ ਕੋਲ਼ੇ ਰਿਹਾ, ਤੇ ਫ਼ੇਰ ਕਿਸੇ ਮੁਖ਼ਬਰ ਦੀ ਗੁਪਤ ਸੂਚਨਾ 'ਤੇ ਸਹੁਰਿਆਂ ਤੋਂ ਆਉਂਦਾ ਈ ਚੱਕ ਲਿਆ..!"

-"..............।" ਗਿੰਦਰ ਚੁੱਪ ਸੀ।

-"ਕਈ ਦਿਨ ਕੁੱਟੀ ਗਏ, ਤੇ ਫ਼ੇਰ.. ਬੱਸ...!" ਕੇਹਰੇ ਦਾ ਮਨ ਭਰ ਆਇਆ ਅਤੇ ਉਸ ਨੇ ਉਚੀ-ਉਚੀ ਰੋਣਾਂ ਸ਼ੁਰੂ ਕਰ ਦਿੱਤਾ।

-"ਯੋਧੇ ਬੰਦਿਆਂ ਨੂੰ ਰੋਈਦਾ ਨੀ ਹੁੰਦਾ..!" ਗਿੰਦਰ ਨੇ ਕੇਹਰੇ ਦੀ ਪਿੱਠ ਥਾਪੜੀ।

ਵੱਡੀ ਰਾਤ ਤੱਕ ਉਹ ਪੀਂਦੇ ਅਤੇ ਗੱਲਾਂ ਕਰਦੇ ਰਹੇ।

-"ਤੂੰ ਅੱਜ ਐਥੇ ਈ ਮਾਰ ਲੇਟਾ..!"

-"ਨਹੀਂ ਬਾਈ, ਜਾਊਂਗਾ ਤਾਂ ਮੈਂ ਘਰੇ ਈ..! ਘਰਦੇ ਫ਼ਿਕਰ ਕਰਨਗੇ..!"

-"ਉਨ੍ਹਾਂ ਨੂੰ ਪਤਾ ਤਾਂ ਹੈਗਾ ਬਈ ਤੂੰ ਮੇਰੇ ਕੋਲ਼ੇ ਐਂ, ਫ਼ਿਕਰ ਕਾਹਦਾ ਕਰਨਗੇ..?"

-"ਆਪਾਂ ਦੱਸ ਕੇ ਨੀ ਨ੍ਹਾਂ ਆਏ..!"

ਅੱਧੀ ਰਾਤ ਦੇ ਕਰੀਬ ਉਨ੍ਹਾਂ ਨੇ ਰੋਟੀ ਖਾਧੀ।

ਰੋਟੀ ਖਾ ਕੇ ਕੇਹਰਾ ਚਲਿਆ ਗਿਆ।

ਦਰਵਾਜ਼ਾ ਲਾ ਕੇ ਗਿੰਦਰ ਬਿਨਾ ਵਿਛਾਏ, ਅਲਾਣੇਂ ਮੰਜੇ 'ਤੇ ਹੀ ਪੈ ਗਿਆ। ਬੁੱਕਲ਼ ਵਾਲ਼ਾ ਖੇਸ ਉਸ ਨੇ ਉਪਰ ਲੈ ਲਿਆ ਸੀ।

ਸਵੇਰੇ ਕੁੱਕੜ ਦੀ ਬਾਂਗ ਨਾਲ਼ ਉਸ ਦੀ ਅੱਖ ਖੁੱਲ੍ਹੀ। ਪਰ ਉਹ ਘੇਸਲ਼ ਜਿਹੀ ਮਾਰ ਕੇ ਪਿਆ ਰਿਹਾ।

ਜੱਕਾਂ-ਤੱਕਾਂ ਵਿਚ ਸੂਰਜ ਦੀ ਕਿਰਨ ਬਨੇਰੇ 'ਤੇ ਪੈਣ ਸਾਰ ਹੀ ਉਹ ਉਠ ਕੇ ਬੈਠ ਗਿਆ।

ਜਦ ਉਹ ਉਠ ਕੇ ਬੈਠਾ ਤਾਂ ਉਸ ਨੇ ਅੰਦਰਲੇ ਕਮਰੇ ਵੱਲ ਝਾਤੀ ਮਾਰੀ। ਕਮਰਾ ਸਪੱਟ ਖੁੱਲ੍ਹਾ ਪਿਆ ਸੀ। ਉਸ ਨੂੰ ਯਾਦ ਨਹੀਂ ਸੀ ਕਿ ਰਾਤ ਉਸ ਨੇ ਕਮਰੇ ਦਾ ਦਰਵਾਜ਼ਾ ਬੰਦ ਕੀਤਾ ਸੀ ਕਿ ਨਹੀਂ..? ਜਦ ਉਹ ਉਠ ਕੇ ਵਰਾਂਡੇ ਵੱਲ ਨੂੰ ਗਿਆ ਤਾਂ ਉਸ ਨੂੰ ਲੱਗਿਆ ਕਿ ਸ਼ਾਮ ਕੌਰ ਵਾਲ਼ੀ ਪੇਟੀ ਦਾ ਦਰਵਾਜ਼ਾ ਖੁੱਲ੍ਹਾ ਸੀ। ਘਬਰਾਇਆ ਗਿੰਦਰ ਚੱਕਵੇਂ ਪੈਰੀਂ ਅੰਦਰ ਗਿਆ ਤਾਂ ਪੇਟੀ ਦਾ ਜਿੰਦਰਾ ਤੋੜ ਕੇ ਕੋਈ ਹੱਥ "ਸਾਫ਼" ਕਰ ਗਿਆ ਸੀ। ਉਸ ਨੇ ਪਾਗਲਾਂ ਵਾਂਗ ਪੇਟੀ ਫ਼ਰੋਲਣੀ ਸ਼ੁਰੂ ਕਰ ਦਿੱਤੀ। ਸ਼ਾਮ ਕੌਰ ਦਾ ਗਹਿਣਾਂ-ਗੱਟਾ ਅਤੇ ਤੀਹ ਹਜ਼ਾਰ ਰੁਪਈਆ ਗਾਇਬ ਸੀ। ਗਿੰਦਰ ਦੇ ਦੰਦ ਜੁੜ ਗਏ। ਘਬਰਾਹਟ ਨਾਲ਼ ਉਸ ਦਾ ਸਰੀਰ ਤਾੜੇ ਵਾਂਗ ਕੰਬੀ ਜਾ ਰਿਹਾ ਸੀ ਅਤੇ ਮੱਥੇ 'ਤੇ ਕੱਚੀ ਤਰੇਲ਼ੀ ਆ ਗਈ ਸੀ।

ਉਹ ਭੱਜ ਕੇ ਵਿਹੜੇ ਵਿਚ ਆ ਗਿਆ।

-"ਓਏ ਚਾਨਣਾ..! ਓਏ ਚਾਨਣਾ..!!" ਗਿੰਦਰ ਨੇ ਖੁਰਨੀਂ 'ਤੇ ਚੜ੍ਹ ਆਪਣੇ ਗੁਆਂਢੀ ਨੂੰ ਕਮਲ਼ਿਆਂ ਵਾਂਗ ਹਾਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

-"ਹੋਅ...?" ਚਾਨਣ ਪਸ਼ੂਆਂ ਨੂੰ ਪੱਠੇ ਪਾਉਂਦਾ ਬੋਲਿਆ।

-"ਬਾਈ ਭੱਜ ਕੇ ਆਈਂ, ਆਪਣੇ ਘਰੇ ਚੋਰੀ ਹੋਗੀ..!"

-"ਚੋਰਾਂ ਨੂੰ ਕੀ ਦੋਸ਼ ਐ..? ਨਿੱਤ ਤਾਂ ਤੂੰ ਪੀ ਕੇ ਬਿਰਲਾ ਬਣਿਆਂ ਫ਼ਿਰਦਾ ਸੀ, ਅਗਲਾ ਸੋਚਦੈ ਬਈ ਪਤਾ ਨੀ ਕਿਹੜੀ ਗਿੱਦੜ-ਸਿੰਗੀ ਹੱਥ ਲੱਗ ਗਈ..?" ਸਿੱਧ ਪੱਧਰੇ ਚਾਨਣ ਨੇ ਸਿੱਧੀ ਸੁਣਾਈ।

-"...............।" ਗਿੰਦਰ ਚੁੱਪ ਵੱਟ ਗਿਆ। ਸੱਚੀ ਗੱਲ ਕਪਾਲ਼ 'ਚ ਵੱਜੀ ਸੀ।

ਚਾਨਣ ਟੋਕਰਾ ਸੁੱਟ ਕੇ ਗਿੰਦਰ ਦੇ ਘਰ ਆ ਗਿਆ।

-"ਤੂੰ ਕਿੱਥੇ ਪਿਆ ਸੀ..?" ਚਾਨਣ ਨੇ ਮੋਟਾ ਜਿਹਾ ਜਾਇਜ਼ਾ ਲੈਣਾ ਚਾਹਿਆ।

-"ਮੈਂ ਤਾਂ ਐਸ ਮੰਜੇ 'ਤੇ ਪਿਆ ਸੀ..!"

-"ਤੇ ਤੈਨੂੰ ਖੜਕਾ ਜਮਾਂ ਨੀ ਸੁਣਿਆਂ..?"

-"ਜੇ ਸੁਣਿਆਂ ਹੁੰਦਾ ਪਰਾਗਾ ਨਾ ਪਾ ਲੈਂਦਾ..?"

-"ਜੇ ਸੁਣਨ ਜੋਕਰਾ ਹੁੰਦਾ, ਤਾਂ ਹੀ ਸੁਣਦਾ..? ਪੀ ਕੇ ਜੱਜ ਤਾਂ ਬਣਿਆਂ ਰਹਿਨੈਂ..!"

-"ਕਿਉਂ ਮੈਨੂੰ ਮਰੇ ਨੂੰ ਹੋਰ ਤਾੜਾਂ ਮਾਰੀ ਜਾਨੈਂ ਬਾਈ ਚਾਨਣਾਂ..?" ਗਿੰਦਰ ਵੈਣ ਪਾਉਣ ਵਾਲ਼ਾ ਹੋਇਆ ਖੜ੍ਹਾ ਸੀ।

-"ਜੇ ਕੋਈ ਗੱਲ ਝੂਠ ਕਹਿੰਨੈ ਤਾਂ ਦੱਸ..?"

-"ਹੁਣ ਕੀ ਕਰਾਂ..? ਠਾਣੇਂ ਜਾਵਾਂ..?"

-"ਠਾਣੇਂ ਜਾ ਕੇ ਕੀ ਕਰੇਂਗਾ..? ਜਿਹੜੇ ਚਾਰ ਛਿੱਲੜ ਬਚੇ ਐ, ਓਹ ਠਾਣੇਂ ਆਲ਼ੇ ਕਢਾ ਕੇ ਲੈ ਜਾਣਗੇ..!"

-"ਸ਼ਾਮੋਂ ਨੇ ਤਾਂ ਆ ਕੇ ਮੇਰੇ ਗਲ਼ ਸਾਅਫ਼ਾ ਪਾ ਲੈਣੈਂ..!" ਗਿੰਦਰ ਨੂੰ ਅੰਦਰੋਂ ਡਰ ਖਾਈ ਜਾ ਰਿਹਾ ਸੀ ਕਿ ਸ਼ਾਮੋਂ ਨੇ ਵੀ ਉਸ ਦੀ ਦਾਰੂ ਨੂੰ ਹੀ ਦੋਸ਼ ਦੇਣਾ ਸੀ।

-"ਉਹ ਤਾਂ ਪਾਊਗੀ ਈ..! ਪੈਸਾ ਖੋਟਾ ਆਪਣਾ, ਬਾਣੀਏਂ ਨੂੰ ਕੀ ਦੋਸ਼..?" ਚਾਨਣ ਬੋਲਿਆ।

-"............।" ਗਿੰਦਰ ਨੂੰ ਹੌਲ ਪੈਣ ਵਾਲ਼ਾ ਹੋ ਗਿਆ ਕਿ ਸ਼ਾਮੋਂ ਨੇ ਲੱਤ ਉਤੇ ਧਰ ਲੈਣੀਂ ਹੈ ਕਿ ਜ਼ਿੰਦਗੀ ਵਿਚ ਪਹਿਲੀ ਵਾਰ ਉਸ ਨੂੰ ਘਰ ਸੰਭਾਲ਼ ਕੇ ਗਈ ਸੀ, ਤੇ ਆਹ ਚੰਦ ਚਾੜ੍ਹ ਦਿੱਤਾ..?

-"ਕੀ-ਕੀ ਲੈਗੇ..?" ਚਾਨਣ ਨੇ ਉਸ ਦੀ ਬਿਰਤੀ ਤੋੜੀ।

-"ਤੂੰ ਪੁੱਛ ਬਈ ਓਹਨਾਂ ਕੰਜਰਾਂ ਨੇ ਛੱਡਿਆ ਕੀ ਐ..? ਬਾਣੀਏਂ ਤੋਂ ਤੀਹ ਹਜ਼ਾਰ ਰੁਪਈਆ ਵਿਆਜੂ ਫ਼ੜਿਆ ਸੀ, ਇੱਕ ਤਾਂ ਓਹ ਲੈਗੇ, ਤੇ ਬਾਕੀ ਲੈ ਗਏ ਅਗਲਾ ਪਿਛਲਾ ਸਾਰਾ ਗਹਿਣਾਂ-ਗੱਟਾ..!"

-"ਚਲੋ ਜੀ..!"

-".............।"

-"ਨ੍ਹਾਂ ਜਦੋਂ ਜਿੰਦਾ ਤੋੜਿਆ, ਤੈਨੂੰ ਜਮਾਂ ਈ ਖੜਕਾ ਨੀ ਸੁਣਿਆਂ..?"

-"ਕਾਹਨੂੰ ਬਾਈ..! ਦੱਸੀ ਤਾਂ ਜਾਨੈਂ, ਮੈਨੂੰ ਤਾਂ ਭੋਰਾ ਖੜਕਾ ਨੀ ਸੁਣਿਆਂ..!"

-"ਸੁਣਦਾ ਤਾਂ ਫ਼ੇਰ, ਜੇ ਭੋਰਾ ਸੁਰਤ ਹੁੰਦੀ..! ਪੀ ਕੇ ਤਾਂ ਤੂੰ ਬਣ ਜਾਨੈ ਜਿਉਣਾਂ ਮੌੜ..!"

-"............।" ਗਿੰਦਰ ਫ਼ਿਰ ਨੀਂਵੀਂ ਸੁੱਟ ਗਿਆ।

ਦੋਨੋਂ ਚੁੱਪ ਕਰ ਗਏ।

ਕਿਸੇ ਨੂੰ ਕੁਝ ਸੁੱਝ ਨਹੀਂ ਰਿਹਾ ਸੀ। ਤਾਏ ਦਾ ਪੁੱਤ ਚਾਨਣ ਗਿੰਦਰ ਨੂੰ ਮੋਹ ਕਰਦਾ ਸੀ। ਗਿੰਦਰ ਦੇ ਘਰ ਚੋਰੀ ਹੋਣ ਦਾ ਉਸ ਨੂੰ ਦਿਲੋਂ ਦੁੱਖ ਸੀ। ਪਰ ਉਹ ਗਿੰਦਰ ਦੀ ਦਾਰੂ 'ਤੇ ਅਤੀਅੰਤ ਖਿਝਦਾ ਰਹਿੰਦਾ ਸੀ। ਉਸ ਨੇ ਬੜੀ ਵਾਰ ਗਿੰਦਰ ਨੂੰ ਸਮਝੌਤੀਆਂ ਦਿੱਤੀਆਂ ਸੀ। ਦਾਰੂ ਤੋਂ ਵਰਜਿਆ ਸੀ। ਪਰ ਗਿੰਦਰ ਨੇ ਉਸ ਦੀ ਇੱਕ ਵੀ ਨਹੀਂ ਸੁਣੀ ਸੀ। ਬਹੁਤਾ ਉਹ ਇਸ ਕਰਕੇ ਨਹੀਂ ਟੋਕਦਾ ਸੀ ਕਿ ਲੋਕ ਉਸ ਨੂੰ "ਸ਼ਰੀਕ" ਸਮਝ ਕੇ ਅਵਾ-ਤਵਾ ਬੋਲਣਗੇ।

-"ਤੇਰੇ ਕਾਲ਼ਿਆਂ ਤੋਂ ਬੱਗੇ ਆ ਗਏ ਗਿੰਦਰਾ, ਪਰ ਤੂੰ ਨੀ ਸੁਧਰਿਆ...!"

-"ਮੈਨੂੰ ਕਿਸੇ ਰਾਹ ਪਾ ਬਾਈ..! ਮੈਂ ਤਾਂ ਗੱਡੀ ਥੱਲੇ ਆਉਣ ਆਲ਼ਾ ਹੋਇਆ ਪਿਐਂ..!"

-"ਚਾਹ-ਚੂਹ ਪੀ ਲਈ..?"

-"ਕਿੱਥੇ ਚਾਹ ਬਾਈ..? ਮੇਰੇ ਸੰਘ 'ਚ ਸਾਹ ਅੜਿਆ ਪਿਐ..!"

-"ਮੈਂ ਕੰਧ ਉਤੋਂ ਦੀ ਚਾਹ ਫ਼ੜਾਉਨੈ..! ਚਾਹ ਪੀ, ਆਪਾਂ ਸਰਪੈਂਚ ਕੋਲ਼ੇ ਚੱਲਦੇ ਐਂ..! ਘਬਰਾਉਣ ਨਾਲ਼ ਕੁਛ ਨੀ ਬਣਨਾ, ਜੋ ਹੋ ਗਿਆ, ਸੋ ਹੋ ਗਿਆ..! ਦਿਲ ਰੱਖ..!"

ਗਿੰਦਰ ਮੱਥਾ ਫ਼ੜ ਕੇ ਮੰਜੇ 'ਤੇ ਬੈਠ ਗਿਆ।

-"ਲੈ ਫ਼ੜ ਚਾਹ..!" ਚਾਨਣ ਸਾਂਝੀ ਕੰਧ ਉਪਰੋਂ ਗਿਲਾਸ ਫ਼ੜਾਉਂਦਾ ਹੋਇਆ ਬੋਲਿਆ।

ਗਿੰਦਰ ਨੇ ਉਠ ਕੇ ਚਾਹ ਫ਼ੜ ਲਈ। ਪਰ ਚਾਹ ਪੀਣ ਨੂੰ ਉਸ ਦੀ ਵੱਢੀ ਰੂਹ ਨਹੀਂ ਕਰਦੀ ਸੀ।

-"ਚਾਹ ਪੀ ਕੇ ਪਸ਼ੂਆਂ ਨੂੰ ਪੱਠੇ ਦੱਥੇ ਪਾਅ, ਮੈਂ ਪਾਣੀ ਪਿਆ ਕੇ ਆਇਆ..!" ਚਾਨਣ ਬੋਲਿਆ।

ਗਿੰਦਰ ਦੀ ਸੋਚ ਪਰਤੀ। ਉਸ ਨੂੰ ਕੋਈ ਸੁਰਤ ਨਹੀਂ ਸੀ ਕਿ ਉਸ ਨੇ ਪਸ਼ੂਆਂ ਨੂੰ ਵੀ ਪੱਠੇ ਪਾਉਣੇ ਅਤੇ ਪਾਣੀ ਪਿਆਉਣਾ ਸੀ।

ਉਸ ਨੇ ਤੱਤੀ-ਤੱਤੀ ਚਾਹ ਅੰਦਰ ਸੁੱਟੀ ਅਤੇ ਪਸ਼ੂਆਂ ਨੂੰ ਪੱਠੇ ਪਾਉਣ ਲੱਗ ਪਿਆ।

ਉਸ ਦਾ ਦਿਲ ਧਾਂਹਾਂ ਮਾਰਨ ਨੂੰ ਕਰਦਾ ਸੀ।

ਅਜੇ ਗਿੰਦਰ ਪਸ਼ੂਆਂ ਨੂੰ ਪਾਣੀ ਪਿਆ ਕੇ ਹਟਿਆ ਹੀ ਸੀ ਕਿ ਚਾਨਣ ਆ ਗਿਆ।

-"ਚੱਲੀਏ..?"

-"ਚੱਲ ਬਾਈ...!"

ਉਹ ਰਵਾਂ-ਰਵੀ ਸਰਪੰਚ ਦੇ ਘਰ ਨੂੰ ਤੁਰ ਪਏ।

ਦੋਵਾਂ ਵਿਚੋਂ ਕੋਈ ਵੀ ਬੋਲ ਨਹੀਂ ਰਿਹਾ ਸੀ। ਜਿਵੇਂ ਉਹ ਗੂੰਗੇ ਜਾਂ ਬੋਲ਼ੇ ਸਨ। ਜਾਂ ਇੱਕ ਦੂਜੇ ਨਾਲ਼ ਰੁੱਸੇ ਹੋਏ ਸਨ।

ਜਦ ਉਹ ਸਰਪੰਚ ਕੋਲ਼ ਪਹੁੰਚੇ, ਤਾਂ ਸਰਪੰਚ ਕਿਸੇ ਪਾਸੇ ਜਾਣ ਦੀ ਤਿਆਰੀ ਵਿਚ ਸੀ।

-"ਆਓ ਚਾਚਾ...!"

-"ਆਏ ਸਰਪੈਂਚਾ..!" ਗਿੰਦਰ ਦੀ ਥਾਂ ਚਾਨਣ ਬੋਲਿਆ।

-"ਕਿਵੇਂ ਸਾਝਰੇ ਈ ਦਰਸ਼ਣ ਦਿੱਤੇ...?"

-"ਕਾਹਦੇ ਦਰਸ਼ਣ ਸਰਪੈਂਚਾ..!"

-"ਫ਼ੇਰ ਵੀ..?"

-"ਰਾਤ ਆਪਣੇ ਗਿੰਦਰ ਸਿਉਂ ਦੇ ਘਰ ਚੋਰੀ ਹੋਗੀ..!"

-"ਘਰੇ ਨੀ ਸੀ ਕੋਈ..?"

-"ਇਹੀ ਸੀ ਘਰੇ..! ਬਾਕੀ ਟੱਬਰ ਤਾਂ ਇਹਦੇ ਸਹੁਰੀਂ ਗਿਆ ਵਿਐ..!"

-"ਤੇ ਇਹਨੂੰ ਪਤਾ ਨੀ ਲੱਗਿਆ..?"

-"ਪਤਾ ਤਾਂ ਤਾਂ ਲੱਗਦਾ, ਜੇ ਸੁਰਤ ਸਿਰ ਹੁੰਦਾ..!"

-"ਆਪਣੇ ਪਿੰਡ ਤਾਂ ਚੋਰ ਮੈਨੂੰ ਕੋਈ ਲੱਗਦਾ ਨੀ, ਇਹ ਕਾਰਾ ਬਾਹਰਲੇ ਪਿੰਡ ਦੇ ਕਿਸੇ ਬੰਦੇ ਦਾ ਐ..!" ਸਰਪੰਚ ਨੇ ਸੋਚ ਦੌੜਾਈ।

-"ਤੇ ਹੈ ਵੀ ਕਿਸੇ ਭੇਤੀ ਦਾ..! ਇਹ ਵੀ ਲੋਹੇ 'ਤੇ ਲਕੀਰ ਐ..!" ਚਾਨਣ ਨੇ ਕਿਹਾ।

-"ਕੋਈ ਸ਼ੱਕ ਨੀ..! ਮੇਰੇ ਲਾਇਕ ਕੋਈ ਸੇਵਾ ਦੱਸੋ..?"

-"ਤੂੰ ਸਾਨੂੰ ਰਾਹ ਪਾ ਸਰਪੈਂਚਾ..!" ਗਿੰਦਰ ਜਿਵੇਂ ਖੂਹ 'ਚੋਂ ਬੋਲਿਆ ਸੀ।

-"ਦੋ ਰਾਹ ਐ..!" ਸਰਪੰਚ ਨੇ ਕਿਹਾ।

-"................।" ਦੋਨੋਂ ਚੁੱਪ ਸਨ। ਪਰ ਸੁਣ ਰਹੇ ਸਨ।

-"ਜਾਂ ਤਾਂ ਖੋਜੀ ਲਿਆ ਕੇ ਪੈੜ ਕਢਵਾ ਲਓ, ਤੇ ਜਾਂ ਪੁਲ਼ਸ ਨੂੰ ਖ਼ਬਰ ਕਰੋ..!"

-"ਪੁਲ਼ਸ ਬੁਲਾਉਣ 'ਚ ਹੈ ਕੋਈ ਫ਼ਾਇਦਾ..?" ਚਾਨਣ ਨੇ ਸੁਆਲ ਕੀਤਾ।

-"ਪੁਲ਼ਸ ਨੇ ਤਾਂ ਸ਼ੱਕੀ ਬੰਦੇ ਬਾਰੇ ਪੁੱਛਣੈ, ਜੇ ਥੋਨੂੰ ਕਿਸੇ 'ਤੇ ਸ਼ੱਕ ਹੈਗੀ, ਤਾਂ ਉਨ੍ਹਾਂ ਨੇ ਬੰਦੇ ਫ਼ੜ ਲੈਣੇ ਐਂ, ਤੇ ਜੇ ਥੋਨੂੰ ਕਿਸੇ 'ਤੇ ਸ਼ੱਕ ਹੈਨ੍ਹੀ, ਫ਼ੇਰ ਪੁਲ਼ਸ ਬੁਲਾਉਣ 'ਚ ਵੀ ਕੋਈ ਫ਼ਾਇਦਾ ਨੀ, ਵਾਧੂ ਖਰਚੇ ਨੂੰ ਥਾਂ ਕਰੋਂਗੇ, ਬਾਕੀ ਥੋਡੀ ਮਰਜ਼ੀ ਐ..!"

-"ਸ਼ੱਕ ਤਾਂ ਹੁਣ ਆਪਾਂ ਨੂੰ ਕਿਸੇ 'ਤੇ ਹੈਨ੍ਹੀ...!"

-"ਐਵੇਂ ਬਿਨਾ ਗੱਲ ਤੋਂ ਕਿਸੇ ਵੱਲ ਉਂਗਲ਼ ਕਰਨੀ ਤਾਂ ਪਿੰਡ 'ਚ ਵੈਰ ਪਾਉਣ ਆਲ਼ੀ ਗੱਲ ਐ..!"

-"ਖੋਜੀ ਆਲ਼ਾ ਕੰਮ ਵਧੀਆ ਨਾ ਰਹੂ..?"

-"ਖੂਹ 'ਚ ਇੱਟ ਐ, ਦੇਖ ਲਓ..!"

-"ਹੈ ਕੋਈ ਖੋਜੀ ਹੱਥ ਹੇਠ..?"

-"ਮੁੱਲਾਂ ਆਲ਼ਾ ਝਾਬਾ ਸਿਉਂ ਲੈ ਆਓ...! ਉਹ ਚੰਗਾ ਖੋਜੀ ਦੱਸਦੇ ਐ..!" ਸਰਪੰਚ ਨੇ ਦੱਸ ਪਾਈ।

-"ਝਾਂਬਾ ਸਿਉਂ ਰਹਿੰਦਾ ਕਿੱਥੇ ਐ..?" ਚਾਨਣ ਨੇ ਪੁੱਛਿਆ।

-"ਝਾਂਬਾ ਸਿਉਂ ਨੀ ਬਾਈ, ਝਾਬਾ ਸਿਉਂ - ਝਾਬਾ ਸਿਉਂ..!"

-"ਰਹਾਇਸ਼ ਕਿੱਥੇ ਐ ਝਾਬਾ ਸਿਉਂ ਦੀ..?"

-"ਮੁੱਲਾਂ..! ਮਲੇਰਕੋਟਲੇ ਕੋਲ਼..!"

-"ਚਲੋ..! ਕਰਦੇ ਆਂ ਕੋਈ ਹੀਲਾ..!"

ਉਹ ਘਰ ਨੂੰ ਮੁੜ ਪਏ।

-"ਮੈਂ ਤੈਨੂੰ ਇੱਕ ਗੱਲ ਆਖਾਂ ਗਿੰਦਰਾ..?"

-"ਆਖ ਬਾਈ...!"

-"ਮੈਂ ਤਾਂ ਕਹਿੰਨੈ ਜੋ ਕੁਛ ਹੋ ਗਿਆ, ਓਸ ਨੂੰ ਰੱਬ ਦਾ ਭਾਣਾ ਮੰਨ ਕੇ ਜਰ..! ਹੋਰ ਹੁਣ ਕੁਰਕੀ ਨਾ ਕਰਾ..! ਨਿਕਲਣਾ ਕਰਨਾ ਵਿਚੋਂ ਕੁਛ ਨੀ, ਬਾਧੂ ਖਰਚੇ ਨੂੰ ਥਾਂ ਹੋਊ, ਜੇ ਪੁਲ਼ਸ ਹੱਥ ਗੱਲ ਆ ਗਈ, ਕਰਨਾ ਕਰਾਉਣਾ ਉਨ੍ਹਾਂ ਨੇ ਕੱਖ ਨੀ, ਨਿੱਤ ਦਾਰੂ ਮੁਰਗਾ ਭਾਲ਼ਿਆ ਕਰਨਗੇ..! ਉਨ੍ਹਾਂ ਦੀ ਦਿਵਾਲ਼ੀ ਬਣੂੰ, ਤੈਨੂੰ ਫ਼ਾਇਦਾ ਕੁਛ ਨੀ ਹੋਣਾ...! ਬਾਕੀ ਮੈਂ ਤਾਂ ਤੇਰੇ ਮਗਰ ਐਂ ਮਿੱਤਰਾ, ਜਿਵੇਂ ਕਹੇਂਗਾ, ਕਰ ਲਵਾਂਗੇ..!"

-"..............।" ਗਿੰਦਰ ਚੁੱਪ ਸੀ।

-"ਮੈਂ ਪੱਠੇ ਵੱਢ ਲਿਆਵਾਂ, ਸ਼ਾਮੋਂ ਨੇ ਕਦੋਂ ਮੁੜਨੈਂ..?"

-"ਅੱਜ ਈ ਆਜੂ..!"

-"ਕੋਈ ਨਾ..! ਦਿਲ ਨਾ ਢਾਅ..! ਹੌਂਸਲਾ ਰੱਖ..! ਮੈਂ ਪੱਠੇ ਲੈ ਆਵਾਂ..!"

ਚਾਨਣ ਘਰ ਨੂੰ ਤੁਰ ਗਿਆ।

ਗਿੰਦਰ ਦੇ ਮੂੰਹ ਤੋਂ ਮੱਖੀ ਨਹੀਂ ਉਡਦੀ ਸੀ। ਉਸ ਨੂੰ ਇਹ ਸਮਝ ਨਹੀਂ ਆ ਰਹੀ ਸੀ ਕਿ ਉਹ ਪਹਿਲਾਂ ਏਜੰਟ ਕੋਲ਼ੇ ਜਾਵੇ..? ਜਾਂ ਸਹੁਰੀਂ ਸ਼ਾਮ ਕੌਰ ਕੋਲ਼ ਜਾ ਕੇ ਦੱਸੇ..? ਜਾਂ ਆਉਣ ਤੱਕ ਉਨ੍ਹਾਂ ਦੀ ਉਡੀਕ ਕਰੇ..? ਜਾਂ ਬਾਣੀਏਂ ਨੂੰ ਹੋਰ ਪੈਸਿਆਂ ਲਈ ਸੁਆਲ ਪਾਵੇ...? ਉਸ ਦੇ ਸਿਰ ਵਿਚ ਸੋਚਾਂ ਦੀਆਂ ਤੋਪਾਂ ਚੱਲੀ ਜਾ ਰਹੀਆਂ ਸਨ।

ਉਸ ਦਾ ਦਿਲ ਕਰਦਾ ਸੀ ਕਿ ਗੱਡੀ ਥੱਲੇ ਸਿਰ ਜਾ ਦੇਵੇ।

ਪਰ ਬੱਚਿਆਂ ਦੀ ਜ਼ਿੰਮੇਵਾਰੀ ਉਸ ਦੇ ਪੈਰਾਂ ਦੀਆਂ ਬੇੜੀਆਂ ਬਣੀ ਪਈ ਸੀ।

-ਚੱਲਦਾ

## ਸਬਰ ਦਾ ਫਲ਼

ਜ਼ਿੰਦਗੀ ਭਾਵੇਂ ਚੱਲ ਸੋ ਚੱਲ।
ਸਬਰ ਦਾ ਹੁੰਦਾ ਮਿੱਠਾ ਫਲ਼।
ਅੱਜ ਨੂੰ ਅੱਜ ਦੇ ਵਿਚ ਹੀ ਜੀ ਲਓ,
ਭਲਾਂ ਵੇਖਿਆ ਕਿਸ ਨੇ ਕੱਲ੍ਹ।
ਪਿਆਰ ਮੁਹੱਬਤ ਬਾਝੋਂ ਅੜਿਆ,
ਜੀਵਨ ਬਣਦਾ ਮਾਰੂਥਲ।
ਬੰਦਿਆ ਕਰਨੀ ਪਊ ਮੁਸ਼ੱਕਤ,
ਮਾਰਨੀ ਚਾਹੁੰਨੈ ਜੇ ਕੋਈ ਮੱਲ।
ਜੋ ਸਿਦਕੀ ਤੇ ਸਿਰੜੀ ਹੁੰਦੇ,
ਜ਼ੁਲਮ ਨੂੰ ਉਹੀਓ ਪਾਉਂਦੇ ਠੱਲ੍ਹ।
ਧਰਤੀ ਵਿਚੋਂ ਮੁੱਕ ਨਾ ਜਾਏ,
ਸੰਜਮ ਦੇ ਨਾਲ ਵਰਤੋ ਜਲ।
ਨੀਵਾਂ ਹੋ ਕੇ ਜੋ ਵੀ ਚੱਲਦਾ,
ਰੱਬ ਹਮੇਸ਼ਾ ਉਹਦੇ ਵੱਲ੍ਹ।
ਉਨ੍ਹਾਂ ਨੂੰ ਕੋਈ ਮੂੰਹ ਨਾ ਲਾਵੇ,
ਕਰਦੇ ਨੇ ਜੋ ਚੱਕਵੀਂ ਗੱਲ।
ਪੰਡ ਪਾਪਾਂ ਦੀ ਭਾਰੀ ਹੋਣ 'ਤੇ,
ਰੱਬ ਕੋਈ ਰਹਿਬਰ ਦੇਵੇ ਘੱਲ।
ਭਾਵੇਂ ਲੱਖਾਂ ਜੱਗ ਕਰਾ ਲਓ,
ਸਕਦੀ ਨਹੀਂ ਮੁਸੀਬਤ ਟਲ਼।
'ਨਾਗਰਾ' ਮਨ ਪਵਿੱਤਰ ਰੱਖੀਂ,
ਰੱਖੀਂ ਨਾ ਕੋਈ ਵਲ਼ ਤੇ ਛੱਲ।

-ਜਸਪਾਲ ਸਿੰਘ ਨਾਗਰਾ
'ਮਹਿੰਦਪੁਰੀ'
ਯੂਬਾ ਸਿਟੀ, ਕੈਲੀਫੋਰਨੀਆ (ਅਮਰੀਕਾ)
+1-360-448-1989
(Punjab Mail USA)



## ਢਾਣੀ ਯਾਰਾਂ ਦੀ

ਜਦੋਂ ਜੁੜਦੀ ਮਿੱਤਰਾਂ ਦੀ ਢਾਣੀ,
ਜੋੜ ਜਾਵੇ ਇੱਕ ਨਵੀਂ ਕਹਾਣੀ।

ਰੱਖ ਪਰ੍ਹਾਂ ਜ਼ਿੰਮੇਵਾਰੀ ਦਾ ਜੂਲਾ,
ਚੱਲੇ ਗੱਪ-ਸ਼ੱਪ, ਠੱਠਾ-ਮਸ਼ਕੂਲਾ।

ਵੰਡਦੇ ਦੁੱਖ-ਸੁੱਖ ਪ੍ਰੇਮ ਮੁਹੱਬਤਾਂ,
ਤੋੜ ਕੇ ਸੰਗ-ਸ਼ਰਮ, ਸ਼ਰਾਫ਼ਤਾਂ।

ਉਚ-ਨੀਚ, ਮਜ਼੍ਹਬ ਨ ਜਾਤ-ਪਾਤ,
ਭੁੱਲ ਕੇ ਫਿਰਕਾਪ੍ਰਸਤੀ ਕਮਜਾਤ।

ਮਿਟ ਜਾਂਦਾ ਹੈ ਉਮਰਾਂ ਦਾ ਪਾੜਾ,
ਤੰਗ ਦਿਲੀ ਨਾਲੇ ਨਫ਼ਰਤ ਸਾੜਾ।

ਦਿਲ ਖੋਹਲਦੇ ਆਣ ਗਲਾਧੜ,
ਛੋਟਾ ਬੜਾ ਨਾ ਆਕੜ-ਫਾਕੜ।

ਗਪੌੜ ਸੰਖ ਅਤੇ ਬਾਤ ਬਤੰਗੜ,
ਦਿੱਲੀ ਦੀ ਲਾਹੌਰ ਛੱਡ ਜਲੰਧਰ।

ਫੁਰਦੇ ਫੁਰਨੇ ਸ਼ਰਾਰਤਾਂ ਸੁੱਝੀਆਂ,
ਮਾਰਦੇ ਚੋਭਾਂ ਗੁੱਝੀਆਂ ਗੁੱਝੀਆਂ।

ਕਿਸੇ ਦੀ ਮਨ ਕਦੇ ਨਾ ਲਾਉਂਦੇ,
ਸਾਰੇ ਹੱਸ ਹੱਸ ਲਿਟ ਲਿਟ ਜਾਂਦੇ।

ਮਾਰਦੇ ਤਾੜੀ ਬਣਕੇ ਮਸਤ ਮੌਲਾ,
ਇੰਞ ਕਰ ਲੈਂਦੇ ਫਿਰ ਦਿਲ ਹੌਲਾ।

ਰੱਖਕੇ ਸਿਆਸਤਾਂ ਨੂੰ ਇੱਕ ਪਾਸੇ,
ਉਸਾਰੂ ਸੋਚ ਦੇ ਕਰ ਨਵੇਂ ਖੁਲਾਸੇ।

ਮੁਸ਼ਕਿਲਾਂ ਦਾ ਕਰ ਸੋਚ ਵਿਚਾਰ,
ਜ਼ਿੰਦਗੀ ਦਾ ਬੇੜਾ ਲਾਉਂਦੇ ਪਾਰ।

-ਸੇਵਾ ਸਿੰਘ "ਨੂਰਪੁਰੀ"
(Punjab Mail USA)



## ਨਸ਼ਿਆਂ ਬਦਲੇ ਵੋਟ ਨਹੀਂ

ਨਸ਼ਿਆਂ ਬਦਲੇ ਵੋਟ ਕਦੇ ਨਹੀਂ ਪਾਵਾਂਗੇ
ਮਿਲ ਕੇ ਹੋਰਾਂ ਨੂੰ ਇਹ ਗੱਲ ਸਮਝਾਵਾਂਗੇ।

ਨਸ਼ੇ ਵੰਡਣ ਦਾ ਕੰਮ ਜੋ ਨੇਤਾ ਕਰਦੇ ਨੇ
ਸੱਚਾਈ ਦੇ ਸਾਹਵੇਂ ਹੋਣੋਂ ਡਰਦੇ ਨੇ।

ਵੰਡੇ ਫੀਮ, ਸਮੈਕਾਂ, ਪੋਸਤ, ਕੋਈ ਦਾਰੂ
ਐਸਾ ਨੇਤਾ ਕਿਸ ਬਿਧ ਜਨਤਾ ਨੂੰ ਤਾਰੂ।

ਤਨ-ਮਨ ਨਸ਼ੇ ਦੇ ਹੇਠ ਜਦੋਂ ਹੈ ਆ ਜਾਂਦਾ
ਸੋਚਣ ਦਾ ਫਿਰ ਮਾਦਾ ਇਕਦਮ ਮਿਟ ਜਾਂਦਾ।

ਚੰਗਾ ਕਿਹੜਾ ਨੇਤਾ, ਕਿਹੜਾ ਮਾੜਾ ਹੈ
ਨਸ਼ਾ ਮਿਟਾ ਕੇ ਰੱਖ ਦਿੰਦਾ ਇਹ ਪਾੜਾ ਹੈ।

ਦੇਸ਼ੋਂ ਕੱਢਣੀ ਨਸ਼ਿਆਂ ਵਾਲੀ ਬਦ-ਰੀਤੀ
ਹੋਵੇ ਸੱਚੀ-ਸੁੱਚੀ ਸਾਡੀ ਰਾਜਨੀਤੀ।

ਨਸ਼ਿਆਂ ਨੇ ਕਈ ਪਹਿਲਾਂ ਹੀ ਘਰ ਪੱਟੇ ਨੇ
ਨੇਤਾਵਾਂ ਨੇ ਹੋਰ ਵੀ ਫੱਟੇ ਚੱਕੇ ਨੇ।

ਨਸ਼ਾ ਡੋਬਦਾ ਜਿਸਮ, ਜਵਾਨੀ ਤੇ ਪੈਸਾ
ਰਾਜਨੀਤੀ ਨੇ ਕੀਤਾ ਕੋਝਾ ਕੰਮ ਕੈਸਾ।

ਵਿਚ ਦੁਨੀਆਂ ਦੇ ਆ ਕੇ ਕਰੀਏ ਮਾਣ ਅਸੀਂ
ਨਸ਼ੇ ਵੰਡਣ ਵਾਲੇ ਨੂੰ ਲਓ ਪਛਾਣ ਤੁਸੀਂ।

ਵੋਟ ਕੀਮਤੀ ਸਾਡੀ, ਕਦੇ ਨਾ ਵੇਚਾਂਗੇ
ਨਸ਼ਿਆਂ ਸਾਹਵੇਂ ਗੋਡੇ ਮੂਲ ਨਾ ਟੇਕਾਂਗੇ।

ਆਓ ਸਾਰੇ ਰਲ ਕੇ ਅੱਜ ਇਹ ਪ੍ਰਣ ਕਰੀਏ
ਨਸ਼ਿਆਂ ਵਾਲੇ ਲੋਕਾਂ ਦਾ ਨਾ ਦਮ ਭਰੀਏ।

-ਪ੍ਰੋ. ਨਵ ਸੰਗੀਤ ਸਿੰਘ
ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ-151302
(ਬਠਿੰਡਾ)
94176-92015
(Punjab Mail USA)



## "ਊੜਾ ਅਤੇ ਜੂੜਾ"

ਚੱਲਿਐਂ ਪੁੱਤ ਵਿਦੇਸ਼ ਅਸੀਸਾਂ ਮਾਂ ਤੋਂ ਲੈਂਦਾ ਜਾਹ
ਮੇਰੇ ਦਿਲ ਦੀ ਸੁਣਜਾ ਦਿਲ ਅਪਣੇ ਦੀ ਕਹਿੰਦਾ ਜਾਹ
ਯਾਦ ਰੱਖੀਂ ਮਾਂ ਬੋਲੀ ਪੁੱਤਰਾ ਊੜਾ ਨਾ ਭੁੱਲਜੀਂ।
ਕੱਟ ਨਾ ਦੇਵੀਂ ਕੇਸ ਸੋਹਣਿਆਂ ਜੂੜਾ ਨਾ ਭੁੱਲਜੀਂ।

ਸਾਬੋ ਕੀ ਤਲਵੰਡੀ ਤੈਨੂੰ ਜਦੋਂ ਲਿਜਾਂਦੀ ਸੀ
ਉਂਗਲ ਫੜਕੇ ਤੇਰੀ ਪੈਂਤੀ ਮੈਂ ਲਿਖਵਾਂਦੀ ਸੀ
ਸਿੱਖ ਗੁਰੂ ਦਾ ਬੱਚਿਆ ਰਿਸ਼ਤਾ ਗੂੜ੍ਹਾ ਨਾ ਭੁੱਲਜੀਂ।
ਯਾਦ ਰੱਖੀਂ ਮਾਂ ਬੋਲੀ...।

ਹੁਣ ਤੱਕ ਤੇਰੇ ਕੇਸ ਰੱਖੇ ਮੈਂ ਸੋਹਣਿਆ ਸੁੱਚੇ ਵੇ
ਇਹ ਕੇਸਾਂ ਦੇ ਨਾਲ ਨੇ ਮਿਲਦੇ ਰੁਤਬੇ ਉੱਚੇ ਵੇ
ਜਿਸ ਤੋਂ ਸਿਖਿਆ ਪਾਠ ਬਾਬਾ ਬੁੱਢਾ ਨਾ ਭੁੱਲਜੀਂ।
ਯਾਦ ਰੱਖੀਂ ਮਾਂ ਬੋਲੀ...।

ਹੁਣ ਤੱਕ ਤੈਨੂੰ ਪੜ੍ਹਾਇਆ ਲੱਖਾਂ ਸਹਿ ਕੇ ਦੁਖੜੇ ਵੇ
ਬੜੇ ਤੋੜਨੇ ਔਖੇ ਕੋਲੋਂ ਦਿਲ ਦੇ ਟੁਕੜੇ ਵੇ
ਫੀਸ ਭਰਨ ਲਈ ਮਾਂ ਦਾ ਵਿਕਿਆ ਚੂੜਾ ਨਾ ਭੁੱਲਜੀਂ।
ਯਾਦ ਰੱਖੀਂ ਮਾਂ ਬੋਲੀ...।

ਸਿਰ 'ਤੇ ਸੋਹਣੀ ਰੱਖੀਂ ਤੂੰ ਦਸਤਾਰ ਸਜਾਕੇ ਵੇ
ਬੜਾ ਫ਼ਖ਼ਰ ਮਹਿਸੂਸ ਹੋਊ ਸਰਦਾਰ ਕਹਾਕੇ ਵੇ
ਮਾਂ ਦੀ ਸਿੱਖਿਆ ਦਿੱਤੀ ਬਣਕੇ ਮੂੜ੍ਹਾ ਨਾ ਭੁੱਲਜੀਂ।
ਯਾਦ ਰੱਖੀਂ ਮਾਂ ਬੋਲੀ...।

ੳ ਅ ੲ ਸ ਹ ਪਾਉਂਦਾ ਰਹੀਂ
"ਗਿੱਲ ਮਲਕੀਤ" ਪੰਜਾਬੀ ਵਿਚ
ਲਿਖ ਕਵਿਤਾ ਗਾਉਂਦਾ ਰਹੀਂ
ਗੁਰੂ ਘਰੇ ਰਹੀਂ ਜਾਂਦਾ ਸਤਿਗੁਰ ਪੂਰਾ ਨਾ ਭੁੱਲਜੀਂ।
ਯਾਦ ਰੱਖੀਂ ਮਾਂ ਬੋਲੀ ਪੁੱਤਰਾ ਊੜਾ ਨਾ ਭੁੱਲਜੀਂ।
ਕੱਟ ਨਾ ਦੇਵੀਂ ਕੇਸ ਕਿਤੇ ਪੁੱਤ ਜੂੜਾ ਨਾ ਭੁੱਲਜੀਂ।

-ਮਲਕੀਤ ਸਿੰਘ ਗਿੱਲ (ਭੱਠਲਾਂ)
94174-90943
79865-28225
(Punjab Mail USA)



## ਗ਼ਜ਼ਲ

ਬਹੁਤ ਤਪੱਸਿਆ ਕੀਤੀ ਟੱਕਰਾਂ ਮਾਰੀਆਂ।
ਪੱਥਰਾਂ ਅੱਗੇ ਸਭ ਵਿਉਂਤਾਂ ਹਾਰੀਆਂ।
ਭੰਵਰ ਦੇ ਵਿਚ ਜਾ ਕੇ ਵਾਪਸ ਆਇਆ ਨਾ,
ਦਰਿਆ ਦੇ ਵਿਚ ਕੰਮ ਨਾ ਆਈਆਂ ਤਾਰੀਆਂ
ਸੱਪ ਪਟਾਰੀ ਵਿਚ ਹੀ ਚੰਗੇ ਲੱਗਦੇ ਨੇ,
ਮਤਲਬ ਖੋਰਾਂ ਨਾਲ ਨਈਂ ਹੁੰਦੀਆਂ ਯਾਰੀਆਂ।
ਮੇਰੀ ਮਰਜ਼ੀ ਨਾਲ ਹੀ ਸਭ ਕੁਝ ਹੋਇਆ ਏ,
ਉਨ੍ਹਾਂ ਜਿੱਤੀਆਂ ਨੇ ਤੇ ਆਪਾਂ ਹਾਰੀਆਂ।
ਯਾਰਾਂ ਨਾਲ ਹੀ ਬੰਦਾ ਸ਼ੋਭਾ ਖੱਟਦਾ ਏ,
ਖੰਭਾਂ ਤੋਂ ਬਿਨ ਲਾਏ ਕੌਣ ਉਡਾਰੀਆਂ?
ਕੱਪੜੇ ਨੂੰ ਤਾਂ ਰੰਗ ਚਾੜ੍ਹਣ ਦੀ ਗੱਲ ਛਡ ਦਉ,
ਨਾਲ ਲਹੂ ਦੇ ਹੱਥ ਰੰਗੇ ਲੱਲਾਰੀਆ।
ਅੰਬਰ ਦੀ ਹੀ ਸਾਰੀ ਇੱਕ ਸ਼ਰਾਰਤ ਹੈ,
ਸੂਰਜ ਡੁੱਬਣ 'ਤੇ ਰਾਤਾਂ ਉਤਾਰੀਆਂ।
ਪੁੱਤ ਜੋ ਚੜ੍ਹਦੇ ਸੂਰਜ ਦਾ ਸਿਰਨਾਵਾਂ ਨੇ,
ਪਰ ਗਗਨ ਦੀਆਂ ਮਾਲਿਕ ਧੀਆਂ ਪਿਆਰੀਆਂ।
ਮਾਲੀ ਦਾ ਉਦਮ ਹੈ ਉਸ ਦੀ ਮਿਹਨਤ ਹੈ,
ਟਹਿਣੀ ਟਹਿਣੀ ਫੁੱਲ ਕਲੀਆਂ ਸ਼ਿੰਗਾਰੀਆਂ।
ਉਹੋ ਸੂਰਜ ਦੇ ਜਾਏ ਅਖਵਾਵਣਗੇ,
ਜਿੰਨਾ ਰਾਤੀਂ ਜਾਗ ਕੇ ਮੱਲ੍ਹਾਂ ਮਾਰੀਆਂ।
ਐਵੇਂ ਇਨ੍ਹਾਂ ਨਾਲ ਯਾਰਾਨੇ ਪਾਵੀਂ ਨਾ,
ਹੌਲੀ-ਹੌਲੀ ਵੱਢ ਦਿੰਦੀਆਂ ਨੇ ਆਰੀਆਂ।
ਮੇਰੇ ਹੱਥ ਦੀਆਂ ਲੀਕਾਂ ਵਿਚ ਜੋ ਨਦੀਆਂ ਨੇ,
ਕੁਝ ਮਿੱਠੀਆਂ ਕੁਝ ਲੂਣੀਆਂ ਕੁਝ ਖਾਰੀਆਂ।
ਔਕਾਤ ਜਦੋਂ ਸਮਝੇਗਾ ਫਿਰ ਸੋਚੇਗਾ,
ਐਵੇਂ ਨੇਰ੍ਹੇ ਦੇ ਵਿਚ ਡਾਂਗਾਂ ਮਾਰੀਆਂ।
ਤੇਰੀਆਂ ਗਜ਼ਲਾਂ ਨੂੰ ਲੋਕਾਂ ਨੇ ਚੁੰਮ-ਚੁੰਮ ਕੇ,
'ਬਾਲਮ' ਮੱਥੇ ਉਤੋਂ ਮਿਰਚਾਂ ਵਾਰੀਆਂ।

ਬਲਵਿੰਦਰ ਬਾਲਮ ਗੁਰਦਾਸਪੁਰ
ਓਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ. : 98156-25409
(Punjab Mail USA)



## ਯਾਦਾਂ ਦੇ ਝਰੋਖੇ 'ਚੋਂ

ਯਾਦਾਂ ਦੇ ਝਰੋਖੇ 'ਚੋਂ, ਨਜ਼ਰਾਂ ਦੇ ਧੋਖੇ 'ਚੋਂ,
ਕਈ ਛੁਪੀਆਂ ਸੱਚਾਈਆਂ, ਮੇਰੇ ਸਾਹਮੇਂ ਆਈਆਂ।

ਕਈ ਹੱਥਾਂ ਦੀਆਂ ਦਿੱਤੀਆਂ, ਨਾ ਦੰਦਾਂ ਨਾਲ ਖੁੱਲ੍ਹੀਆਂ,
ਪੀਡੀਆਂ ਸੀ ਗੰਢਾਂ, ਅਣਭੋਲ ਦਿੱਤੀਆਂ ਦਿਵਾਈਆਂ।

ਚੱਲ ਚੱਲ ਕੇ ਮੈਂ ਰਸਤੇ, ਕਈ ਨੇ ਗਾਹ ਮਾਰੇ,
ਸਮਝ ਨਾ ਸਕਿਆ ਤਾਂ ਵੀ, ਧਰਤ ਦੀਆਂ ਗੋਲਾਈਆਂ।

ਮਰਹਲੇ ਕਈ ਔਖੇ ਵੀ, ਮੈਨੂੰ ਮਾਤ ਕਰ ਗਏ,
ਮੰਜ਼ਿਲਾਂ ਕਈ ਮਿਲੀਆਂ, ਸਰ ਕੀਤੀਆਂ ਕਰਾਈਆਂ।

ਰੂਹਾਂ ਕਈ ਮਿਲੀਆਂ, ਮੈਨੂੰ ਰੱਬ ਵਰਗੀਆਂ ਵੀ,
ਪਰ ਕਈ ਮਨ 'ਤੇ ਦਿਲ ਵਿਚ, ਕਦੀ ਨਾ ਸਮਾਈਆਂ।

ਕਿਸ ਨੂੰ ਕਹਾਂ ਕਿ ਕੌਣ, ਹੈ ਦਰਦੀ ਕਿਸ ਕਿਸ ਦਾ,
ਜਦੋਂ ਭਰਾਵਾਂ ਹੱਥੋਂ ਕਤਲਾਂ, ਦੀਆਂ ਖ਼ਬਰਾਂ ਕਈ ਆਈਆਂ।

ਕਈ ਐਸੇ ਪਲ ਵੀ, ਔਖੇ ਬਣ ਕੇ ਗੁਜ਼ਰੇ,
ਜਿਨ੍ਹਾਂ ਨੂੰ ਉਡੀਕਦਿਆਂ ਸੀ, ਨਜ਼ਰਾਂ ਸਧਰਾਈਆਂ।

ਪੁੱਠੇ ਸਿੱਧੇ ਗੇੜ, ਕਈ ਵਾਰੀ ਚੜ੍ਹੇ ਉੱਤਰੇ,
ਵਾਹ ਕੈਸੀਆਂ ਸਨ ਉਹ ਵੀ, ਚੜ੍ਹਾਈਆਂ ਉੱਤਰਾਈਆਂ।

ਤਰਜ਼ ਜ਼ਿੰਦਗੀ ਦੀ ਐਸੀ, ਲਰਜ਼ੀ ਕਦੀ ਸਾਜ਼ਾਂ 'ਤੇ,
ਸਰਸ਼ਾਰ ਮੇਰੀ ਰੂਹ ਨੇ, ਗ਼ਜ਼ਲਾਂ ਕਈ ਗਾਈਆਂ।

ਤਮੰਨਾ ਹੈ ਕਿ ਚੱਲਦਾ, ਫਿਰਦਾ ਅਲੋਪ ਹੋਵਾਂ,
ਛੱਡ ਯਾਰਾਂ ਦੀਆਂ ਮਹਿਫਲਾਂ, ਭਰੀਆਂ ਭਰਾਈਆਂ।

-ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ.ਕੇ.
(Punjab Mail USA)



## 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325



- ਔਖੇ ਵਕਤ ਦਾ ਪੂਰਾ ਅਹਿਸਾਸ ਕਿਸੇ ਦੇ ਮੂੰਹੋਂ ਸੁਣ ਕੇ ਨਹੀਂ, ਆਪਣੇ ਜਿਸਮ ਉਤੇ ਹੰਢਾਉਣ ਉਪਰੰਤ ਹੁੰਦਾ ਹੈ।
- ਆਪਣੀ ਫੋਕੀ ਆਕੜ ਕਾਰਨ ਰਿਸ਼ਤੇ ਗਵਾਉਣੇ ਵੀ ਮੂਰਖਤਾ ਹੈ ਪਰ ਰਿਸ਼ਤੇ ਬਚਾਉਂਦੇ-ਬਚਾਉਂਦੇ ਆਪਣੀ ਕਦਰ ਗਵਾ ਲੈਣੀ ਵੀ ਸਿਆਣਪ ਨਹੀਂ।
- ਇਨਸਾਨ ਆਜ਼ਾਦ ਹੁੰਦਾ ਹੋਇਆ ਵੀ ਜਿਸ ਪਿੰਜਰੇ ਵਿਚ ਕੈਦ ਹੁੰਦਾ ਹੈ, ਉਸ ਦਾ ਨਾਮ ਜ਼ਿੰਮੇਵਾਰੀ ਹੁੰਦਾ ਹੈ।
- ਦੂਜਾ ਮੌਕਾ ਫਿਲਮਾਂ ਅਤੇ ਕਹਾਣੀਆਂ ਵਿਚ ਤਾਂ ਅਕਸਰ ਮਿਲ ਹੀ ਜਾਂਦਾ ਹੈ ਪਰ ਜ਼ਿੰਦਗੀ ਅਤੇ ਵਕਤ ਬਹੁਤ ਘੱਟ ਵਾਰ ਦੂਜਾ ਮੌਕਾ ਦੇਂਦੇ ਹਨ।
- ਇਨਸਾਨ ਮਾਤਲੋਕ ਵਿਚ ਆਜ਼ਾਦ ਹੀ ਆਉਂਦਾ ਹੈ ਪਰ ਰੁਖਸਤ ਹੋਣ ਵੇਲੇ ਬਹੁਤ ਬੰਧਨਾਂ ਵਿਚ ਬੱਝਾ ਹੁੰਦਾ ਹੈ।
- ਸਾਰੀਆਂ ਜੰਗਾਂ ਜਿੱਤਣ ਵਾਸਤੇ ਹੀ ਨਹੀਂ ਕੁਝ ਕੁ ਮੈਦਾਨ-ਏ-ਜੰਗ ਵਿਚ ਆਪਣੀ ਹੋਂਦ ਨੂੰ ਦਰਸਾਉਣ ਖਾਤਰ ਵੀ ਲੜੀਆਂ ਜਾਂਦੀਆਂ ਹਨ।
- ਅੱਜਕੱਲ੍ਹ ਬਦਲੇ ਹੋਏ ਜ਼ਮਾਨੇ ਵਿਚ ਅਜਿਹੇ ਸ਼ੁਭਚਿੰਤਕ ਵੀ ਮਿਲ ਜਾਂਦੇ ਹਨ, ਜੋ ਤੁਹਾਡਾ ਸ਼ੁਭ ਹੁੰਦਾ ਵੇਖ ਕੇ ਹੀ ਚਿੰਤਾ ਕਰਨ ਲੱਗ ਪੈਂਦੇ ਹਨ, ਰੱਬ ਇਸ ਉਤੇ ਏਨਾ ਮਿਹਰਬਾਨ ਕਿਉਂ ਹੈ?
- ਕਿਸੇ ਦੇ ਵਜੂਦ ਦਾ ਮਜ਼ਾਕ ਨਾ ਉਡਾਓ। ਸੂਰਜ ਦੇ ਸਾਹਮਣੇ ਬੇਸ਼ੱਕ ਦੀਵੇ ਦਾ ਵਜੂਦ ਕੁਝ ਵੀ ਨਹੀਂ ਹੁੰਦਾ, ਪਰ ਹਨੇਰੇ ਵਿਚ ਤਾਂ ਉਹੀ ਦੀਵਾ ਸਰਪੰਚ ਹੁੰਦਾ ਹੈ। (Punjab Mail USA)


REALTY ONE GROUP
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com